@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Monday, 27 July 2026

Punjabi National Daily
Qaumi Patrika NO.1

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 27 ਜੁਲਾਈ 2026, 12 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 263, qpatrika@gmail.com ਫੋਨ : 9971359517 www.qaumipatrika.org

## ‘ਯੁੱਧ ਨਸ਼ਿਆਂ ਵਿਰੁੱਧ’: ਔਰਤਾਂ ਬਣੀਆਂ ਭਗਵੰਤ ਮਾਨ ਸਰਕਾਰ ਦੀ ਸਭ ਤੋਂ ਵੱਡੀ ਢਾਲ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਚੰਡੀਗੜ੍ਹ 26 ਜੁਲਾਈ। ਭਗਵੰਤ ਮਾਨ ਸਰਕਾਰ ਦੀ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਵਿੱਚ ਔਰਤਾਂ ਉਮੀਦ ਅਤੇ ਬਦਲਾਅ ਦਾ ਸਭ ਤੋਂ ਵੱਡਾ ਜ਼ਰੀਆ ਬਣ ਕੇ ਉੱਭਰ ਰਹੀਆਂ ਹਨ। ਹਾਲ ਹੀ ਵਿੱਚ ਮੋਗਾ ਵਿਖੇ ਕਰਵਾਏ ਗਏ ਜਾਗਰੂਕਤਾ ਪ੍ਰੋਗਰਾਮ ਨੇ ਪੂਰੇ ਪੰਜਾਬ ਵਿੱਚ ਗੂੰਜ ਰਹੇ ਅਹਿਮ ਸੰਦੇਸ਼ ਨੂੰ ਉਜਾਗਰ ਕੀਤਾ ਕਿ ਮਾਂਵਾਂ, ਪਤਨੀਆਂ, ਭੈਣਾਂ ਅਤੇ ਪਰਿਵਾਰ ਦੀਆਂ ਹੋਰ ਮਹਿਲਾਵਾਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਇਲਾਜ ਕਰਵਾਉਣ ਅਤੇ ਮੁੱਖ ਧਾਰਾ ਵਿੱਚ ਵਾਪਸ ਲਿਆਉਣ ਲਈ ਪ੍ਰੇਰਿਤ ਕਰਕੇ ਨਸ਼ਿਆਂ ਖ਼ਿਲਾਫ਼ ਇਸ ਲੜਾਈ ਦੀ ਅਗਵਾਈ ਕਰ ਰਹੀਆਂ ਹਨ। ਜਦੋਂ ਕੋਈ ਪਰਿਵਾਰ ਨਸ਼ੇ ਦੀ ਲਪੇਟ ਵਿੱਚ ਆ ਜਾਂਦਾ ਹੈ ਤਾਂ ਇਸ ਦਾ ਸਭ ਤੋਂ ਮਾੜਾ ਅਸਰ ਔਰਤਾਂ ਅਤੇ ਬੱਚਿਆਂ ਨੂੰ ਝੱਲਣਾ ਪੈਂਦਾ ਹੈ। ਆਰਥਿਕ ਅਤੇ ਮਾਨਸਿਕ ਤਣਾਅ ਤੋਂ ਲੈ ਕੇ ਘਰੇਲੂ ਹਿੰਸਾ ਦੇ ਵਧਦੇ ਖ਼ਤਰੇ ਤੱਕ, ਨਸ਼ਾ




ਪਰਿਵਾਰਾਂ ਨੂੰ ਅੰਦਰੋਂ ਹੀ ਤਬਾਹ ਕਰ ਦਿੰਦਾ ਹੈ। ਪਰ ਹੁਣ ਪੰਜਾਬ ਵਿੱਚ ਪਰਿਵਾਰ ਨਸ਼ੇ ਨੂੰ ਇੱਕ ਬੀਮਾਰੀ ਵਜੋਂ ਸਵੀਕਾਰ ਕਰ ਰਹੇ ਹਨ, ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਇਲਾਜ ਲਈ ਪ੍ਰੇਰਿਤ ਕਰ ਰਹੇ ਹਨ, ਉਨ੍ਹਾਂ ਦੇ ਠੀਕ ਹੋਣ ਦੀ ਪ੍ਰਕਿਰਿਆ ਵਿੱਚ ਸਾਥ ਦੇ ਰਹੇ ਹਨ ਅਤੇ ਉਨ੍ਹਾਂ ਨੂੰ ਮੁੜ ਨਸ਼ੇ ਦੀ ਗ੍ਰਿਫ਼ਤ ਵਿੱਚ ਜਾਣ ਤੋਂ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਨਸ਼ਾ ਮੁਕਤੀ ਦੀ ਇਸ ਪ੍ਰਕਿਰਿਆ ਵਿੱਚ ਔਰਤਾਂ ਦੇਖਭਾਲ ਕਰਨ ਵਾਲੀਆਂ ਅਤੇ ਮਾਰਗਦਰਸ਼ਕ ਵਜੋਂ ਸਭ ਤੋਂ ਵੱਡੀ ਤਾਕਤ ਬਣ ਕੇ ਸਾਹਮਣੇ ਆ ਰਹੀਆਂ ਹਨ। ਇੰਨਾ ਹੀ ਨਹੀਂ, ਉਹ ਆਪਣੇ ਆਲੇ-ਦੁਆਲੇ ਦੇ ਲੋਕਾਂ ਅਤੇ ਰਿਸ਼ਤੇਦਾਰਾਂ ਨੂੰ ਵੀ ਨਸ਼ਾ ਮੁਕਤੀ ਇਲਾਜ ਲਈ ਪ੍ਰੇਰਿਤ ਕਰ ਰਹੀਆਂ ਹਨ ਤਾਂ ਜੋ ਉਹ ਵੀ ਆਮ ਜ਼ਿੰਦਗੀ ਵੱਲ ਵਾਪਸ ਪਰਤ ਸਕਣ। ਇਹ ਤਜ਼ਰਬੇ ਅਤੇ ਪ੍ਰੇਰਨਾਦਾਇਕ ਕਹਾਣੀਆਂ ਐੱਸ.ਐੱਫ.ਸੀ. ਕਾਲਜ, ਜਲਾਲਾਬਾਦ ਵਿਖੇ “ਮਿਨਾਂਸ ਆਫ਼ ਸਬਸਟਾਂਸ ਐਬਿਊਜ਼ - ਅਨਕਵਰਿੰਗ ਦ ਬਰਡਨ ਆਨ ਵੁਮੈਨ ਵਿਸ਼ੇ ’ਤੇ ਆਧਾਰਿਤ ਪ੍ਰੋਗਰਾਮ ਵਿੱਚ ਵੀ ਗੂੰਜੀਆਂ। ਇਸ ਪ੍ਰੋਗਰਾਮ ਵਿੱਚ ਨਸ਼ੇ ਤੋਂ ਉੱਭਰ ਚੁੱਕੇ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਮਹਿਲਾਵਾਂ ਨੇ ਆਪਣੇ ਤਜ਼ਰਬੇ ਸਾਂਝੇ ਕੀਤੇ ਅਤੇ ਦੱਸਿਆ ਕਿ ਕਿਵੇਂ ਉਨ੍ਹਾਂ ਦੇ ਹੌਂਸਲੇ, ਸਬਰ ਅਤੇ ਦ੍ਰਿੜ੍ਹ ਇਰਾਦੇ ਨੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਨਸ਼ਿਆਂ ਦੀ ਹਨੇਰੀ ਦੁਨੀਆ ਤੋਂ ਬਾਹਰ ਕੱਢ ਕੇ ਮੁੜ ਮੁੱਖ ਧਾਰਾ ਵੱਲ ਵਾਪਸ ਲਿਆਂਦਾ। ਲੁਧਿਆਣਾ ਦੀ ਰਾਗਿਨੀ ਕੌਰ ਨੇ ਦੱਸਿਆ, “ਮੇਰੇ ਪਤੀ ਸਾਡੇ ਵਿਆਹ ਤੋਂ ਪਹਿਲਾਂ ਹੀ ਨਸ਼ੇ ਦੇ ਆਦੀ ਸਨ, ਪਰ ਮੈਨੂੰ ਇਸ ਬਾਰੇ ਉਸ ਵੇਲੇ ਪਤਾ ਲੱਗਿਆ ਜਦੋਂ ਅਸੀਂ ਇਕੱਠੇ ਰਹਿਣ ਲੱਗੇ। ਅਸੀਂ ਤਾਂ ਲਗਭਗ ਉਮੀਦ ਹੀ ਛੱਡ ਦਿੱਤੀ ਸੀ, ਉਦੋਂ ਕਿਸੇ ਨੇ ਸਾਨੂੰ ਉਨ੍ਹਾਂ ਨੂੰ ਨਸ਼ਾ ਮੁਕਤੀ ਅਤੇ ਨਸ਼ਾ ਛੁਡਾਊ ਕੇਂਦਰ ਲਿਜਾਣ ਦੀ ਸਲਾਹ ਦਿੱਤੀ। ਉੱਥੇ ਹੋਏ ਇਲਾਜ ਨੇ ਬਹੁਤ ਫ਼ਾਇਦਾ ਕੀਤਾ। ਅੱਜ ਉਹ ਪੂਰੀ ਤਰ੍ਹਾਂ ਨਸ਼ਾ-ਮੁਕਤ ਹਨ। ਮੇਰੇ ਪਤੀ ਦੇ ਨਸ਼ਾ-ਮੁਕਤ ਹੋਣ ਤੋਂ ਬਾਅਦ ਅਸੀਂ ਆਪਣੇ ਮਾਮੇ ਦੇ ਪੁੱਤਰ ਨੂੰ ਵੀ ਉਸੇ ਕੇਂਦਰ ਵਿੱਚ ਇਲਾਜ ਲਈ ਭੇਜਿਆ ਅਤੇ ਉਹ ਵੀ ਸਫ਼ਲਤਾਪੂਰਵਕ ਨਸ਼ੇ ਦੀ ਲਤ ਤੋਂ ਬਾਹਰ ਆ ਗਿਆ। ਮੋਗਾ ਦੇ ਪਿੰਡ ਬੁੱਟਰ ਕਲਾਂ ਦੀ ਬਲਵਿੰਦਰ ਕੌਰ ਨੇ ਵੀ ਆਪਣੇ ਪਤੀ ਦੇ ਨਸ਼ੇ ਤੋਂ ਬਾਹਰ ਆਉਣ ਦੀ ਕਹਾਣੀ ਸਾਂਝੀ ਕੀਤੀ। ਉਸਨੇ ਕਿਹਾ, “ਨਸ਼ੇ ਨੇ ਸਾਡੇ ਪਰਿਵਾਰ ਨੂੰ ਮਾਨਸਿਕ ਅਤੇ ਆਰਥਿਕ ਤੌਰ ’ਤੇ ਪੂਰੀ ਤਰ੍ਹਾਂ ਤੋੜ ਦਿੱਤਾ ਸੀ।

## ’AIFC ਤੋਂ ਜੰਮੂ-ਕਸ਼ਮੀਰ ਅਤੇ ਲੱਦਾਖ ’ਚ ਚੀਨ ਦਾ ਅਣਅਧਿਕਾਰਤ ਕਬਜ਼ਾ’: ਵਿਦੇਸ਼ ਮੰਤਰਾਲ

ਕੌਮੀ ਪਤ੍ਰਿਕਾ

ਨਵੀਂ ਦਿੱਲੀ 26 ਜੁਲਾਈ। ਭਾਰਤ ਨੇ ਇੱਕ ਵਾਰ ਫਿਰ ਚੀਨ ਨੂੰ ਦੋ-ਟੁੱਕ ਸੁਨੇਹਾ ਦਿੱਤਾ ਹੈ। ਵਿਦੇਸ਼ ਮੰਤਰਾਲੇ ਨੇ ਚੀਨ ’ਤੇ ਭਾਰਤ ਦੀ ਪ੍ਰਭੂਸੱਤਾ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਕਿਹਾ ਕਿ ਚੀਨ ਨੇ ਜੰਮੂ-ਕਸ਼ਮੀਰ ਅਤੇ ਲੱਦਾਖ ਵਿੱਚ ਭਾਰਤੀ ਇਲਾਕਿਆਂ ’ਤੇ ਗ਼ੈਰ-ਕਾਨੂੰਨੀ ਢੰਗ ਨਾਲ ਕਬਜ਼ਾ ਕੀਤਾ ਹੋਇਆ ਹੈ। ਮੰਤਰਾਲੇ ਦੀ ਹਫ਼ਤਾਵਾਰੀ ਪ੍ਰੈੱਸ ਬ੍ਰੀਫਿੰਗ ਦੌਰਾਨ ਜਾਇਸਵਾਲ ਨੇ ਕਿਹਾ ਕਿ ਸਰਕਾਰ ਨੂੰ ਜੰਮੂ-ਕਸ਼ਮੀਰ ਵਿੱਚ ਚੀਨ ਦੇ ਪ੍ਰੋਜੈਕਟਾਂ ’ਤੇ ਇਤਰਾਜ਼ ਹੈ। ਉਨ੍ਹਾਂ ਅੱਗੇ ਕਿਹਾ, ’ਵਿਦੇਸ਼ ਮੰਤਰੀ ਨੇ ਕਿਹਾ ਕਿ ਜਦੋਂ ਪ੍ਰਭੂਸੱਤਾ ਦੇ ਮੁੱਦਿਆਂ ਦੀ ਗੱਲ ਆਉਂਦੀ ਹੈ, ਤਾਂ ਅਸਲ ਵਿੱਚ ਭਾਰਤ ਹੀ ਉਸ ਨੂੰ ਚੁੱਕਦਾ ਹੈ। ਭਾਰਤ ਕਿਸੇ ਵੀ ਤਰ੍ਹਾਂ ਚੀਨ ਦੀ ਪ੍ਰਭੂਸੱਤਾ ਦੀ ਉਲੰਘਣਾ ਨਹੀਂ ਕਰਦਾ ਅਤੇ ਇਸ ਮਾਮਲੇ ਵਿੱਚ ਉਸ ਦਾ ਰੁੱਖ ਹਮੇਸ਼ਾ ਇੱਕੋ ਜਿਹਾ ਰਿਹਾ ਹੈ।’



ਜਾਇਸਵਾਲ ਨੇ ਕਿਹਾ, ’ਸਾਲ AIFC ਤੋਂ ਹੀ ਚੀਨ ਨੇ ਜੰਮੂ-ਕਸ਼ਮੀਰ ਅਤੇ ਲੱਦਾਖ ਵਿੱਚ ਭਾਰਤ ਦੇ ਇਲਾਕਿਆਂ ’ਤੇ ਗ਼ੈਰ-ਕਾਨੂੰਨੀ ਕਬਜ਼ਾ ਕਰ ਰੱਖਿਆ ਹੈ, ਜਦੋਂ ਕਿ ਇਹਨਾਂ ਇਲਾਕਿਆਂ ’ਤੇ ਭਾਰਤ ਦੇ ਅਧਿਕਾਰ ਨੂੰ ਖ਼ੁਦ ਚੀਨ ਵੀ ਅਧਿਕਾਰਤ ਤੌਰ ’ਤੇ ਮੰਨਦਾ ਹੈ। ਜੰਮੂ-ਕਸ਼ਮੀਰ ਵਿੱਚ ਭਾਰਤ ਦੇ ਇਲਾਕਿਆਂ ਵਿੱਚ ਚੀਨ ਦੇ ਪ੍ਰੋਜੈਕਟ ਚੱਲ ਰਹੇ ਹਨ ਅਤੇ ਅਸੀਂ ਇਸ ਦਾ ਵਿਰੋਧ ਕਰਦੇ ਹਾਂ।’ ਇਹ ਗੱਲ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਦੀ ਮਨੀਲਾ ਵਿੱਚ ਆਸੀਆਨ ਸੰਮੇਲਨ ਦੌਰਾਨ ਚੀਨੀ ਹਮਰੁਤਬਾ ਵਾਂਗ ਯੀ ਨਾਲ ਮੁਲਾਕਾਤ ਤੋਂ ਇੱਕ ਦਿਨ ਬਾਅਦ ਸਾਹਮਣੇ ਆਈ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਬਿਆਨ ਅਨੁਸਾਰ, ਵਾਂਗ ਨੇ ਕਿਹਾ ਕਿ ਕਜ਼ਾਨ ਅਤੇ ਤਿਆਨਜਿਨ ਵਿੱਚ ਚੀਨੀ ਰਾਸ਼ਟਰਪਤੀ ਸ਼ੀ ਚਿਨਫਿੰਗ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਕਾਰ ਹੋਈਆਂ ਮੁਲਾਕਾਤਾਂ ਨੇ ਚੀਨ-ਭਾਰਤ ਸਬੰਧਾਂ ਨੂੰ ਸੁਧਾਰ ਅਤੇ ਵਿਕਾਸ ਦੇ ਸਹੀ ਰਾਹ ’ਤੇ ਅੱਗੇ ਵਧਾਇਆ ਹੈ। ਵਾਂਗ ਨੇ ਕਿਹਾ, ’ਚੀਨ ਅਤੇ ਭਾਰਤ ਇੱਕ-ਦੂਜੇ ਲਈ ਪ੍ਰਤੀਯੋਗੀ ਨਹੀਂ, ਸਗੋਂ ਭਾਈਵਾਲ ਦੇਸ਼ ਹਨ; ਉਹ ਇੱਕ-ਦੂਜੇ ਲਈ ਖ਼ਤਰਾ ਨਹੀਂ, ਸਗੋਂ ਅਵਸਰ ਹਨ।’

## ‘ਆਪਰੇਸ਼ਨ ਸਿੰਦੂਰ’ ਨੇ ਭਾਰਤ ਦਾ ਸੰਕਲਪ ਦਿਖਾਇਆ, ਪਾਕਿਸਤਾਨ ਨਾਲ ਗੱਲਬਾਤ ਸਿਰ.ਫ ‘ਪੀਓਕੇ’ ’ਤੇ ਹੋਵੇਗੀ : ਰਾਜਨਾਥ ਸਿੰਘ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਦਰਾਸ 26 ਜੁਲਾਈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਐਤਵਾਰ ਨੂੰ ਕਿਹਾ ਕਿ ’ਆਪਰੇਸ਼ਨ ਸਿੰਦੂਰ’ ਨੇ ਇਹ ਦਿਖਾਇਆ ਹੈ ਕਿ ਅੱਤਵਾਦ ਰਾਹੀਂ ਭਾਰਤ ਨੂੰ ਧਮਕਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਦਾ ਕੀ ਹਾਲ ਹੋਵੇਗਾ। ਸਿੰਘ ਨੇ ਇਹ ਵੀ ਕਿਹਾ ਕਿ ਭਾਰਤ ਪਾਕਿਸਤਾਨ ਦੇ ਹਰ ਕਾਇਰਾਨਾ ਹਰਕਤ ਦਾ ਜਵਾਬ ਇਸ ਤਰੀਕੇ ਨਾਲ ਦੇਣ ਦੇ ਸਮਰੱਥ ਹੈ ਜੋ ਉਸ ਦੀ ਕਲਪਨਾ ਤੋਂ ਵੀ ਪਰੇ ਹੈ। ਸਿੰਘ ਨੇ ਕਾਰਗਿਲ ਵਿਜੇ ਦਿਵਸ ਦੀ 27ਵੀਂ ਵਰ੍ਹੇਗੰਢ ’ਤੇ ਕਾਰਗਿਲ ਯੁੱਧ ਸਮਾਰਕ ਵਿਖੇ ਇਕ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਪਾਕਿਸਤਾਨ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਉਸ ਨੇ ਅੱਤਵਾਦ ਨੂੰ ਆਪਣੀ ਸਰਕਾਰੀ ਨੀਤੀ ਦਾ ਹਿੱਸਾ ਬਣਾ ਲਿਆ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) ਤੋਂ ਇਲਾਵਾ ਕਿਸੇ ਹੋਰ ਮੁੱਦੇ ’ਤੇ ਪਾਕਿਸਤਾਨ ਨਾਲ ਕੋਈ ਗੱਲਬਾਤ ਨਹੀਂ ਹੋਵੇਗੀ, ਜੋ ਕਿ ਭਾਰਤ ਦਾ ਇਕ ਅਨਿੱਖੜਵਾਂ ਅੰਗ ਹੈ, ਜਿਸ ’ਤੇ ਪਾਕਿਸਤਾਨ ਨੇ ਗੈਰ-ਕਾਨੂੰਨੀ ਤੌਰ ’ਤੇ ਕਬਜ਼ਾ ਕਰ ਰੱਖਿਆ ਹੈ। ਰੱਖਿਆ ਮੰਤਰੀ ਨੇ 1999 ਦੇ ਕਾਰਗਿਲ ਯੁੱਧ ’ਚ ਭਾਰਤ ਦੀ ਜਿੱਤ ਨੂੰ ਭਾਰਤ ਮਾਤਾ ਦੇ ਮੁਕਟ ’ਚ ਜੜਿ ਆ ਹੀਰਾ ਦੱਸਿਆ। ਉਨ੍ਹਾਂ ਨੇ 22



ਅਪ੍ਰੈਲ 2025 ਨੂੰ ਪਹਿਲਗਾਮ ਅੱਤਵਾਦੀ ਹਮਲੇ ਦੇ ਜਵਾਬ ’ਚ ਮਈ 2025 ’ਚ ਸ਼ੁਰੂ ਕੀਤੇ ਗਏ ਆਪਰੇਸ਼ਨ ਸਿੰਦੂਰ ਦਾ ਜ਼ਿਕਰ ਦਿੱਤਾ। ਉਨ੍ਹਾਂ ਕਿਹਾ ਕਿ ’ਆਪਰੇਸ਼ਨ ਸਿੰਦੂਰ’ ਦੇ ਤਹਿਤ, ਭਾਰਤੀ ਹਥਿਆਰਬੰਦ ਬਲਾਂ ਨੇ ਅੱਤਵਾਦ ਦੇ ਮਾਸਟਰਮਾਈਂਡਾਂ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਸਖ਼ਤ ਝਟਕਾ ਦਿੱਤਾ। ਸਿੰਘ ਨੇ ਕਿਹਾ,ਆਪਰੇਸ਼ਨ ਸਿੰਦੂਰ ਨੇ ਦਿਖਾਇਆ ਹੈ ਕਿ ਅੱਤਵਾਦ ਰਾਹੀਂ ਭਾਰਤ ਨੂੰ ਧਮਕਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਨਾਲ ਕੀ ਹੋਵੇਗਾ। ਉਨ੍ਹਾਂ ਕਿਹਾ ਕਿ ਭਾਰਤ ਅਤੇ ਉਸ ਦੀਆਂ ਹਥਿਆਰਬੰਦ ਸੈਨਾਵਾਂ ਪਾਕਿਸਤਾਨ ਦੀ ਹਰ ਕਾਇਰਾਨਾ ਹਰਕਤ ਦਾ ਅਜਿਹੇ ਤਰੀਕੇ ਨਾਲ ਦੇਣ ’ਚ ਸਮਰੱਥ ਹੈ, ਜੋ ਉਸ ਦੀ ਕਲਪਨਾ ਤੋਂ ਵੀ ਪਰੇ ਹੈ। ਉਨ੍ਹਾਂ ਕਿਹਾ,ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਵਿਰੁੱਧ ਕੀਤੀ ਗਈ ਕੋਈ ਵੀ ਮੰਦਭਾਗੀ ਕਾਰਵਾਈ ਦਾ ਵੀ ਇਹੀ ਹਾਲ ਹੋਵੇਗਾ। ਰੱਖਿਆ ਮੰਤਰੀ ਨੇ ਕਿਹਾ ਕਿ ਜਦੋਂ ਭਾਰਤ ਜਹਾਜ਼ਾਂ ਨੂੰ ਡਿਜ਼ਾਈਨ ਕਰਨ ’ਚ ਰੁੱਝਿਆ ਹੋਇਆ ਹੈ, ਤਾਂ ਪਾਕਿਸਤਾਨ ਅੱਤਵਾਦ ਨੂੰ ਤਿਆਰ ਕਰਨ ’ਚ ਰੁੱਝਿਆ ਹੋਇਆ ਹੈ। ਉਨ੍ਹਾਂ ਕਿਹਾ, ਜਦੋਂ ਅਸੀਂ ਨਵੀਨਤਾ ਦੇ ਨਵੇਂ ਰਸਤੇ ਲੱਭ ਰਹੇ ਹਾਂ, ਤਾਂ ਪਾਕਿਸਤਾਨ ਘੁਸਪੈਠ ਦੇ ਨਵੇਂ ਤਰੀਕੇ ਲੱਭਣ ’ਚ ਰੁੱਝਿਆ ਹੋਇਆ ਹੈ। ਕਾਰਗਿਲ ਵਿਜੇ ਦਿਵਸ ਭਾਰਤ ਦੇ ’ਆਪਰੇਸ਼ਨ ਵਿਜੇ’ ਦੀ ਸਫਲਤਾ ਦੀ ਯਾਦ ’ਚ ਮਨਾਇਆ ਜਾਂਦਾ ਹੈ। ਇਹ ਪਾਕਿਸਤਾਨੀ ਘੁਸਪੈਠ ਤੋਂ ਬਾਅਦ ਕਾਰਗਿਲ ਦੀਆਂ ਰਣਨੀਤਕ ਉਚਾਈਆਂ ’ਤੇ ਮੁੜ ਕਬਜ਼ਾ ਕਰਨ ਲਈ ਸ਼ੁਰੂ ਕੀਤਾ ਗਿਆ ਫੌਜੀ ਆਪਰੇਸ਼ਨ ਸੀ ਅਤੇ ਜਿਸ ਦਾ ਸਫ਼ਲ ਸਮਾਪਨ 1999 ’ਚ ਅੱਜ ਦੇ ਦਿਨ ਹੋਇਆ ਸੀ।

### ਦਿੱਲੀ ’ਚ ਮੁੜ ਲਾਗੂ ਹੋਇਆ NSA, ਪੁਲਸ ਨੂੰ ਮਿਲਿਆ ਹਿਰਾਸਤ ਦਾ ਅਧਿਕਾਰ

ਨਵੀਂ ਦਿੱਲੀ 26 ਜੁਲਾਈ। ਉੱਪ ਰਾਜਪਾਲ ਨੇ ਦਿੱਲੀ ਪੁਲਸ ਨੂੰ ਰਾਸ਼ਟਰੀ ਸੁਰੱਖਿਆ ਕਾਨੂੰਨ ਦੇ ਅਧੀਨ ਲੋਕਾਂ ਨੂੰ ਚੌਕਸੀ ਵਜੋਂ ਹਿਰਾਸਤ ’ਚ ਲੈਣ ਦੀਆਂ ਸ਼ਕਤੀਆਂ 18 ਅਕਤੂਬਰ ਤੱਕ ਵਧਾ ਦਿੱਤੀਆਂ ਹਨ। ਇਹ ਅਧਿਕਾਰ 19 ਜੁਲਾਈ ਤੋਂ 18 ਅਕਤੂਬਰ 2026 ਤੱਕ ਰਹੇਗਾ। ਕੁਝ ਰਿਪੋਰਟਾਂ ’ਚ ਦਾਅਵਾ ਕੀਤਾ ਗਿਆ ਹੈ ਕਿ ਇਹ ਫੈਸਲਾ ਜੰਤਰ-ਮੰਤਰ ’ਤੇ ਚੱਲ ਰਹੇ ਕਾਕਰੋਚ ਜਨਤਾ ਪਾਰਟੀ (ਸੀਜੇਪੀ) ਅੰਦੋਲਨ ਨੂੰ ਦੇਖਦੇ ਹੋਏ ਲਿਆ ਗਿਆ ਹੈ। ਹਾਲਾਂਕਿ ਦਿੱਲੀ ਪੁਲਸ ਨੇ ਦਾਅਵੇ ਨੂੰ ਗਲਤ ਦੱਸਿਆ ਹੈ। ਪੁਲਸ ਦਾ ਕਹਿਣਾ ਹੈ ਕਿ ਹਰ ਤਿੰਨ ਮਹੀਨਿਆਂ ’ਚ ਹੋਣ ਵਾਲੀ ਆਮ ਪ੍ਰਸ਼ਾਸਨਿਕ ਪ੍ਰਕਿਰਿਆ ਹੈ। ਮੌਜੂਦਾ ਆਦੇਸ਼ ਵੀ 7 ਜੁਲਾਈ 2026 ਨੂੰ ਹੀ ਜਾਰੀ ਕਰ ਦਿੱਤਾ ਗਿਆ ਸੀ, ਯਾਨੀ ਸੀਜੇਪੀ ਅੰਦੋਲਨ ਦੇ ਤੇਜ਼ ਹੋਣ ਤੋਂ ਪਹਿਲਾਂ ਹੀ। ਇਸ ਲਈ ਦਾ ਮੌਜੂਦਾ ਪ੍ਰਦਰਸ਼ਨ ਨਾਲ ਕੋਈ ਸਿੱਧਾ ਸੰਬੰਧ ਨਹੀਂ ਹੈ। ਰਾਸ਼ਟਰੀ ਸੁਰੱਖਿਆ ਕਾਨੂੰਨ, 1980 ਦੇ ਅਧੀਨ ਕਿਸੇ ਵਿਅਕਤੀ ਨੂੰ ਦੇਸ਼ ਦੀ ਸੁਰੱਖਿਆ, ਕਾਨੂੰਨ ਵਿਵਸਥਾ ਜਾਂ ਜਨਤਕ ਸ਼ਾਂਤੀ ਲਈ ਖਤਰਾ ਮੰਨਣ ’ਤੇ ਚੌਕਸੀ ਵਜੋਂ ਹਿਰਾਸਤ ’ਚ ਲਿਆ ਜਾ ਸਕਦਾ ਹੈ।

## ਵੋਟਰ ਸੂਚੀ ’ਚੋਂ ਨਹੀਂ ਕਟਾਉਣਾ ਚਾਹੁੰਦੇ ਨਾਂ ਤਾਂ ਤੁਰੰਤ ਜਮਹਾਂ ਕਰਵਾਓ ਫਾਰਮ

ਹਰਿਆਣਾ ਡੈਸਕ 26 ਜੁਲਾਈ। ਹਰਿਆਣਾ ਵਿੱਚ ਵੋਟਰ ਸੂਚੀਆਂ ਦੇ ਵਿਸ਼ੇਸ਼ ਤੀਬਰ ਸੋਧ ਦੇ ਤਹਿਤ, ਗਿਣਤੀ ਫਾਰਮ ਅੱਜ ਸ਼ਾਮ (26 ਜੁਲਾਈ) ਤੱਕ 2*® ਨੂੰ ਜਾਂ ਆਨਲਾਈਨ ਜਮ?ਹਾ ਕਰਨਾ ਲਾਜ਼ਮੀ ਹੈ। ਜੇਕਰ ਫਾਰਮ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਜਮ?ਹਾ ਨਹੀਂ ਕਰਵਾਇਆ ਜਾਂਦਾ ਹੈ, ਤਾਂ ਸਬੰਧਤ ਵੋਟਰ ਦਾ ਨਾਮ 31 ਜੁਲਾਈ ਨੂੰ ਪ੍ਰਕਾਸ਼ਿਤ ਹੋਣ ਵਾਲੀ ਡਰਾਫਟ ਵੋਟਰ ਸੂਚੀ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ, ਜਿਸ ਨਾਲ ਉਸਦੇ ਵੋਟਿੰਗ ਅਧਿਕਾਰ ਵੀ ਪ੍ਰਭਾਵਿਤ ਹੋ ਸਕਦੇ ਹਨ। ਦੱਸ ਦੇਈਏ ਕਿ ਤਸਦੀਕ ਪ੍ਰਕਿਰਿਆ ਦੌਰਾਨ, ਉਨ੍ਹਾਂ ਵੋਟਰਾਂ ਦੀ ਪਛਾਣ ਕੀਤੀ ਗਈ ਜੋ ਆਪਣੇ ਰਜਿਸਟਰਡ ਪਤੇ ’ਤੇ ਨਹੀਂ ਮਿਲੇ, ਕਿਸੇ ਹੋਰ ਸਥਾਨ ’ਤੇ ਚਲੇ ਗਏ ਸਨ, ਮਰ ਗਏ ਸਨ, ਜਾਂ ਜਿਨ੍ਹਾਂ ਦੇ ਨਾਮ ਇੱਕ ਤੋਂ ਵੱਧ ਸਥਾਨਾਂ ’ਤੇ ਰਜਿਸਟਰਡ ਪਾਏ ਗਏ ਸਨ। ਚੋਣ ਕਮਿਸ਼ਨ ਵੱਲੋਂ ਨਿਰਧਾਰਤ ਸ਼ਡਿਊਲ ਅਨੁਸਾਰ, 26 ਜੁਲਾਈ, ਯਾਨੀ ਅੱਜ ਤੱਕ, ਬੂਥ ਲੈਵਲ ਅਫ਼ਸਰ (ਬੀਐਲਓ) ਘਰ-ਘਰ ਜਾ ਕੇ ਗਿਣਤੀ ਫਾਰਮ ਇਕੱਠੇ ਕਰਨਗੇ। ਡਰਾਫਟ ਵੋਟਰ ਸੂਚੀ 31 ਜੁਲਾਈ ਨੂੰ ਪ੍ਰਕਾਸ਼ਿਤ ਕੀਤੀ ਜਾਵੇਗੀ। ਡਰਾਫਟ ਸੂਚੀ ਜਾਰੀ ਹੋਣ ਤੋਂ ਬਾਅਦ, 30 ਅਗਸਤ ਤੱਕ ਦਾਅਵੇ ਅਤੇ ਇਤਰਾਜ਼ ਸਵੀਕਾਰ ਕੀਤੇ ਜਾਣਗੇ। ਇਨ੍ਹਾਂ ਦਾ ਨਿਪਟਾਰਾ 28 ਸਤੰਬਰ ਤੱਕ ਕੀਤਾ ਜਾਵੇਗਾ ਅਤੇ ਸਾਰੇ ਦਾਅਵਿਆਂ ਅਤੇ ਇਤਰਾਜ਼ਾਂ ਦੇ ਨਿਪਟਾਰੇ ਤੋਂ ਬਾਅਦ, ਅੰਤਿਮ ਵੋਟਰ ਸੂਚੀ 3 ਅਕਤੂਬਰ ਨੂੰ ਪ੍ਰਕਾਸ਼ਿਤ ਕੀਤੀ ਜਾਵੇਗੀ।

## ਪੇਪਰ ਲੀਕ ’ਤੇ ਸੋਧ ਬਿੱਲ ਨੂੰ ਕੈਬਨਿਟ ਦੀ ਮਨਜ਼ੂਰੀ, ਸੰਸਦ ’ਚ ਹੋਵੇਗਾ ਪੇਸ਼

ਨਵੀਂ ਦਿੱਲੀ 26 ਜੁਲਾਈ। ਕੇਂਦਰੀ ਕੈਬਨਿਟ ਨੇ ਪੇਪਰ ਲੀਕ ਦੇ ਮਾਮਲਿਆਂ ’ਚ ਸਖ਼ਤ ਸਜ਼ਾ ਦਾ ਪ੍ਰਬੰਧ ਯਕੀਨੀ ਕਰਨ ਲਈ ਇਕ ਬਿੱਲ ਦੇ ਮਸੌਦੇ ਨੂੰ ਮਨਜ਼ੂਰੀ ਦੇ ਦਿੱਤੀ। ਅਧਿਕਾਰਤ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਪ੍ਰਧਾਨ ਮੰਤਰੀ ਮੋਦੀ ਨੇ ਵੀਰਵਾਰ ਨੂੰ ਐਲਾਨ ਕੀਤਾ ਸੀ ਕਿ ਅਗਲੇ ਹਫ਼ਤੇ ਸੰਸਦ ’ਚ ਇਕ ਬਿੱਲ ਪੇਸ਼ ਕੀਤਾ ਜਾਵੇਗਾ, ਜਿਸ ’ਚ ਪੇਪਰ ਲੀਕ ਖ਼?ਲਾਫ਼ ਸਖ਼ਤ ਪ੍ਰਬੰਧ ਹੋਣਗੇ। ਇਸ ਐਲਾਨ ਦੇ ਕੁਝ ਘੰਟਿਆਂ ਮਗਰੋਂ ਕੈਬਨਿਟ ਨੇ ਮਸੌਦੇ ਨੂੰ ਮਨਜ਼ੂਰੀ ਦਿੱਤੀ। ਸੂਤਰਾਂ ਨੇ ਦੱਸਿਆ ਕਿ ਸੰਸਦ ਭਵਨ ਕੰਪਲੈਕਸ ’ਚ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ’ਚ ਕੇਂਦਰੀ ਕੈਬਨਿਟ ਦੀ ਬੈਠਕ ’ਚ ਪੇਪਰ ਲੀਕ ਦੇ ਮਾਮਲਿਆਂ ’ਚ ਸ਼ਾਮਲ ਲੋਕਾਂ ਨੂੰ ਮੌਜੂਦਾ ਕਾਨੂੰਨਾਂ ਦੀ ਤੁਲਨਾ ’ਚ ਵਧੇਰੇ ਸਖ਼ਤ ਸਜ਼ਾ ਦੇਣ ਦਾ ਪ੍ਰਬੰਧ ਕਰਨ ਲਈ ਇਕ ਬਿੱਲ ਦੇ ਮਸੌਦੇ ਨੂੰ ਮਨਜ਼ੂਰੀ ਦਿੱਤੀ ਗਈ। ਦੱਸਿਆ ਜਾ ਰਿਹਾ ਹੈ ਕਿ ਪੇਪਰ ਲੀਕ ਮਾਮਲਿਆਂ ’ਚ 10 ਸਾਲ ਤੱਕ ਦੀ ਜੇਲ ਅਤੇ 10 ਕਰੋੜ ਰੁਪਏ ਤੱਕ ਦੇ ਜੁਰਮਾਨੇ ਦਾ ਉਪਬੰਧ ਕੀਤਾ ਜਾ ਸਕਦਾ ਹੈ। ਪ੍ਰਧਾਨ ਮੰਤਰੀ ਨੇ ਵੀਰਵਾਰ ਅੱਧੀ ਰਾਤ ਨੂੰ ਇਕ ਵੀਡੀਓ ਸੰਦੇਸ਼ ’ਚ ਕਿਹਾ ਸੀ,”ਸੋਮਵਾਰ ਨੂੰ ਜਦੋਂ ਸੰਸਦ ਦੇ ਮਾਨਸੂਨ ਸੈਸ਼ਨ ਦਾ ਦੂਜਾ ਹਫ਼ਤਾ ਸ਼ੁਰੂ ਹੋਵੇਗਾ ਤਾਂ ਪੇਪਰ ਲੀਕ ਦੇ ਮਾਮਲਿਆਂ ’ਚ ਸਖ਼ਤ ਕਾਰਵਾਈ ਦੇ ਪ੍ਰਬੰਧਾਂ ਵਾਲਾ ਇਕ ਬਿੱਲ ਲਿਆਂਦਾ ਜਾਵੇਗਾ ਅਤੇ ਅਸੀਂ ਉਸ ਨੂੰ ਜਲਦ ਤੋਂ ਜਲਦ ਪਾਸ ਕਰਵਾਉਣ ਦੀ ਕੋਸ਼ਿਸ਼ ਕਰਾਂਗੇ।” ਇਹ ਐਲਾਨ ਅਜਿਹੇ ਸਮੇਂ ਕੀਤਾ ਗਿਆ, ਜਦੋਂ ਕਾਕਰੋਚ ਜਨਤਾ ਪਾਰਟੀ (ਸੀਜੇਪੀ) ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ, ਪ੍ਰੀਖਿਆ ’ਚ ਹੋਈਆਂ ਬੇਨਿਯਮੀਆਂ ਲਈ ਜਵਾਬਦੇਹੀ ਤੈਅ ਕਰਨ, ਸਿੱਖਿਆ ਪ੍ਰਣਾਲੀ ’ਚ ਸੁਧਾਰ ਅਤੇ ਮਈ ’ਚ ਨੀਟ-ਯੂਜੀ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਲੀਕ ਹੋਣ ਤੋਂ ਬਾਅਦ ਖ਼ੁਦਕੁਸ਼ੀ ਕਰਨ ਵਾਲੇ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ ਇਕ ਕਰੋੜ ਰੁਪਏ ਦਾ ਮੁਆਵਜ਼ਾ ਦੇਣ ਦੀ ਮੰਗ ਨੂੰ ਲੈ ਕੇ ਜੰਤਰ-ਮੰਤਰ ’ਤੇ ਪ੍ਰਦਰਸ਼ਨ ਕਰ ਰਹੀ ਹੈ।

## ਭਾਰਤ-ਜਾਪਾਨ ਵਿਚਾਲੇ ਰੱਖਿਆ ਸਹਿਯੋਗ ਦੇ ਨਵੇਂ ਯੁੱਗ ਦੀ ਸ਼ੁਰੂਆਤ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 26 ਜੁਲਾਈ। ਭਾਰਤ ਤੇ ਜਾਪਾਨ ਦੀ ਰੱਖਿਆ ਸਾਂਝੇਦਾਰੀ ਹੁਣ ਇੱਕ ਨਵੇਂ ਪੜਾਅ ਵਿੱਚ ਪ੍ਰਵੇਸ਼ ਕਰ ਰਹੀ ਹੈ। ਪਿਛਲੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਚੱਲ ਰਹੇ ਨਿਯਮਤ ਜਲ ਸੈਨਾ ਅਭਿਆਸਾਂ, ਰੱਖਿਆ ਵਾਰਤਾਲਾਪਾਂ ਅਤੇ ਲੌਜਿਸਟਿਕਸ ਸਮਝੌਤਿਆਂ ਤੋਂ ਅੱਗੇ ਵਧਦੇ ਹੋਏ, ਦੋਵੇਂ ਦੇਸ਼ ਹੁਣ ਰੱਖਿਆ-ਉਦਯੋਗਿਕ ਖੇਤਰ ਵਿੱਚ ਆਪਣੇ ਸਹਿਯੋਗ ਨੂੰ ਮਜ਼ਬੂਤ ਕਰ ਰਹੇ ਹਨ। ਇਸ ਰਣਨੀਤਕ ਤਬਦੀਲੀ ਦਾ ਮੁੱਖ ਕਾਰਨ ਇੰਡੋ-ਪੈਸੀਫਿਕ ਖੇਤਰ ਵਿੱਚ ਤੇਜ਼ੀ ਨਾਲ ਬਦਲ ਰਿਹਾ ਸੁਰੱਖਿਆ ਮਾਹੌਲ ਹੈ। ਖੇਤਰ ਵਿੱਚ ਚੀਨ ਦੇ ਵਧਦੇ ਦਬਦਬੇ ਅਤੇ ਹਿੰਦ ਮਹਾਸਾਗਰ ਵਿੱਚ ਉਸਦੀ ਵਧਦੀ ਮੌਜੂਦਗੀ ਨੇ ਭਾਰਤ ਅਤੇ ਜਾਪਾਨ ਵਰਗੇ ਸਮਾਨ ਸੋਚ ਵਾਲੇ ਦੇਸ਼ਾਂ ਨੂੰ ਰੱਖਿਆ-ਉਦਯੋਗਿਕ ਸਮਰੱਥਾ ਵਧਾਉਣ ਲਈ ਪ੍ਰੇਰਿਤ ਕੀਤਾ ਹੈ। ਦੋਵਾਂ ਦੇਸ਼ਾਂ ਦਾ ਸਾਂਝਾ ਉਦੇਸ਼ ਇੱਕ ’ਮੁਕਤ ਅਤੇ ਖੁੱਲ੍ਹੇ ਇੰਡੋ-ਪੈਸੀਫਿਕ’ ਨੂੰ ਯਕੀਨੀ ਬਣਾਉਣਾ ਹੈ। ਇਸ ਦਿਸ਼ਾ ਵਿੱਚ ਇੱਕ ਵੱਡਾ ਕਦਮ ਨਵੰਬਰ 2024 ਵਿੱਚ ਹੋਇਆ UNI-



CORN ਮਾਸਟ ਤਕਨਾਲੋਜੀ ਦਾ ਸਮਝੌਤਾ ਹੈ। ਜਾਪਾਨ ਵੱਲੋਂ ਭਾਰਤੀ ਜਲ ਸੈਨਾ ਨੂੰ ਦਿੱਤੀ ਜਾਣ ਵਾਲੀ ਇਹ ਉੱਨਤ ਤਕਨਾਲੋਜੀ ਇੱਕ ਮੀਲ ਪੱਥਰ ਮੰਨੀ ਜਾ ਰਹੀ ਹੈ। ”©9CORN ਸਿਸਟਮ ਕਈ ਤਰ੍ਹਾਂ ਦੇ ਸੰਚਾਰ, ਰਡਾਰ ਅਤੇ ਇਲੈਕਟ?ਰਾਨਿਕ ਯੁੱਧ ਪ੍ਰਣਾਲੀਆਂ ਨੂੰ ਇੱਕੋ ਮਾਸਟ ਵਿੱਚ ਜੋੜਦਾ ਹੈ, ਜਿਸ ਨਾਲ ਜੰਗੀ ਜਹਾਜ਼ਾਂ ਦੀ ਕਾਰਜਕੁਸ਼ਲਤਾ ਵਧਦੀ ਹੈ ਅਤੇ ਉਹਨਾਂ ਨੂੰ ਦੁਸ਼ਮਣ ਦੇ ਰਡਾਰ ਤੋਂ ਬਚਣ ਵਿੱਚ ਮਦਦ ਮਿਲਦੀ ਹੈ। ਸੂਤਰਾਂ ਅਨੁਸਾਰ, ਭਾਰਤ ਅਤੇ ਜਾਪਾਨ ਦੇ ਰੱਖਿਆ ਸਬੰਧਾਂ ਦਾ ਭਵਿੱਖ ਹੁਣ ਸ਼ਿਪਯਾਰਡਾਂ ਵਿੱਚ ਵੀ ਨਜ਼ਰ ਆ ਰਿਹਾ ਹੈ। ਜਾਪਾਨ ਵੱਲੋਂ ਆਪਣੀ ਹਥਿਆਰ ਨਿਰਯਾਤ ਨੀਤੀ ਵਿੱਚ ਦਿੱਤੀ ਗਈ ਢਿੱਲ ਤੋਂ ਬਾਅਦ, ਹੁਣ ’ਮੋਗਾਮੀ-ਕਲਾਸ’ ਫ?ਰੀਗੇਟਸ ਦੇ ਸਾਂਝੇ ਵਿਕਾਸ ਬਾਰੇ ਚਰਚਾ ਚੱਲ ਰਹੀ ਹੈ। ਇਹ ਸਹਿਯੋਗ ਨਾ ਸਿਰਫ਼ ਤਕਨੀਕੀ ਤੌਰ ’ਤੇ ਅਹਿਮ ਹੈ, ਸਗੋਂ ਇਹ ਦੋਵਾਂ ਦੇਸ਼ਾਂ ਵਿਚਾਲੇ ਵਧਦੇ ਬੇਮਿਸਾਲ ਰਣਨੀਤਕ ਭਰੋਸੇ ਦਾ ਵੀ ਪ੍ਰਤੀਕ ਹੈ।

## ਘੱਟ ਨਹੀਂ ਹੋ ਰਹੀਆਂ ਅਭਿਸ਼ੇਕ ਬੈਨਰਜੀ ਦੀਆਂ ਮੁਸ਼ਕਲਾਂ, ਭਾਜਪਾ ਨੂੰ ਧਮਕੀ ਦੇਣ ਦੇ ਮਾਮਲੇ ’ਚ ਇੱਕ ਹੋਰ ਐੱਫ.ਆਈ.ਆਰ. ਦਰਜ



ਕੋਲਕਾਤਾ 26 ਜੁਲਾਈ। ਬੰਗਾਲ ਵਿੱਚ ਤ੍ਰਿਣਮੂਲ ਕਾਂਗਰਸ ਦੀ ਕਰਾਰੀ ਹਾਰ ਤੋਂ ਬਾਅਦ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਅਤੇ ਸੰਸਦ ਮੈਂਬਰ ਅਭਿਸ਼ੇਕ ਬੈਨਰਜੀ ਕਾਨੂੰਨੀ ਮੁਸ਼ਕਲਾਂ ਵਿੱਚ ਘਿਰੇ ਹੋਏ ਹਨ। ਉਹ ਈਡੀ (54) ਦੇ ਨਾਲ-ਨਾਲ ਸੀਆਈਡੀ ਅਤੇ ਪੁਲਿਸ ਜਾਂਚ ਦਾ ਸਾਹਮਣਾ ਕਰ ਰਹੇ ਹਨ। 4 ਮਈ ਨੂੰ ਨਤੀਜੇ ਆਉਣ ਤੋਂ ਬਾਅਦ ਅਭਿਸ਼ੇਕ ਬੈਨਰਜੀ ਖ਼?ਲਾਫ਼ ਹੁਣ ਤੱਕ 8 ਐੱਫ.ਆਈ.ਆਰ. ਦਰਜ ਹੋਣ ਦੀ ਗੱਲ ਕਹੀ ਜਾ ਰਹੀ ਹੈ। ਹੁਣ ਭਾਜਪਾ ਨੂੰ ਧਮਕੀ ਦੇਣ ਅਤੇ 2031 ਵਿੱਚ ਦੇਖ ਲੈਣ ਦੀ ਚੁਣੌਤੀ ’ਤੇ ਉਨ੍ਹਾਂ ਖ਼?ਲਾਫ਼ ਇੱਕ ਹੋਰ ਐੱਫ.ਆਈ.ਆਰ. ਦਰਜ ਕੀਤੀ ਗਈ ਹੈ। ਅਭਿਸ਼ੇਕ ਬੈਨਰਜੀ ਨੇ ਹਾਲ ਹੀ ਵਿੱਚ ਕਲਕੱਤਾ ਹਾਈ ਕੋਰਟ ਤੋਂ ਸਾਰੀਆਂ ਐੱਫ.ਆਈ.ਆਰਜ਼ ਵਿੱਚ ਰਾਹਤ ਦੇਣ ਦੀ ਮੰਗ ਕੀਤੀ ਸੀ, ਜਿਸ ਤੋਂ ਅਦਾਲਤ ਨੇ ਇਨਕਾਰ ਕਰ ਦਿੱਤਾ ਸੀ। ਅਭਿਸ਼ੇਕ ਬੈਨਰਜੀ ’ਤੇ ਦੋਸ਼ ਹੈ ਕਿ ਉਨ੍ਹਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਬੰਗਾਲੀ ਭਾਸ਼ਾ ਵਿੱਚ 2031 ਵਿੱਚ ਭਾਜਪਾ ਤੋਂ ਬਦਲਾ ਲੈਣ ਅਤੇ ਉਨ੍ਹਾਂ ਨੂੰ ਪੂਰੇ ਵਿਆਜ ਸਮੇਤ ਜਵਾਬ ਦੇਣ ਦੀ ਧਮਕੀ ਦਿੱਤੀ। ਉਨ੍ਹਾਂ ਇਹ ਵੀ ਕਿਹਾ ਕਿ ਭਵਿੱਖ ਵਿੱਚ ਜਦੋਂ ਸਰਕਾਰ ਬਦਲੇਗੀ, ਤਾਂ ਭਾਜਪਾ ਦਾ ਕੋਈ ਵੀ ਪਾਰਟੀ ਦਫ਼ਤਰ ਨਹੀਂ ਬਚੇਗਾ। ਮਮਤਾ ਬੈਨਰਜੀ ਦੀ ਅਗਵਾਈ ਵਾਲੀ ਤ੍ਰਿਣਮੂਲ ਦੇ ਰਾਸ਼ਟਰੀ ਜਨਰਲ ਸਕੱਤਰ ਅਭਿਸ਼ੇਕ ਬੈਨਰਜੀ ਦੇ ਬਿਆਨ ਤੋਂ ਬਾਅਦ ਉਨ੍ਹਾਂ ਖ਼?ਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਅਭਿਸ਼ੇਕ ਬੈਨਰਜੀ ਡਾਇਮੰਡ ਹਾਰਬਰ ਤੋਂ ਸੰਸਦ ਮੈਂਬਰ ਹਨ ਅਤੇ ਕਾਨੂੰਨੀ ਮੁਸ਼ਕਲਾਂ ਵਿੱਚ ਫਸੇ ਹੋਏ ਹਨ। ਅਭਿਸ਼ੇਕ ਬੈਨਰਜੀ ਖ਼?ਲਾਫ਼ ਜੋ ਪਹਿਲਾਂ ਅੱਠ ਐੱਫ.ਆਈ.ਆਰ. ਹੋਈਆਂ ਹਨ, ਉਹ ਚੋਣ ਪ੍ਰਚਾਰ ਦੌਰਾਨ ਧਮਕੀਆਂ ਦੇਣ ਤੋਂ ਲੈ ਕੇ ਵਿਧਾਇਕਾਂ ਦੇ ਫ਼ਰਜ਼ੀ ਦਸਤਖ਼ਤਾਂ ਸਮੇਤ ਕਈ ਹੋਰ ਮਾਮਲਿਆਂ ਵਿੱਚ ਕੋਲਕਾਤਾ ਅਤੇ ਆਸ-ਪਾਸ ਦੇ ਜ਼ਿਲ੍ਹਿਆਂ ਵਿੱਚ ਦਰਜ ਕੀਤੀਆਂ ਗਈਆਂ ਹਨ।

## ਪੰਜਾਬ ਕਾਂਗਰਸ ਦੀ ਨਵੀਂ ਟੀਮ ’ਚ ਥਾਂ ਨਾ ਮਿਲਣ ’ਤੇ ਮਨੀਸ਼ ਤਿਵਾੜੀ ਦਾ ਵੱਡਾ ਬਿਆਨ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਚੰਡੀਗੜ੍ਹ 26 ਜੁਲਾਈ। ਪੰਜਾਬ ਕਾਂਗਰਸ ਦੀ ਨਵੀਂ 21 ਮੈਂਬਰੀ ਟੀਮ ’ਚ ਸ਼ਾਮਲ ਨਾ ਕੀਤੇ ਜਾਣ ਤੋਂ ਬਾਅਦ ਚੰਡੀਗੜ੍ਹ ਤੋਂ ਕਾਂਗਰਸ ਦੇ ਸੰਸਦ ਮੈਂਬਰ ਅਤੇ ਸੀਨੀਅਰ ਆਗੂ ਮਨੀਸ਼ ਤਿਵਾੜੀ ਨੇ ਆਪਣੀ ਨਾਰਾਜ਼ਗੀ ਜ਼ਾਹਿਰ ਕੀਤੀ ਹੈ। ਇੱਕ ਪੌਡਕਾਸਟ ਦੌਰਾਨ ਗੱਲਬਾਤ ਕਰਦੇ ਹੋਏ ਤਿਵਾੜੀ ਨੇ ਕਿਹਾ ਕਿ ਉਨ੍ਹਾਂ ਨੂੰ ਨਜ਼ਰ-ਅੰਦਾਜ਼ ਕੀਤਾ ਗਿਆ ਹੈ, ਪਰ ਇਸ ਨਾਲ ਉਨ੍ਹਾਂ ਦਾ ਨਹੀਂ, ਸਗੋਂ ਕਾਂਗਰਸ ਪਾਰਟੀ ਦਾ ਨੁਕਸਾਨ ਹੋਇਆ ਹੈ। ਮਨੀਸ਼ ਤਿਵਾੜੀ ਨੇ ਕਿਹਾ ਕਿ ਪੰਜਾਬ ਬਾਰੇ ਉਨ੍ਹਾਂ ਦੇ ਲੰਬੇ ਤਜਰਬੇ ਅਤੇ ਸਮਝ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਪੰਜਾਬ ਲਈ ਕੁਰਬਾਨੀਆਂ ਦੇ ਚੁੱਕਾ ਹੈ ਅਤੇ ਪੰਜਾਬ ਤੇ ਪੰਜਾਬੀਅਤ ਨਾਲ ਉਨ੍ਹਾਂ ਦਾ ਡੂੰਘਾ ਨਾਤਾ ਹੈ। ਉਨ੍ਹਾਂ ਕਿਹਾ ਕਿ ਉਹ ਦੋ ਵਾਰ ਪੰਜਾਬ ਤੋਂ ਲੋਕ ਸਭਾ ਮੈਂਬਰ ਰਹਿ ਚੁੱਕੇ ਹਨ। ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਅਤੇ ਫਿਰ ਲੁਧਿਆਣਾ ਲੋਕ ਸਭਾ ਹਲਕੇ ਦੀ ਨੁਮਾਇੰਦਗੀ ਕਰ ਚੁੱਕੇ ਹਨ। ਇਸ ਤੋਂ ਇਲਾਵਾ ਉਹ ਪੰਜਾਬ ਦੀ ਨੁਮਾਇੰਦਗੀ ਕਰਦਿਆਂ ਕੇਂਦਰੀ ਮੰਤਰੀ ਵੀ ਰਹੇ ਹਨ। ਉਨ੍ਹਾਂ



ਕਿਹਾ ਕਿ ਲੁਧਿਆਣਾ ਵਰਗੇ ਉਦਯੋਗਿਕ ਸ਼ਹਿਰ ਅਤੇ ਖਾਲਸੇ ਦੀ ਧਰਤੀ ਸ੍ਰੀ ਅਨੰਦਪੁਰ ਸਾਹਿਬ ਦੀ ਨੁਮਾਇੰਦਗੀ ਕਰਨ ਦਾ ਤਜੁਰਬਾ ਉਨ੍ਹਾਂ ਕੋਲ ਹੈ, ਜਿਸ ਨੂੰ ਪਾਰਟੀ ਨੂੰ ਵਰਤਣਾ ਚਾਹੀਦਾ ਸੀ। ਤਿਵਾੜੀ ਦੇ ਇਸ ਬਿਆਨ ਨੂੰ ਪੰਜਾਬ ਕਾਂਗਰਸ ਦੀ ਨਵੀਂ ਟੀਮ ਨੂੰ ਲੈ ਕੇ ਉੱਠ ਰਹੀ ਨਾਰਾਜ਼ਗੀ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਪਾਰਟੀ ਵੱਲੋਂ ਹਾਲ ਹੀ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਨਵੀਂ 21 ਮੈਂਬਰੀ ਟੀਮ ਦਾ ਗਠਨ ਕੀਤਾ ਗਿਆ ਸੀ, ਜਿਸ ਨੂੰ ਲੈ ਕੇ ਕਈ ਆਗੂਆਂ ਵਿੱਚ ਅਸੰਤੁਸ਼ਟੀ ਦੀਆਂ ਖ਼ਬਰਾਂ ਸਾਹਮਣੇ ਆਈਆਂ ਸਨ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚੰਡੀਗੜ੍ਹ ਦੌਰੇ ਦੌਰਾਨ ਮਨੀਸ਼ ਤਿਵਾੜੀ ਦੀ ਇੱਕ ਵੀਡੀਓ ਵੀ ਸੋਸ਼ਲ ਮੀਡੀਆ ’ਤੇ ਕਾਫ਼ੀ ਚਰਚਾ ਵਿੱਚ ਰਹੀ ਸੀ। ਇਸ ਤੋਂ ਬਾਅਦ ਵੀ ਉਹ ਕਈ ਮਸਲਿਆਂ ’ਤੇ ਆਪਣੀ ਵੱਖਰੀ ਰਾਏ ਖੁੱਲ੍ਹ ਕੇ ਰੱਖਦੇ ਰਹੇ ਹਨ। ਹੁਣ ਨਵੀਂ ਟੀਮ ਵਿੱਚ ਸ਼ਾਮਲ ਨਾ ਕੀਤੇ ਜਾਣ ’ਤੇ ਮਨੀਸ਼ ਤਿਵਾੜੀ ਦੇ ਬਿਆਨ ਨੇ ਪੰਜਾਬ ਕਾਂਗਰਸ ਦੇ ਅੰਦਰੂਨੀ ਹਾਲਾਤਾਂ ਨੂੰ ਲੈ ਕੇ ਇੱਕ ਨਵੀਂ ਚਰਚਾ ਛੇੜ ਦਿੱਤੀ ਹੈ, ਖ਼ਾਸ ਕਰਕੇ ਜਦੋਂ ਪਾਰਟੀ 2027 ਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਵਿੱਚ ਜੁੱਟੀ ਹੋਈ ਹੈ।

## ਧਰਮਿੰਦਰ ਪ੍ਰਧਾਨ ਦੀ ਥਾਂ ਹੁਣ ਇਹ ਨੇਤਾ ਬਣੇਗਾ ਨਵਾਂ ਸਿੱਖਿਆ ਮੰਤਰੀ, ਸੰਜੇ ਰਾਉਤ ਦੇ ਬਿਆਨ ਨਾਲ ਗਰਮਾਈ ਸਿਆਸਤ

ਕੌਮੀ ਪਤ੍ਰਿਕਾ

ਮੁੰਬਈ 26 ਜੁਲਾਈ। ਧਰਮਿੰਦਰ ਪ੍ਰਧਾਨ ਨੇ ਸਿੱਖਿਆ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਉਨ੍ਹਾਂ ਦੇ ਅਸਤੀਫੇ ਤੋਂ ਬਾਅਦ, ਊਧਵ ਧੜੇ ਦੇ ਸ਼ਿਵ ਸੈਨਾ ਸੰਸਦ ਮੈਂਬਰ ਸੰਜੇ ਰਾਉਤ ਨੇ ਇੱਕ ਮਹੱਤਵਪੂਰਨ ਬਿਆਨ ਦਿੱਤਾ। ਸੰਜੇ ਰਾਉਤ ਨੇ ਦਾਅਵਾ ਕੀਤਾ ਕਿ ਦੇਵੇਂਦਰ ਫੜਨਵੀਸ ਨੂੰ ਦੇਸ਼ ਦਾ ਨਵਾਂ ਸਿੱਖਿਆ ਮੰਤਰੀ ਨਿਯੁਕਤ ਕੀਤਾ ਜਾ ਸਕਦਾ ਹੈ। ਧਰਮਿੰਦਰ ਪ੍ਰਧਾਨ ਦੇ ਅਸਤੀਫੇ ਦੇ ਨਾਲ, ਸਵਾਲ ਉੱਠਦਾ ਹੈ: ਦੇਸ਼ ਦਾ ਅਗਲਾ ਸਿੱਖਿਆ ਮੰਤਰੀ ਕੌਣ ਬਣੇਗਾ? ਸੰਜੇ ਰਾਉਤ ਦਾ ਮੰਨਣਾ ਹੈ ਕਿ ਦੇਵੇਂਦਰ ਫੜਨਵੀਸ ਨੂੰ ਕੇਂਦਰ ਵਿੱਚ ਲਿਆਂਦਾ ਜਾ ਸਕਦਾ ਹੈ ਅਤੇ ਸਿੱਖਿਆ ਮੰਤਰਾਲੇ ਦੀ ਜ਼ਿੰਮੇਵਾਰੀ ਸੌਂਪੀ ਜਾ ਸਕਦੀ ਹੈ। ਹਾਲਾਂਕਿ, ਸਰਕਾਰ ਨੇ ਅਜੇ ਤੱਕ ਨਵੇਂ ਸਿੱਖਿਆ ਮੰਤਰੀ ਦੇ ਨਾਮ ਬਾਰੇ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਹੈ। ਇਸ ਸਮੇਂ, ਦੇਸ਼ ਵਿੱਚ ਜੈਯੰਤ ਚੌਧਰੀ ਅਤੇ ਡਾ. ਸੁਕਾਂਤ ਮਜੂਮਦਾਰ ਦੇ ਰੂਪ ਵਿੱਚ ਸਿੱਖਿਆ ਰਾਜ ਮੰਤਰੀ ਹਨ। ©55“-”7 2026 ਪੇਪਰ ਲੀਕ ਤੋਂ ਬਾਅਦ ਦੇਸ਼ ਭਰ ਦੇ ਵਿਦਿਆਰਥੀ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ। ਧਰਮਿੰਦਰ ਪ੍ਰਧਾਨ ਦੇ



ਸਿੱਖਿਆ ਮੰਤਰੀ ਦੇ ਅਹੁਦੇ ਤੋਂ ਅਸਤੀਫੇ ਦੀ ਮੰਗ ਕੀਤੀ ਜਾ ਰਹੀ ਸੀ, ਜਿਸਦੇ ਨਾਲ ਦਿੱਲੀ ਦੇ ਜੰਤਰ-ਮੰਤਰ ’ਤੇ ਵਿਰੋਧ ਪ੍ਰਦਰਸ਼ਨ ਹੋ ਰਹੇ ਸਨ। ’ਸਾਡੀਆਂ ਮੰਗਾਂ ਮੰਨ ਲਈਆਂ ਗਈਆਂ ਹਨ’, ਜੇਪੀ ਨੱਡਾ ਅਤੇ ਜਤਿੰਦਰ ਸਿੰਘ ਨਾਲ ਮੁਲਾਕਾਤ ਤੋਂ ਬਾਅਦ ਸੀਜੇਪੀ ਨੇ ਖਤਮ ਕੀਤਾ ਵਿਰੋਧ ਪ੍ਰਦਰਸ਼ਨ ਦਿੱਲੀ ਅਤੇ ਕਈ ਹੋਰ ਰਾਜਾਂ ਵਿੱਚ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਦੇ ਵਿਚਕਾਰ, ਧਰਮਿੰਦਰ ਪ੍ਰਧਾਨ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਆਪਣੇ ਅਸਤੀਫੇ ਪੱਤਰ ਵਿੱਚ, ਉਨ੍ਹਾਂ ਲਿਖਿਆ, ਪਿਛਲੇ ਕੁਝ ਦਿਨਾਂ ਦੀਆਂ ਘਟਨਾਵਾਂ ਤੋਂ ਮੈਨੂੰ ਬਹੁਤ ਦੁੱਖ ਹੋਇਆ ਹੈ, ਅਤੇ ਨੌਜਵਾਨਾਂ ਦੀਆਂ ਭਾਵਨਾਵਾਂ ਦੇ ਸਤਿਕਾਰ ਵਜੋਂ, ਮੈਂ ਅਸਤੀਫਾ ਦੇ ਰਿਹਾ ਹਾਂ। ਆਪਣਾ ਧੰਨਵਾਦ ਪ੍ਰਗਟ ਕਰਦੇ ਹੋਏ, ਪ੍ਰਧਾਨ ਨੇ ਲਿਖਿਆ, ਚਾਰ ਦਹਾਕਿਆਂ ਤੋਂ ਵੱਧ ਸਮੇਂ ਤੋਂ, ਮੈਂ ਵਿਦਿਆਰਥੀਆਂ, ਅਧਿਆਪਕਾਂ ਅਤੇ ਵਿਦਿਅਕ ਸੁਧਾਰਾਂ ਲਈ ਸਮਰਪਿਤ ਰਿਹਾ ਹਾਂ। ਮੇਰਾ ਹਮੇਸ਼ਾ ਵਿਸ਼ਵਾਸ ਰਿਹਾ ਹੈ ਕਿ ਇੱਕ ਮਜ਼ਬੂਤ, ਸਮਾਵੇਸ਼ੀ ਅਤੇ ਦੂਰਦਰਸ਼ੀ ਸਿੱਖਿਆ ਪ੍ਰਣਾਲੀ ਇੱਕ ਮਜ਼ਬੂਤ ??ਰਾਸ਼ਟਰ ਦੀ ਨੀਂਹ ਪੱਥਰ ਬਣਾਉਂਦੀ ਹੈ। ਪ੍ਰਧਾਨ ਨੇ ਅੱਗੇ ਲਿਖਿਆ, ਮੈਂ ਦੇਸ਼ ਦੇ ਨੌਜਵਾਨਾਂ ਦੀਆਂ ਇੱਛਾਵਾਂ, ਭਾਵਨਾਵਾਂ ਅਤੇ ਜਾਇਜ਼ ਉਮੀਦਾਂ ਦਾ ਡੂੰਘਾ ਸਤਿਕਾਰ ਕਰਦਾ ਹਾਂ। ਭਾਰਤ ਦੀ ਨੌਜਵਾਨ ਪੀੜ੍ਹੀ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਸਾਡੇ ਰਾਜਨੀਤਿਕ ਅਤੇ ਸਮਾਜਿਕ ਜੀਵਨ ਵਿੱਚ ਇੱਕ ਨੈਤਿਕ ਵਚਨਬੱਧਤਾ ਰਹੀ ਹੈ।

# ਪੰਜਾਬ ਦੀ ਇਸ ਮੰਡੀ 'ਚ ਗੁੰਡਾਗਰਦੀ ਦਾ ਟਰੈਂਡ

ਜਲੰਧਰ 26 ਜੁਲਾਈ। ਮਕਸੂਦਾਂ ਸਬਜ਼ੀ ਮੰਡੀ ਵਿਚ ਠੇਕੇਦਾਰੀ ਦੀ ਜਗ?ਹਾ ਹੁਣ ਗੁੰਡਾਗਰਦੀ ਦਾ ਟ?ਰੈਂਡ ਚੱਲ ਪਿਆ ਹੈ। ਲਗਾਤਾਰ 3 ਦਿਨਾਂ ਤੋਂ ਮੰਡੀ ਦੇ ਹਾਲਾਤ ਆਮ ਵਰਗ ਨਹੀਂ ਹਨ। ਸ਼ਨੀਵਾਰ ਨੂੰ ਗੱਲ ਉਦੋਂ ਹੋਰ ਵਿਗੜ ਗਈ, ਜਦੋਂ ਦੋਨਾਲੀਆਂ ਲੈ ਕੇ ਲਗਭਗ 10 ਬਾਊਂਸਰ ਮੰਡੀ ਵਿਚ ਦਾਖਲ ਹੋ ਗਏ ਅਤੇ ਪੈਸਿਆਂ ਨੂੰ ਲੈ ਕੇ ਫੜ੍ਹੀ ਵਾਲਿਆਂ ਨੂੰ ਧਮਕਾਉਣ ਲੱਗੇ। ਕੁਝ ਫੜ੍ਹੀ ਵਾਲਿਆਂ ਨੇ ਵੀਡੀਓ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਦੋਨਾਲੀ ਉਨ੍ਹਾਂ ਵੱਲ ਕਰਕੇ ਗੋਲ?ੀਆਂ ਚਲਾਉਣ ਦੀ ਧਮਕੀ ਦੇਣ ਲੱਗੇ, ਹਾਲਾਂਕਿ ਜਦੋਂ ਆੜ੍ਹਤੀਆਂ ਨੂੰ ਪਤਾ ਲੱਗਾ ਤਾਂ ਉਹ ਤੁਰੰਤ ਮੌਕੇ 'ਤੇ ਪਹੁੰਚ ਪਰ ਉਦੋਂ ਤਕ ਸਕਾਰਪੀਓ ਸਵਾਰ ਬੰਦੂਕਧਾਰੀ ਉਥੋਂ ਜਾ ਚੁੱਕੇ ਸਨ। ਫੜ੍ਹੀ ਵਾਲਿਆਂ ਨੇ ਦੱਸਿਆ ਕਿ ਉਹ ਐਡਵਾਂਸ ਮਾਰਕੀਟ ਕਮੇਟੀ ਨੂੰ ਇਕ ਮਹੀਨੇ ਦੀ ਫ਼ੀਸ 3 ਹਜ਼ਾਰ ਰੁਪਏ ਦੇ ਚੁੱਕੇ ਹਨ। ਠੇਕਾ ਸ਼ੁਰੂ ਹੁੰਦੇ ਹੀ ਠੇਕੇਦਾਰ ਦੇ ਕਰਿੰਦੇ ਉਨ੍ਹਾਂ ਨੂੰ ਅਪ੍ਰੈਲ ਮਹੀਨੇ ਦੀ ਫ਼ੀਸ ਦੇਣ 'ਤੇ ਮਜਬੂਰ ਕਰ ਰਹੇ ਹਨ। ਦਿਨ ਵਿਚ 2 ਵਾਰ ਉਨ੍ਹਾਂ ਦੀ 200-200 ਰੁਪਏ ਦੀ ਪਰਚੀ ਕੱਟੀ ਜਾ ਰਹੀ ਹੈ। ਵਿਰੋਧ ਕਰਦੇ ਹਾਂ ਤਾਂ ਕਦੀ ਉਨ੍ਹਾਂ ਨੂੰ ਥੱਪੜ ਮਾਰ ਦਿੱਤੇ ਜਾਂਦੇ ਹਨ ਅਤੇ ਕਦੀ ਬੰਦੂਕਾਂ ਵਿਖਾਈਆਂ ਜਾਂਦੀਆਂ ਹਨ। ਸ਼ਨੀਵਾਰ ਸਵੇਰੇ ਇਸ ਵਿਵਾਦ ਤੋਂ ਬਾਅਦ ਫੜ੍ਹੀ ਵਾਲੇ ਫਿਰ ਤੋਂ ਇਕੱਠੇ ਹੋ ਗਏ। ਉਨ੍ਹਾਂ ਕੰਮ ਰੋਕ ਦਿੱਤਾ। ਸ਼ਨੀਵਾਰ ਹੋਣ ਕਾਰਨ ਮਾਰਕੀਟ ਕਮੇਟੀ ਦਾ ਕੋਈ ਅਧਿਕਾਰੀ ਦਫ਼ਤਰ ਵਿਚ ਨਹੀਂ ਸੀ, ਜਿਸ ਕਾਰਨ ਆੜ੍ਹਤੀ ਸ਼ੈਂਟੀ ਬੱਤਰਾ, ਪ੍ਰੀਤ ਖਾਲਸਾ, ਪ੍ਰਵੇਸ਼ ਅਤੇ ਵਿੱਕੀ ਗਾਂਧੀ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਹ ਤੁਰੰਤ ਮੌਕੇ 'ਤੇ ਪਹੁੰਚ ਗਏ, ਹਾਲਾਂਕਿ ਉਦੋਂ ਉਹ ਲੋਕ ਉਥੋਂ ਜਾ ਚੁੱਕੇ ਸਨ ਪਰ ਫੜ੍ਹੀ ਵਾਲਿਆਂ ਦੀ ਗੱਲ ਸੁਣ ਕੇ ਸ਼ੈਂਟੀ ਬੱਤਰਾ ਨੇ ਕਿਹਾ ਕਿ ਠੇਕੇਦਾਰ ਨਾਲ ਗੱਲ ਕਰਨ 'ਤੇ ਵੀ ਕੋਈ ਹੱਲ ਨਿਕਲਿਆ ਅਤੇ ਫੜ੍ਹੀ ਵਾਲਿਆਂ ਨਾਲ ਧੱਕਾ ਹੋ ਰਿਹਾ ਹੈ। ਅਜਿਹੇ ਵਿਚ ਆੜ੍ਹਤੀਆਂ ਨੇ ਇਕਜੁੱਟ ਹੋ ਕੇ ਐਤਵਾਰ ਨੂੰ ਇਕ ਮੀਟਿੰਗ ਬੁਲਾਈ ਹੈ, ਜਿਸ ਵਿਚ ਰਣਨੀਤੀ ਤਿਆਰ ਕੀਤੀ ਜਾਵੇਗੀ। ਆੜ੍ਹਤੀ ਸ਼ੈਂਟੀ ਬੱਤਰਾ ਅਤੇ ਹੋਰ ਆੜ੍ਹਤੀਆਂ ਨੇ ਕਿਹਾ ਕਿ ਸਾਰੇ ਫੜ੍ਹੀ ਵਾਲੇ 20 ਤੋਂ 25 ਸਾਲਾਂ ਤੋਂ ਇਥੇ ਬੈਠੇ ਹੋਏ ਹਨ। ਅਜਿਹੇ ਹਾਲਾਤ ਪਹਿਲਾਂ ਕਦੀ ਨਹੀਂ ਬਣੇ। ਜੇਕਰ ਅਜਿਹਾ ਹੀ ਚੱਲਦਾ ਰਿਹਾ ਤਾਂ ਫੜ੍ਹੀ ਵਾਲੇ ਮੰਡੀ ਵਿਚੋਂ ਚਲੇ ਜਾਣਗੇ, ਜਿਸ ਨਾਲ ਸਾਰਿਆਂ ਦਾ ਨੁਕਸਾਨ ਹੋਵੇਗਾ। ਉਨ੍ਹਾਂ ਕਿਹਾ ਕਿ ਐਤਵਾਰ ਨੂੰ ਆੜ੍ਹਤੀਆਂ ਦਾ ਸਮੂਹ ਆਪਸ ਵਿਚ ਮੀਟਿੰਗ ਕਰੇਗਾ। ਜੇਕਰ ਇਸ ਵਿਵਾਦ ਦਾ ਕੋਈ ਹੱਲ ਨਾ ਨਿਕਲਿਆ ਤਾਂ ਆੜ੍ਹਤੀ ਵੀ ਮਾਰਕੀਟ ਫ਼ੀਸ ਦੇਣੀ ਬੰਦ ਕਰਨ ਦਾ ਫ਼ੈਸਲਾ ਲੈ ਸਕਦੇ ਹਨ। ਇਸ ਵਿਵਾਦ ਤੋਂ ਬਾਅਦ 11 ਮੈਂਬਰਾਂ ਦੀ ਬਣੀ ਸੰਘਰਸ਼ ਕਮੇਟੀ ਨੇ ਐਲਾਨ ਕੀਤਾ ਹੈ ਕਿ ਸੋਮਵਾਰ ਨੂੰ ਉਹ ਹੜਤਾਲ 'ਤੇ ਜਾ ਸਕਦੇ ਹਨ, ਹਾਲਾਂਕਿ ਆੜ੍ਹਤੀ ਉਨ੍ਹਾਂ ਨੂੰ ਮਨਾਉਣ ਵਿਚ ਲੱਗੇ ਹਨ ਅਤੇ ਪਰ ਕੋਈ ਹੱਲ ਨਾ ਨਿਕਲਣ 'ਤੇ ਸੋਮਵਾਰ ਤੋਂ ਹੜਤਾਲ ਸ਼ੁਰੂ ਹੋ ਸਕਦੀ ਹੈ। ਫੜ੍ਹੀ ਵਾਲਿਆਂ ਨੇ ਕਿਹਾ ਕਿ ਮਾਰਕੀਟ ਕਮੇਟੀ ਨੇ ਠੇਕੇਦਾਰੀ ਦਾ ਲਾਇਸੈਂਸ ਦਿੱਤਾ ਹੈ ਪਰ ਉਹ ਉਸ ਨੂੰ ਗੁੰਡਾਗਰਦੀ ਦਾ ਲਾਇਸੈਂਸ ਸਮਝ ਰਹੇ ਹਨ। 11 ਮੈਂਬਰਾਂ ਦੀ ਸੰਘਰਸ਼ ਕਮੇਟੀ ਨੇ ਇਹ ਵੀ ਕਿਹਾ ਕਿ ਇਸ ਸਾਰੇ ਵਿਵਾਦ ਨੂੰ ਲੈ ਕੇ ਉਨ੍ਹਾਂ ਦੀ ਕਮੇਟੀ ਜਲਦ ਡੀ. ਸੀ. ਅਤੇ ਪੁਲਸ ਕਮਿਸ਼ਨਰ ਨੂੰ ਮਿਲੇਗੀ ਤਾਂ ਕਿ ਮੰਡੀ ਵਿਚ ਖ਼ੂਨ-ਖਰਾਬਾ ਹੋਣ ਤੋਂ ਬਚਾਇਆ ਜਾ ਸਕੇ। ਇਸ ਸਬੰਧੀ ਮਾਰਕੀਟ ਕਮੇਟੀ ਦੇ ਸੈਕਟਰੀ ਰੁਪਿੰਦਰ ਸਿੰਘ ਨੇ ਕਿਹਾ ਕਿ ਜੇਕਰ ਕਿਸੇ ਫੜ੍ਹੀ ਵਾਲੇ ਨੇ ਮਾਰਕੀਟ ਕਮੇਟੀ ਨੂੰ ਫ਼ੀਸ ਚੁਕਾ ਦਿੱਤੀ ਹੈ ਤਾਂ ਉਸ ਨੂੰ ਠੇਕੇਦਾਰ ਨੂੰ ਇਸ ਮਹੀਨੇ ਦੀ ਪਰਚੀ ਨਹੀਂ ਦੇਣੀ ਪਵੇਗੀ। ਉਨ੍ਹਾਂ ਕਿਹਾ ਕਿ ਉਕਤ ਫੜ੍ਹੀ ਵਾਲਿਆਂ ਦੀ ਪੇਮੈਂਟ ਖ਼ੁਦ ਹੀ ਠੇਕੇਦਾਰ ਨਾਲ ਐਡਜਸਟ ਕਰ ਲਵੇਗੀ। ਸੈਕਟਰੀ ਨੇ ਕਿਹਾ ਕਿ ਜਿਹੜੇ-ਜਿਹੜੇ ਲੋਕਾਂ ਨੇ ਪਰਚੀ ਕਟਵਾ ਦਿੱਤੀ ਹੈ, ਉਹ ਠੇਕੇਦਾਰ ਨੂੰ ਪਰਚੀ ਵਿਖਾ ਦੇਣ, ਜਦਕਿ ਉਨ੍ਹਾਂ ਵੱਲੋਂ ਵੀ ਠੇਕੇਦਾਰ ਨੂੰ ਹਦਾਇਤ ਜਾਰੀ ਕਰ ਦਿੱਤੀ ਜਾਵੇਗੀ ਕਿ ਉਹ ਉਨ੍ਹਾਂ ਲੋਕਾਂ ਤੋਂ ਫ਼ੀਸ ਨਾ ਲੈਣ।

## ਬਿਜਲੀ ਦਾ ਕੁਨੈਕਸ਼ਨ ਦੇਣ ਬਦਲੇ 15 ਹਜ਼ਾਰ ਦੀ ਰਿਸ਼ਵਤ ਲੈਂਦਾ ਜੇ. ਈ. ਕਾਬੂ

ਮੋਹਾਲੀ 26 ਜੁਲਾਈ। ਮੋਹਾਲੀ ਵਿਜੀਲੈਂਸ ਨੇ ਬਿਜਲੀ ਦੇ ਮੀਟਰ ਦਾ ਕੁਨੈਕਸ਼ਨ ਲਗਵਾਉਣ ਬਦਲੇ ਰਿਸ਼ਵਤ ਲੈਣ ਵਾਲੇ ਜੇ. ਈ. ਨੂੰ 15 ਹਜ਼ਾਰ ਰੁਪਏ ਦੀ ਰਿਸ਼ਵਤ ਸਮੇਤ ਗ੍ਰਿਫ਼ਤਾਰ ਕੀਤਾ ਹੈ। ਉਸ ਦੀ ਪਛਾਣ ਜਸਮੇਲ ਸਿੰਘ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਸ਼ਿਕਾਇਤਕਰਤਾ ਗੁਰਮੀਤ ਸਿੰਘ ਵਾਸੀ ਪਿੰਡ ਦਹਾੜਕਾ (ਜਗਰਾਂਓ) ਨੇ ਵਿਜੀਲੈਂਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਸ ਨੇ ਡੇਅਰੀ ਫਾਰਮ ਖੋਲ੍ਹਣ ਵਾਸਤੇ ਬਿਜਲੀ ਦੇ ਨਵੇਂ ਕੁਨੈਕਸ਼ਨ ਲੈਣ ਲਈ ਬਿਜਲੀ ਵਿਭਾਗ ਦੇ ਸਬ-ਡਵੀਜ਼ਨ (ਰੂਮੀ) ਜਗਰਾਓਂ ਵਿਖੇ ਅਪਲਾਈ ਕਰ ਦਿੱਤਾ। ਉਸ ਦੀ ਬਿਜਲੀ ਕੁਨੈਕਸ਼ਨ ਵਾਲੀ ਅਰਜ਼ੀ ਜੇ. ਈ. ਜਸਮੇਲ ਸਿੰਘ ਕੋਲ ਪਹੁੰਚੀ, ਜਿਸ ਨੇ ਫੋਨ ਕਰ ਕੇ ਬੁਲਾਇਆ ਤੇ ਕਿਹਾ ਕਿ ਨਵਾਂ ਬਿਜਲੀ ਦਾ ਕੁਨੈਕਸ਼ਨ ਇਸ ਤਰ੍ਹਾਂ ਨਹੀਂ ਮਿਲਦਾ, ਕੁਝ ਖ਼ਰਚਾ ਕਰਨਾ ਪੈਂਦਾ ਹੈ। ਜੇ. ਈ. ਜਸਮੇਲ ਸਿੰਘ ਨੇ ਉਸ ਨੂੰ ਬਿਜਲੀ ਦਾ ਕੁਨੈਕਸ਼ਨ ਦੇਣ ਲਈ 30 ਹਜ਼ਾਰ ਰੁਪਏ ਦੀ ਮੰਗ ਕੀਤੀ। ਉਸ ਨੇ ਜੇ. ਈ. ਨੂੰ ਕਿਹਾ ਗਿਆ ਕਿ ਉਕਤ ਰਕਮ ਜ਼ਿਆਦਾ ਹੈ ਕਿਉਂਕਿ ਉਸ ਨੇ ਤਾਂ ਹਾਲੇ ਆਪਣਾ ਨਵਾਂ ਕੰਮ ਸ਼ੁਰੂ ਕਰਨਾ ਹੈ। ਆਖ਼ਰਕਾਰ ਉਸ ਦਾ ਜੇ. ਈ. ਨਾਲ 15 ਹਜ਼ਾਰ ਰੁਪਏ 'ਚ ਹੀ ਸੌਦਾ ਤੈਅ ਹੋ ਗਿਆ। ਸ਼ਿਕਾਇਤਕਰਤਾ ਮੁਤਾਬਕ ਉਸ ਨੇ ਆਪਣੇ ਪਰਿਵਾਰ ਤੇ ਜਾਣਕਾਰਾਂ ਨਾਲ ਇਸ ਮਾਮਲੇ ਸਬੰਧੀ ਗੱਲਬਾਤ ਕੀਤੀ ਤੇ ਉਸ ਨੇ ਰਿਸ਼ਵਤ ਨਾ ਦੇਣ ਦਾ ਮਨ ਬਣਾ ਕੇ ਵਿਜੀਲੈਂਸ ਮੋਹਾਲੀ ਦੇ ਦਫ਼ਤਰ ਨੂੰ ਉਕਤ ਜੇ. ਈ. ਖ਼?ਲਾਫ਼ ਸ਼ਿਕਾਇਤ ਕੀਤੀ। ਵਿਜੀਲੈਂਸ ਨੇ ਉਕਤ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਜੇ. ਈ. ਜਸਮੇਲ ਸਿੰਘ ਨੂੰ ਉਸ ਦੇ ਦਫ਼ਤਰ 'ਚੋਂ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ 'ਚ 15 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕਰ ਲਿਆ। ਉਸ ਖ਼?ਲਾਫ਼ ਭ੍ਰਿਸ਼ਟਾਚਾਰ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ

## ਹਵਾਈ ਅੱਡੇ ਤੋਂ ਗਾਂਜੇ ਦੀ ਤਸਕਰੀ ਦੀ ਕੋਸ਼ਿਸ਼ ਦੇ ਦੋਸ਼ 'ਚ ਇਕ ਵਿਅਕਤੀ ਗ੍ਰਿਫ਼ਤਾਰ

ਕੋਚੀ 26 ਜੁਲਾਈ। ਕੇਰਲ ਦੇ ਕੋਚੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਹਾਈਬ੍ਰਿਡ ਗਾਂਜੇ ਦੀ ਤਸਕਰੀ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ 'ਚ ਮਲੱਪੁਰਮ ਦੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਸ ਕੋਲੋਂ 5.5 ਕਰੋੜ ਰੁਪਏ ਦੀ ਕੀਮਤ ਦਾ ਲਗਭਗ 5.5 ਕਿਲੋਗ੍ਰਾਮ 'ਹਾਈਬ੍ਰਿਡ ਗਾਂਜਾ' ਜ਼ਬਤ ਕੀਤਾ ਗਿਆ ਹੈ। ਕਸਟਮ ਵਿਭਾਗ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਕਸਟਮ ਸੁਪਰਡੈਂਟ ਵਿਵੇਕ ਨਾਇਰ ਨੇ ਕਿਹਾ ਕਿ ਖਾਸ ਖੁਫੀਆ ਜਾਣਕਾਰੀ ਦੇ ਆਧਾਰ 'ਤੇ, ਕਸਟਮ ਕਮਿਸ਼ਨਰੇਟ (ਪ੍ਰਿਵੈਂਟਿਵ) ਦੇ ਹਾਈ ਪਰਫਾਰਮੈਂਸ ਯੂਨਿਟ ਦੇ ਅਧਿਕਾਰੀਆਂ ਨੇ ਇੰਡੀਗੋ ਦੀ ਇਕ ਉਡਾਣ ਰਾਹੀਂ ਕੋਚੀ ਤੋਂ ਸੰਯੁਕਤ ਅਰਬ ਅਮੀਰਾਤ



ਦੇ ਰਾਸ ਅਲ ਖ਼ੈਮਾਹ ਜਾ ਰਹੇ ਇਕ ਯਾਤਰੀ ਨੂੰ ਰੋਕਿਆ ਸੀ। ਅਧਿਕਾਰੀਆਂ ਨੇ ਹਵਾਈ ਅੱਡੇ ਦੇ ਰਵਾਨਗੀ ਹਾਲ 'ਤੇ ਯਾਤਰੀ ਦੇ ਟਰਾਲੀ ਬੈਗ ਦੀ ਪੂਰੀ ਤਰ੍ਹਾਂ ਤਲਾਸ਼ੀ ਲਈ ਅਤੇ ਉਸ ਤੋਂ ਲਗਭਗ 5.5 ਕਿਲੋਗ੍ਰਾਮ 'ਹਾਈਬ੍ਰਿਡ ਗਾਂਜਾ' ਬਰਾਮਦ ਕੀਤਾ। ਵਿਭਾਗ ਨੇ ਕਿਹਾ ਕਿ ਨਸ਼ੀਲੇ ਪਦਾਰਥ ਖਾਣੇ ਦੇ ਪੈਕੇਟਾਂ ਦੇ ਅੰਦਰ ਲੁਕਾਏ ਗਏ ਸਨ ਅਤੇ ਅੰਤਰਰਾਸ਼ਟਰੀ ਬਾਜ਼ਾਰ 'ਚ ਇਨ੍ਹਾਂ ਦੀ ਕੀਮਤ ਲਗਭਗ 5.5 ਕਰੋੜ ਰੁਪਏ ਹੈ। ਨਾਇਰ ਨੇ ਕਿਹਾ ਕਿ ਯਾਤਰੀ ਨੂੰ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ?ਰੋਪਿਕ ਸਬਸਟੈਂਸ ਐਕਟ, 1985 ਦੀਆਂ ਸਬੰਧਤ ਧਾਰਾਵਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਮਾਮਲੇ ਦੀ ਜਾਂਚ ਜਾਰੀ ਹੈ।

## ਲੁੱਟ-ਖੋਹ ਅਤੇ ਨਸ਼ਾ ਵੇਚਣ ਵਾਲੇ 4 ਵਿਅਕਤੀ ਮਾਰੂ ਹਥਿਆਰਾਂ ਸਮੇਤ ਕਾਬੂ

ਕੋਟਕਪੂਰਾ 26 ਜੁਲਾਈ। ਜ਼ਿਲ੍ਹਾ ਪੁਲਸ ਮੁਖੀ ਡਾ. ਪ੍ਰਗਿਆ ਜੈਨ ਵੱਲੋਂ ਬੁਰੇ ਅਨਸਰਾਂ ਖਿਲਾਫ ਸਖ਼ਤ ਕਾਰਵਾਈ ਕਰਨ ਦੀਆਂ ਹਦਾਇਤਾਂ 'ਤੇ ਥਾਣਾ ਸਦਰ ਪੁਲਸ ਕੋਟਕਪੂਰਾ ਵੱਲੋਂ ਰਾਹਗੀਰਾਂ ਤੋਂ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਅਤੇ ਨਸ਼ਾ ਕਰਨ ਤੇ ਵੇਚਣ ਦੇ ਆਦੀ 4 ਵਿਅਕਤੀਆਂ ਨੂੰ ਮਾਰੂ ਹਥਿਆਰਾਂ ਸਮੇਤ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਥਾਣਾ ਸਦਰ ਪੁਲਸ ਕੋਟਕਪੂਰਾ ਦੇ ਸਹਾਇਕ ਥਾਣੇਦਾਰ ਤਿਲਕ ਰਾਜ ਸਮੇਤ ਪੁਲਸ ਪਾਰਟੀ ਪਿੰਡ ਪੰਜਗਰਾਈਂ ਕਲਾਂ ਦੇ ਬੱਸ ਅੱਡੇ 'ਤੇ ਮੌਜੂਦ ਸਨ ਤਾਂ ਮੁਖਬਰ ਨੇ ਇਤਲਾਹ ਦਿੱਤੀ ਕਿ ਰਾਹਗੀਰਾਂ ਤੋਂ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਅਤੇ ਨਸ਼ਾ ਵੇਚਣ ਤੇ ਕਰਨ ਦੇ ਆਦੀ



ਕੁੱਝ ਵਿਅਕਤੀ ਪਿੰਡ ਪੰਜਗਰਾਈ ਕਲਾਂ ਦੀ ਹੱਦ ਤੋਂ ਘਣੀਏਵਾਲਾ ਰੋਡ 'ਤੇ ਸੂਏ ਦੇ ਕੋਲ ਵੀਰਾਨ ਪਾਈ ਜਗ?ਹਾ 'ਤੇ ਲੁੱਕ-ਛਿਪ ਕੇ ਰਾਹਗੀਰਾਂ ਤੋਂ ਲੁੱਟ-ਖੋਹ ਕਰਨ ਦੀ ਯੋਜਨਾ ਬਣਾ ਰਹੇ ਹਨ ਅਤੇ ਜੇਕਰ ਹੁਣੇ ਕਾਰਵਾਈ ਕੀਤੀ ਜਾਵੇ ਤਾਂ ਉਕਤ ਵਿਅਕਤੀਆਂ ਨੂੰ ਮਾਰੂ ਹਥਿਆਰਾਂ ਸਮੇਤ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਮਿਲੀ ਸੂਚਨਾ ਦੇ ਆਧਾਰ 'ਤੇ ਸਹਾਇਕ ਥਾਣੇਦਾਰ ਤਿਲਕ ਰਾਜ ਵੱਲੋਂ ਪੁਲਸ ਪਾਰਟੀ ਦੀ ਮਦਦ ਨਾਲ ਕੀਤੀ ਗਈ ਕਾਰਵਾਈ ਦੌਰਾਨ ਉਕਤ ਸਥਾਨ ਤੋਂ ਜੋਗਾ ਵਾਸੀ ਕੋਟਕਪੂਰਾ, ਸ਼ੰਟੀ ਵਾਸੀ ਪਿੰਡ ਸਿਵੀਆਂ, ਰਵੀ ਵਾਸੀ ਪਿੰਡ ਕੋਟਲਾ ਮਿਹਰ ਸਿੰਘ ਅਤੇ ਗੁਰਲਾਲ ਸਿੰਘ ਵਾਸੀ ਪਿੰਡ ਖਾਰਾ ਨੂੰ ਤਿੰਨ ਲਕੜ ਦੇ ਦਸਤਿਆਂ ਅਤੇ ਇਕ ਕਿਰਪਾਨ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਇਸ ਸੰਬੰਧ ਵਿਚ ਥਾਣਾ ਸਦਰ ਪੁਲਸ ਕੋਟਕਪਰਾ ਵਿਖੇ ਉਕਤ ਚਾਰਾਂ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

## ਤੇਜ਼ ਰ.ਫਤਾਰ ਪਿਕਅੱਪ ਵੈਨ ਨੇ ਮਚਾਈ ਤਬਾਹੀ, ਹਾਈਵੇ 'ਤੇ ਵਿਛਾ'ਤੀਆਂ ਲਾਸ਼ਾਂ

ਨੈਸ਼ਨਲ ਡੈਸਕ 26 ਜੁਲਾਈ। ਹਰਿਆਣਾ ਸੂਬੇ ਤੋਂ ਇਕ ਬੇਹੱਦ ਦੁਖ਼ਦਾਈ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਸ਼ਨੀਵਾਰ ਸਵੇਰੇ ਵਾਪਰੇ ਇੱਕ ਭਿਆਨਕ ਹਾਦਸੇ 'ਚ ਇੱਕ ਤੇਜ਼ ਰਫ਼ਤਾਰ ਪਿਕਅੱਪ ਵੈਨ ਨੇ ਸਫ਼ਾਈ ਕਰਮਚਾਰੀਆਂ ਨੂੰ ਦਰੜ ਦਿੱਤਾ, ਜਿਸ ਕਾਰਨ 6 ਕਰਮਚਾਰੀਆਂ ਦੀ ਦਰਦਨਾਕ ਮੌਤ ਹੋ ਗਈ, ਜਦਕਿ 5 ਹੋਰ ਗੰਭੀਰ ਜ਼ਖ਼ਮੀ ਹੋ ਗਏ। ਹਾਦਸੇ ਦੀ ਜਾਣਕਾਰੀ ਦਿੰਦੇ ਹੋਏ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਹਰਿਆਣਾ ਦੇ ਨੂਹ ਵਿੱਚ ਫਿਰੋਜ਼ਪੁਰ ਝਿਰਕਾ ਦੇ ਇਬਰਾਹਿਮ ਬਾਸ ਪਿੰਡ ਨੇੜੇ ਦਿੱਲੀ-ਮੁੰਬਈ ਐਕਸਪ੍ਰੈਸਵੇਅ ਦੇ ਇੱਕ ਹਿੱਸੇ ਦੀ ਸਫਾਈ ਕਰਦੇ ਸਮੇਂ ਇਹ ਸਵੇਰੇ 10 ਵਜੇ ਦੇ ਕਰੀਬ ਇਹ ਹਾਦਸਾ ਵਾਪਰਿਆ। ਉਨ੍ਹਾਂ ਅੱਗੇ ਦੱਸਿਆ ਕਿ ਵੈਨ ਦਾ ਡਰਾਈਵਰ ਹਾਦਸੇ ਮਗਰੋਂ ਵਾਹਨ ਛੱਡ ਮੌਕੇ ਤੋਂ ਫਰਾਰ ਹੋ ਗਿਆ ਹੈ। ਫਿਰੋਜ਼ਪੁਰ ਝਿਰਕਾ ਦੇ ਡੀ.ਐੱਸ.ਪੀ. ਅਜਾਇਬ ਸਿੰਘ ਨੇ ਦੱਸਿਆ, ÷ਪੁਲਸ ਟੀਮਾਂ ਲਾਸ਼ਾਂ ਨੂੰ ਇਕੱਠਾ ਕਰਨ ਅਤੇ ਹਾਦਸੇ ਦੇ ਕਾਰਨਾਂ ਦੀ ਜਾਂਚ ਕਰਨ 'ਚ ਰੁੱਝੀਆਂ ਹੋਈਆਂ ਹਨ। ਹਾਦਸੇ 'ਚ 6 ਔਰਤਾਂ ਨੇ ਆਪਣੀ ਜਾਨ ਗੁਆ ਦਿੱਤੀ ਹੈ, ਜਦਕਿ ਪੰਜ ਹੋਰ ਜ਼ਖ਼ਮੀ ਹੋ ਗਏ ਹਨ, ਜਿਨ੍ਹਾਂ ਵਿੱਚ ਇੱਕ ਆਦਮੀ ਵੀ ਸ਼ਾਮਲ ਹੈ। ਜ਼ਖ਼ਮੀਆਂ ਨੂੰ ਮੰਡੀ ਖੇੜਾ ਹਸਪਤਾਲ



ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਸ ਵੇਲੇ ਇਲਾਜ ਕੀਤਾ ਜਾ ਰਿਹਾ ਹੈ।'' ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ਤੋਂ ਪਤਾ ਲੱਗਿਆ ਹੈ ਕਿ 5 ਮ੍ਰਿਤਕ ਖੇੜੀ ਕਲਾਂ ਪਿੰਡ ਦੇ ਸਨ, ਜਦਕਿ ਇੱਕ ਝਿਮਰਾਵਤ ਪਿੰਡ ਦਾ ਸੀ। ਫਿਰੋਜ਼ਪੁਰ ਝਿਰਕਾ ਦੇ ਐੱਸ.ਐੱਚ.ਓ. ਅਮਨ ਸਿੰਘ ਨੇ ਕਿਹਾ, ÷ਅਸੀਂ ਸੀ.ਸੀ.ਟੀ.ਵੀ. ਫੁਟੇਜ ਦੀ ਜਾਂਚ ਕਰ ਰਹੇ ਹਾਂ ਅਤੇ ਹਾਦਸੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਸਬੂਤ ਇਕੱਠੇ ਕਰ ਰਹੇ ਹਾਂ। ਸਾਰੇ ਐਂਗਲਾਂ ਦੀ ਚੰਗੀ ਤਰ੍ਹਾਂ ਜਾਂਚ ਕੀਤੀ ਜਾ ਰਹੀ ਹੈ।÷ ਸਿੰਘ ਨੇ ਇਹ ਵੀ ਪੁਸ਼ਟੀ ਕੀਤੀ ਕਿ ਪਛਾਣ ਪ੍ਰਕਿਰਿਆ ਅਤੇ ਸ਼ੁਰੂਆਤੀ ਜਾਂਚ ਪੂਰੀ ਹੋਣ ਤੋਂ ਬਾਅਦ ਇੱਕ ਰਸਮੀ ਕੇਸ ਦਰਜ ਕੀਤਾ ਜਾਵੇਗਾ। ਸ਼ੁਰੂਆਤੀ ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਦਿੱਲੀ ਤੋਂ ਅਲਵਰ ਵੱਲ ਤੇਜ਼ ਰਫ਼ਤਾਰ ਨਾਲ ਜਾ ਰਹੀ ਪਿਕਅੱਪ ਵੈਨ ਅਚਾਨਕ ਸੰਤੁਲਨ ਗੁਆ ਬੈਠੀ, ਜਿਸ ਮਗਰੋਂ ਇਸ ਨੇ ਮਜ਼ਦੂਰਾਂ ਨੂੰ ਦਰੜ ਦਿੱਤਾ। ਇਸ ਘਟਨਾ ਨੇ ਹਾਈ-ਸਪੀਡ ਐਕਸਪ੍ਰੈਸਵੇਅ 'ਤੇ ਕੰਮ ਕਰ ਰਹੇ ਸਟਾਫ ਲਈ ਗੰਭੀਰ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ, ਜੋ ਕਿ ਬਿਹਤਰ ਸੁਰੱਖਿਆ ਪ੍ਰੋਟੋਕੋਲ ਦੀ ਤੁਰੰਤ ਲੋੜ ਨੂੰ ਉਜਾਗਰ ਕਰਦੀਆਂ ਹਨ।

## ਉੱਤਰ ਪ੍ਰਦੇਸ਼ ਤੋਂ ਅ.ਫੀਮ ਸਪਲਾਈ ਕਰਨ ਆਏ ਦੋ ਨਸ਼ਾ ਤਸਕਰ ਗ੍ਰਿ.ਫਤਾਰ

ਜਲੰਧਰ 26 ਜੁਲਾਈ। ਜਲੰਧਰ ਦਿਹਾਤੀ ਦੇ ਭੋਗਪੁਰ ਥਾਣੇ ਦੀ ਪੁਲਸ ਨੇ 02 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ 4 ਕਿਲੋ 200 ਗ੍ਰਾਮ ਅਫ਼ੀਮ ਬਰਾਮਦ ਕੀਤੀ। ਦੋਵਾਂ ਮੁਲਜ਼ਮਾਂ ਦੀ ਪਛਾਣ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਵਸੀਮ ਅਤੇ ਰਫ਼ੀਕ ਵਜੋਂ ਹੋਈ ਹੈ। ਮਾਮਲੇ ਦੀ ਜਾਣਕਾਰੀ ਦਿੰਦੇ



ਹੋਏ 25 ਅਪ੍ਰੈਲ ਨੂੰ ਇੰਸਪੈਕਟਰ ਰਵਿੰਦਰ ਕੁਮਾਰ ਮੁੱਖ ਅਫ਼ਸਰ, ਥਾਣਾ ਭੋਗਪੁਰ ਨੇ ਪੁਲਸ ਪਾਰਟੀ ਸਮੇਤ ਅੱਡਾ ਲਾਡਰਾ ਵਿਖੇ ਨਾਕਾਬੰਦੀ ਦੌਰਾਨ ਸ਼ੱਕੀਆਂ ਨੂੰ ਰੋਕਿਆ ਅਤੇ ਜਾਂਚ ਕੀਤੀ। ਇਸ ਦੌਰਾਨ ਉਨ੍ਹਾਂ ਤੋਂ 4 ਕਿਲੋ 200 ਗ੍ਰਾਮ ਅਫ਼ੀਮ ਬਰਾਮਦ ਹੋਈ। ਮੌਕੇ 'ਤੇ ਹੀ ਦੋਵਾਂ ਮੁਲਜ਼ਮਾਂ ਵਿਰੁੱਧ ਐੱਨ. ਡੀ. ਪੀ. ਐੱਸ. ਐਕਟ ਤਹਿਤ ਥਾਣਾ ਭੋਗਪੁਰ ਵਿਖੇ ਮਾਮਲਾ ਦਰਜ ਕਰਕੇ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮੁੱਢਲੀ ਜਾਂਚ ਦੌਰਾਨ ਪਤਾ ਲੱਗਾ ਕਿ ਮੁਲਜ਼ਮ ਨਸ਼ੀਲੇ ਪਦਾਰਥਾਂ ਦੀ ਤਸਕਰੀ ਰਾਹੀਂ ਥੋੜ੍ਹੇ ਸਮੇਂ ਵਿੱਚ ਵੱਡੀ ਰਕਮ ਕਮਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਇਹ ਦੋਵੇਂ ਮੁਲਜ਼ਮ ਜਨਤਕ ਆਵਾਜਾਈ ਦੀ ਵਰਤੋਂ ਕਰਕੇ ਅਫ਼ੀਮ ਦੀਆਂ ਵੱਡੀਆਂ ਖੇਪਾਂ ਸਪਲਾਈ ਕਰਦੇ ਸਨ ਅਤੇ ਪੰਜਾਬ ਵਿੱਚ ਵੱਖ-ਵੱਖ ਥਾਵਾਂ 'ਤੇ ਨਸ਼ੀਲੇ ਪਦਾਰਥ ਵੇਚਦੇ ਸਨ।

## ਟਰੇਨ 'ਚ ਸਫਰ ਕਰਨ ਵਾਲਿਆਂ ਲਈ ਖ਼ਤਰੇ ਦੀ ਘੰਟੀ, 22 ਮਈ ਤੱਕ ਹੋ ਗਿਆ ਵੱਡਾ ਐਲਾਨ

ਜੈਤੋ 26 ਜੁਲਾਈ। ਰੇਲ ਮੰਡਲ ਫਿਰੋਜ਼ਪੁਰ ਇਨ੍ਹੀਂ ਦਿਨੀਂ ਇਕ ਮਹੀਨੇ ਦੀ ਸਪੈਸ਼ਲ ਟਿਕਟ ਚੈਕਿੰਗ ਮੁਹਿੰਮ ਚਲਾ ਰਿਹਾ ਹੈ। ਇਸ ਮੁਹਿੰਮ ਅਧੀਨ ਰੋਜ਼ਾਨਾ ਕਿਸੇ ਵੀ ਰੇਲ ਸੈਕਸ਼ਨ ਅਤੇ ਕਿਸੇ ਵੀ ਰੇਲਗੱਡੀ ਵਿਚ ਅਚਾਨਕ ਛਾਪਾ ਮਾਰ ਕੇ ਬੇਟਿਕਟ ਅਤੇ ਅਨਿਯਮਿਤ ਟਿਕਟ ਸਫਰ ਕਰਨ ਵਾਲਿਆਂ ਨੂੰ ਫੜਿਆ ਜਾ ਰਿਹਾ ਹੈ। ਸੀਨੀਅਰ ਡੀ. ਸੀ. ਐੱਮ. ਪਰਮਦੀਪ ਸਿੰਘ ਸੈਣੀ ਨੇ ਦੱਸਿਆ ਕਿ ਇਹ ਮੁਹਿੰਮ ਸ਼ੁਰੂ ਕੀਤੀ ਗਈ ਹੈ ਜੋ 22 ਮਈ ਤੱਕ ਲਗਾਤਾਰ ਜਾਰੀ ਰਹੇਗੀ। ਉਨ੍ਹਾਂ ਦੱਸਿਆ ਕਿ ਹੁਣ ਤੱਕ ਜੰਮੂਤਵੀ ਐਕਸਪ੍ਰੈੱਸ, ਗਾਂਧੀਨਗਰ ਕੈਪੀਟਲ ਐਕਸਪ੍ਰੈੱਸ, ਭਗਤ ਦੀ ਕੋਠੀ ਐਕਸਪ੍ਰੈੱਸ, ਬੇਗਮਪੁਰਾ ਐਕਸਪ੍ਰੈੱਸ, ਸਹਰਸਾ ਗਰੀਬਰੱਥ ਐਕਸਪ੍ਰੈੱਸ, ਸੱਚਖੰਡ ਐਕਸਪ੍ਰੈਸ ਵਿਚ ਸਪੈਸ਼ਲ ਚੈਕਿੰਗ ਕੀਤੀ ਗਈ ਹੈ, ਜਿਸ ਵਿਚ 22 ਤੋਂ 27 ਅਪ੍ਰੈਲ ਤੱਕ ਕੁੱਲ 10 ਹਜ਼ਾਰ ਕੇਸ ਫੜੇ ਗਏ ਹਨ। ਇਨ੍ਹਾਂ ਕੋਲੋਂ ਮੌਕੇ 'ਤੇ 67 ਲੱਖ ਰੁਪਏ ਜੁਰਮਾਨਾ ਵਸੂਲਿਆ ਗਿਆ ਹੈ। ਸੈਣੀ ਨੇ ਕਿਹਾ ਕਿ ਕੋਈ ਵੀ ਮੁਸਾਫਰ ਬਿਨਾਂ ਟਿਕਟ ਅਤੇ ਅਨਿਯਮਿਤ ਟਿਕਟ 'ਤੇ ਰੇਲ ਦਾ ਸਫਰ ਨਾ ਕਰੇ, ਨਹੀਂ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਦੁਕਾਨ ਅੰਦਰ ਰੇਡ ਕਰ ਰਹੀ ਸੀ ਪੰਜਾਬ ਪੁਲਸ ਬਾਹਰੋਂ ਸੁੱਟ ਦਿੱਤਾ ਸ਼ਟਰ

ਨਾਭਾ 26 ਜੁਲਾਈ। ਨਾਭਾ ਦੇ ਮੈਂਹਸ ਗੇਟ ਵਿਖੇ ਰੇਡੀਮੇਡ ਕੱਪੜੇ ਬਣਾਉਣ ਵਾਲੀਆਂ ਕੰਪਨੀਆਂ ਦੇ ਅਧਿਕਾਰੀਆਂ ਦੀ ਸ਼ਿਕਾਇਤ 'ਤੇ ਪੁਲਸ ਵੱਲੋਂ ਮੈਂਹਸ ਗੇਟ ਵਿਖੇ ਇਕ ਦੁਕਾਨ ਉੱਪਰ ਰੇਡ ਕੀਤੀ ਗਈ। ਇਸ ਦੌਰਾਨ ਜਦੋਂ ਰੇਡ ਚੱਲ ਰਹੀ ਸੀ ਤਾਂ ਮੌਕੇ 'ਤੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਪੁਲਸ ਨੂੰ ਸ਼ਟਰ ਲਗਾ ਕੇ ਅੰਦਰ ਹੀ ਬੰਧਕ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਮੌਕੇ 'ਤੇ ਪੁਲਸ ਨੇ ਜ਼ਬਰਦਸਤੀ ਸ਼ਟਰ ਉੱਪਰ ਚੁੱਕ ਦਿੱਤਾ। ਨਾਭਾ ਕੋਤਵਾਲੀ ਪੁਲਸ ਦੇ ਇੰਚਾਰਜ ਪ੍ਰਿੰਸਪ੍ਰੀਤ ਸਿੰਘ ਭੱਟੀ ਕਾਫੀ ਤਲਖੀ ਵਿਚ ਵਿਖਾਈ ਦਿੱਤੇ। ਮੁਲਜ਼ਮਾਂ ਨੇ ਸਰਕਾਰੀ ਡਿਊਟੀ ਵਿਚ ਵਿਘਨ ਪਾਇਆ, ਪੁਲਸ ਦੀ ਵਰਦੀ ਨੂੰ ਹੱਥ ਪਾਇਆ ਅਤੇ ਪੁਲਸ ਨੂੰ ਧਮਕੀਆਂ ਵੀ ਦਿੱਤੀਆਂ ਕਿ ਤੁਸੀਂ ਦੁਕਾਨ 'ਚੋਂ ਨਿਕਲ ਕੇ ਵਿਖਾਓ। ਪੁਲਸ ਦੀ ਸਖ਼ਤੀ ਨੂੰ ਵੇਖਦੇ ਹੋਏ ਸ਼ਰਾਰਤੀ ਅਨਸਰ ਉਥੋਂ ਰਫੂ ਚੱਕਰ ਹੋ ਗਏ। ਪੁਲਸ ਵੱਲੋਂ ਹੁਣ ਵਪਾਰ ਮੰਡਲ ਨਾਭਾ ਦੇ ਪ੍ਰਧਾਨ ਸੋਮ ਨਾਥ ਢੱਲ, ਸੁਭਾਸ਼ ਸਹਿਗਲ, ਵਿਸ਼ਾਲ ਸ਼ਰਮਾ ਅਤੇ ਹੋਰ ਅਣਪਛਾਤੇ 35-40 ਵਿਅਕਤੀਆਂ ਖ਼?ਲਾਫ ਮਾਮਲਾ ਦਰਜ ਕਰਕੇ ਉਨਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ ਦੀ




ਵੀਡੀਓ ਵੀ ਸਾਹਮਣੇ ਆਇਆ ਹੈ। ਵੀਡੀਓ ਵਿਚ ਸਾਫ ਦੇਖਿਆ ਜਾ ਰਿਹਾ ਹੈ ਕਿ ਵੱਡੀ ਗਿਣਤੀ ਵਿਚ ਦੁਕਾਨਦਾਰਾਂ ਨੇ ਦੁਕਾਨ ਦਾ ਸ਼ਟਰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਅਤੇ ਅਚਾਨਕ ਅੰਦਰੋਂ ਥਾਣਾ ਕੋਤਵਾਲੀ ਨਾਭਾ ਦੇ ਇੰਚਾਰਜ ਬਾਹਰ ਨਿਕਲੇ ਅਤੇ ਦੁਕਾਨਦਾਰਾਂ ਨੂੰ ਪੁਲਸ ਦੇ ਕੰਮ ਵਿਚ ਦਖਲ-ਅੰਦਾਜ਼ੀ ਕਰਨ ÷ਤੇ ਭੜਕ ਗਏ। ਇਸ ਦੌਰਾਨ ਦੁਕਾਨਦਾਰਾਂ ਵੱਲੋਂ ਨਾਅਰੇਬਾਜ਼ੀ ਵੀ ਕੀਤੀ ਗਈ। ਇਸ ਮੌਕੇ ਨਾਭਾ ਥਾਣਾ ਕੋਤਵਾਲੀ ਦੇ ਮੁਖੀ ਪ੍ਰਿੰਸਪ੍ਰੀਤ ਸਿੰਘ ਭੱਟੀ ਨੇ ਦੱਸਿਆ ਕਿ ਅਸੀਂ ਪੁਲਸ ਦੀ ਡਿਊਟੀ ਵਿਚ ਵਿਘਨ ਪਾਉਣ, ਪੁਲਸ ਦੀ ਵਰਦੀ ਨੂੰ ਹੱਥ ਪਾਉਣ ਤੋਂ ਇਲਾਵਾ ਪੁਲਸ ਨੂੰ ਧਮਕੀਆਂ ਦੇਣ ਦੇ ਮਾਮਲੇ ਵਿਚ ਲਗਭਗ 35-40 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਕੁਝ ਵਿਅਕਤੀ 'ਤੇ ਬਾਈ ਨੇਮ ਪਰਚਾ ਦਰਜ ਕੀਤਾ ਗਿਆ ਹੈ ਅਤੇ ਜ਼ਿਆਦਾਤਰ ਅਣਪਛਾਤੇ ਵਿਅਕਤੀ ਹਨ। ਇਸ ਸਬੰਧੀ ਅਸੀਂ ਉਨ੍ਹਾਂ ਦੇ ਘਰਾਂ ਉੱਪਰ ਰੇਡ ਕਰ ਰਹੇ ਹਾਂ ਪਰ ਸਾਰੇ ਵਿਅਕਤੀ ਫਰਾਰ ਹਨ ਅਤੇ ਛੇਤੀ ਹੀ ਇਨ੍ਹਾਂ ਦੀ ਗ੍ਰਿਫਤਾਰੀ ਕੀਤੀ ਜਾਵੇਗੀ।

## ਫੈਟਕਰੀ 'ਚ ਵਾਪਰਿਆ ਦਰਦਨਾਕ ਹਾਦਸਾ ! ਕਰੇਨ ਦਾ ਗਾਰਡਰ ਡਿੱਗਣ ਕਾਰਨ ਠੇਕੇਦਾਰ ਦੀ ਮੌਤ

ਖੰਨਾ 26 ਜੁਲਾਈ। ਖੰਨਾ ਵਿੱਚ ਸ਼੍ਰੀ ਅੰਬੇ ਸਟੀਲ ਇੰਡਸਟਰੀ ਵਿੱਚ ਇੱਕ ਕਰੇਨ ਗਰਡਰ ਡਿੱਗਣ ਕਾਰਨ ਇੱਕ ਠੇਕੇਦਾਰ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ 44 ਸਾਲਾ ਸਤਨਾਮ ਸਿੰਘ ਵਜੋਂ ਹੋਈ ਹੈ, ਜੋ ਕਿ ਅਮਲੋਹ ਦੇ ਬਰੋਂਗਾ ਦਾ ਰਹਿਣ ਵਾਲਾ ਸੀ। ਇੱਕ ਵੀਡੀਓ ਵੀ ਸਾਹਮਣੇ ਆਇਆ ਹੈ ਜਿਸ ਵਿੱਚ ਇੰਡਸਟਰੀ ਦਾ ਗੇਟ ਬੰਦ ਦਿਖਾਈ ਦੇ ਰਿਹਾ ਹੈ ਅਤੇ ਬਾਹਰ ਖੜ੍ਹੇ ਪਰਿਵਾਰਕ ਮੈਂਬਰ ਦੋਸ਼ ਲਗਾ ਰਹੇ ਹਨ ਕਿ ਉਨ੍ਹਾਂ ਨੂੰ ਅੰਦਰ ਨਹੀਂ ਜਾਣ ਦਿੱਤਾ ਜਾ ਰਿਹਾ। ਉਦਯੋਗ 'ਤੇ ਲਾਪਰਵਾਹੀ ਦਾ ਵੀ ਦੋਸ਼ ਲਗਾਇਆ ਜਾ ਰਿਹਾ ਹੈ। ਮ੍ਰਿਤਕ ਦੇ ਪੁੱਤਰ ਕਰਨਵੀਰ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਲੰਬੇ ਸਮੇਂ ਤੋਂ ਇਸ ਫੈਕਟਰੀ ਵਿੱਚ ਠੇਕੇਦਾਰ ਵਜੋਂ ਕੰਮ ਕਰ ਰਹੇ ਸਨ। ਕਰੇਨ ਦਾ ਗਰਡਰ ਟੁੱਟ ਗਿਆ ਅਤੇ ਉਸਦੇ ਪਿਤਾ ਉੱਤੇ ਡਿੱਗ ਪਿਆ, ਜਿਸ ਨਾਲ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਉਨ੍ਹਾਂ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ। ਡੀਐੱਸਪੀ ਅੰਮ੍ਰਿਤਪਾਲ ਸਿੰਘ ਭਾਟੀ ਨੇ ਦੱਸਿਆ ਕਿ ਪੁਲਸ ਨੇ ਮ੍ਰਿਤਕ ਦੀ ਪਤਨੀ ਦੇ ਬਿਆਨਾਂ 'ਤੇ ਬੀਐੱਨਐੱਸ ਦੀ ਧਾਰਾ 194 ਤਹਿਤ ਕਾਰਵਾਈ ਕੀਤੀ ਹੈ। ਪੋਸਟਮਾਰਟਮ ਤੋਂ ਬਾਅਦ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਗਈ। ਪਰਿਵਾਰਕ ਮੈਂਬਰਾਂ ਨੇ ਇੰਡਸਟਰੀ ਮੈਨੇਜਮੈਂਟ 'ਤੇ ਕੋਈ ਦੋਸ਼ ਨਹੀਂ ਲਗਾਇਆ ਅਤੇ ਹਾਦਸੇ ਨੂੰ ਕੁਦਰਤੀ ਦੱਸਿਆ।

## ਜੈਤੋ ਪੁਲਸ ਨੇ ਲੁੱਟਾਂ-ਖੋਹਾਂ ਕਰਨ ਦੀ ਯੋਜਨਾ ਬਣਾ ਰਹੇ ਚਾਰ ਦੋਸ਼ੀ ਹਥਿਆਰਾਂ ਸਮੇਤ ਕਾਬੂ ਕੀਤੇ

ਜੈਤੋ 26 ਜੁਲਾਈ। ਜ਼ਿਲ੍ਹਾ ਫਰੀਦਕੋਟ ਦੇ ਪੁਲਸ ਕਪਤਾਨ ਡਾ.ਪ੍ਰਗਿਆ ਜੈਨ ਆਈ.ਪੀ.ਐਸ. ਦੀ ਅਗਵਾਈ ਹੇਠ ਫਰੀਦਕੋਟ ਪੁਲਸ ਵੱਲੋਂ ਲੁੱਟਾ-ਖੋਹਾਂ, ਚੋਰੀਆਂ ਅਤੇ ਨਸ਼ੇ ਦੀ ਤਸਕਰੀ ਵਿਚ ਸ਼ਾਮਲ ਦੋਸ਼ੀਆਂ ਖ਼?ਲਾਫ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਜਿਸਦੇ ਤਹਿਤ ਸਬ ਡਿਵੀਜ਼ਨ ਜੈਤੋ ਦੇ ਡੀਐੱਸਪੀ ਸੁਖਦੀਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ, ਥਾਣਾ ਜੈਤੋ ਦੇ ਇੰਚਾਰਜ ਇੰਸਪੈਕਟਰ ਗੁਰਵਿੰਦਰ ਸਿੰਘ ਮੁੱਖ ਦੀ ਨਿਗਰਾਨੀ ਹੇਠ ਸ:ਥ: ਇਕਬਾਲ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ ਅਤੇ ਚੈਕਿੰਗ ਦੇ ਸੰਬੰਧੀ ਪੁਲ ਕੱਸੀ ਬਠਿੰਡਾ ਰੋਡ ਜੈਤੋ ਪਾਸ ਮੌਜੂਦ ਸੀ। ਇਸ ਦੌਰਾਨ ਉਨ੍ਹਾਂ ਨੂੰ ਇਤਲਾਹ ਮਿਲੀ ਕਿ ਗਗਨਦੀਪ ਸਿੰਘ ਉਰਫ ਗੱਗੂ ਪੁੱਤਰ ਮੁਨਸ਼ੀ ਸਿੰਘ ਵਾਸੀ ਕਮਰਾ ਪੱਤੀ ਜੈਤੋ, ਸਾਹਿਲ ਉਰਫ ਕੱਟਾ ਪੁੱਤਰ ਮੁਨਸ਼ੀ ਰਾਮ ਵਾਸੀ ਵਾਲਮੀਕਿ ਕਲੋਨੀ, ਜੈਤੋ, ਮਨਪ੍ਰੀਤ ਸਿੰਘ ਉਰਫ ਮਨੀ ਪੁੱਤਰ ਸਾਰਜ ਸਿੰਘ ਵਾਸੀ ਰੋੜੀਕਪੂਰਾ, ਖੁਸਵਿੰਦਰ ਸਿੰਘ




ਉਰਫ ਗੋਰੀ ਪੁੱਤਰ ਸਾਹਿਬ ਸਿੰਘ ਵਾਸੀ ਕਰੀਰਵਾਲੀ ਜੋ ਪਹਿਲਾਂ ਵੀ ਵਹੀਕਲ ਚੋਰੀ ਕਰਨ, ਦੁਕਾਨਾਂ ਤੇ ਚੋਰੀਆਂ ਕਰਨ ਅਤੇ ਲੁੱਟ ਖੋਹ ਕਰਨ ਦੇ ਆਦੀ ਹਨ। ਜੋ ਹੁਣ ਕਾਪੇ, ਕਿਰਪਾਨਾਂ, ਖੰਡੇ ਵਰਗੇ ਖਤਰਨਾਕ ਹਥਿਆਰਾਂ ਨਾਲ ਲੈਸ ਹੋ ਕੇ ਨੇੜੇ ਪੁਲ ਕੱਸੀ ਦਬੜੀਖਾਨਾ ਰੋਡ ਜੈਤੋ ਵਿਖੇ ਕਮਰੇ ਵਿਚ ਇਕੱਠੇ ਹੋ ਕੇ ਲੁੱਟ ਖੋਹ ਕਰਨ ਦੀ ਯੋਜਨਾ ਬਣਾ ਰਹੇ ਹਨ। ਇਸ 'ਤੇ ਥਾਣਾ ਜੈਤੋ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਅਤੇ ਤੁਰੰਤ ਕਾਰਵਾਈ ਕਰਦੇ ਹੋਏ ਇਸ ਗਿਰੋਹ ਵਿਚ ਸ਼ਾਮਲ 4 ਮੈਂਬਰਾਂ ਨੂੰ 1 ਗਰਾਰੀ ਲੱਗੀ ਪਾਈਪ, 1 ਕ੍ਰਿਪਾਨ, 2 ਖੰਡੇ ਅਤੇ 1 ਮੋਟਰਸਾਈਕਲ ਸਮੇਤ ਕਾਬੂ ਕੀਤਾ ਗਿਆ।

## ਸੀ.ਸੀ.ਡੀ ਚੌਂਕ ਦੇ ਸਾਹਮਣੇ ਐਕਸਾਈਜ਼ ਨੇ ਘੇਰੀ ਸ਼ੱਕੀ ਫਾਰਚੂਨਰ ਗੱਡੀ

ਪਟਿਆਲਾ 26 ਜੁਲਾਈ। ਸ਼ਨੀਵਾਰ ਦੀ ਸ਼ਾਮ ਨੂੰ ਸ਼ਹਿਰ ਦੇ ਭੁਪਿੰਦਰ ਰੋਡ 'ਤੇ ਸਥਿਤ ਸੀ.ਸੀ.ਡੀ. ਦੇ ਸਾਹਮਣੇ ਐਕਸਾਈਜ਼ ਵਿਭਾਗ ਦੀ ਟੀਮ ਨੇ ਇੱਕ ਕਾਲੇ ਰੰਗ ਦੀ ਫੋਰਚੂਨਰ ਗੱਡੀ ਘੇਰ ਲਈ ਅਤੇ ਮੌਕੇ 'ਤੇ ਥਾਣਾ ਸਿਵਲ ਲਾਈਨ ਦੀ ਪੁਲਸ ਵੀ ਪਹੁੰਚ ਗਈ। ਐਕਸਾਈਜ਼ ਦੀ ਟੀਮ ਨੇ ਇੱਕ ਪਾਸੇ ਆਪਣੀ ਗੱਡੀ ਲਗਾਈ ਹੋਈ



ਅਤੇ ਦੂਜੇ ਪਾਸੇ ਪੁਲਸ ਨੇ ਆਪਣੀ ਗੱਡੀ ਲਗਾ ਦਿੱਤੀ। ਮੌਕੇ 'ਤੇ ਐਕਸਾਈਜ਼ ਦੀ ਪੁਲਸ ਪਾਰਟੀ ਵੀ ਪਹੁੰਚੀ ਹੋਈ ਸੀ। ਗੱਡੀ ਪੇਟੀਆਂ ਨਾਲ ਭਰੀ ਹੋਈ ਦਿਖਾਈ ਦੇ ਰਹੀ ਸੀ। ਜਦੋਂ ਮੌਕੇ 'ਤੇ ਮੌਜੂਦ ਪੁਲਸ ਨੂੰ ਪੁਛਿਆ ਗਿਆ ਤਾਂ ਉਨ੍ਹਾਂ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ। ਸਗੋਂ ਇਹ ਕਹਿ ਕੇ ਟਾਲਣ ਦੀ ਕੋਸ਼ਿਸ ਕੀਤੀ ਗਈ ਕਿ ਅਜੇ ਜਾਂਚ ਚੱਲ ਰਹੀ ਹੈ। ਇਸ ਦੌਰਾਨ ਕਾਫੀ ਦੇਰ ਐਕਸਾਈਜ਼ ਵਿਭਾਗ ਵਾਲਿਆਂ ਕੁਝ ਵਿਅਕਤੀਆਂ ਦੀ ਗੱਲ ਚਲਦੀ ਰਹੀ, ਪਰ ਅਜੇ ਤੱਕ ਇਸ ਮਾਮਲੇ ਵਿਚ ਅਧਿਆਰਤ ਤੌਰ 'ਤੇ ਕੁਝ ਵੀ ਨਹੀਂ ਗਿਆ।

## ਪਟਾਕਾ ਫੈਕਟਰੀ 'ਚ ਧਮਾਕੇ 'ਚ ਤਿੰਨ ਮਜ਼ਦੂਰਾਂ ਦੀ ਮੌਤ, 2 ਕਿਲੋਮੀਟਰ ਦੂਰ ਤੱਕ ਸੁਣੀ ਗਈ ਬਲਾਸਟ ਦੀ ਆਵਾਜ਼

ਸਹਾਰਨਪੁਰ 26 ਜੁਲਾਈ। ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਜ਼ਿਲ੍ਹੇ ਦੇ ਦੇਵਬੰਦ ਥਾਣਾ ਇਲਾਕੇ 'ਚ ਸ਼ਨੀਵਾਰ ਨੂੰ ਇਕ ਪਟਾਕਾ ਫੈਕਟਰੀ 'ਚ ਭਿਆਨਕ ਧਮਾਕੇ ਤੋਂ ਬਾਅਦ ਅੱਗ ਲੱਗਣ ਨਾਲ ਤਿੰਨ ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਭਵਨ ਢਹਿ ਗਿਆ। ਇਕ ਸੀਨੀਅਰ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਧਮਾਕਾ ਇੰਨਾ ਤੇਜ਼ ਸੀ ਕਿ ਇਸ ਦੀ ਗੂੰਜ ਕਰੀਬ 2 ਕਿਲੋਮੀਟਰ ਤੱਕ ਸੁਣੀ ਗਈ ਅਤੇ ਕੰਪਨ ਕਾਰਨ ਪਿੰਡ ਵਾਸੀਆਂ ਨੂੰ ਭੂਚਾਲ ਦੇ ਝਟਕੇ ਜਿਹਾ ਅਹਿਸਾਸ ਹੋਇਆ। ਸਹਾਰਨਪੁਰ ਦੇ ਜ਼ਿਲ੍ਹਾ ਅਧਿਕਾਰੀ (ਡੀਐੱਮ) ਮਨੀਸ਼ ਬੰਸਲ ਨੇ ਦੱਸਿਆ ਕਿ ਅੱਜ ਸਵੇਰੇ 4.30 ਵਜੇ ਦੇਵਬੰਦ ਥਾਣਾ ਖੇਤਰ ਦੇ ਜੜੌਦਾ ਜਟਟ ਪਿੰਡ 'ਚ ਲਾਇਸੈਂਸੀ ਪਟਾਕਾ ਫੈਕਟਰੀ 'ਚ ਅੱਗ ਲੱਗ ਗਈ। ਉਨ੍ਹਾਂ ਦੱਸਿਆ ਕਿ ਫੈਕਟਰੀ 'ਚ ਕੰਮ ਕਰਨ ਵਾਲੇ ਕੁਝ ਮਜ਼ਦੂਰ ਅੱਗ 'ਚ ਝੁਲਸ ਗਏ, ਜਿਨਾਂ 'ਚੋਂ ਤਿੰਨ ਦੀ ਮੌਤ ਹੋ ਗਈ। ਡੀਐੱਮ ਨੇ ਦੱਸਿਆ ਕਿ ਸੂਚਨਾ ਮਿਲਦੇ ਹੀ ਦੇਵਬੰਦ ਪੁਲਸ ਥਾਣੇ ਦੀ ਫੋਰੈਂਸਿਕ ਟੀਮ ਅਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪਹੁੰਚ ਗਈਆਂ ਅਤੇ ਰਾਹਤ ਕੰਮ ਸ਼ੁਰੂ ਕਰ ਦਿੱਤਾ ਗਿਆ। ਬੰਸਲ ਨੇ ਕਿਹਾ ਕਿ ਪਟਾਕਾ ਫੈਕਟਰੀ ਚਲਾਉਣ ਵਾਲੇ ਤਿੰਨ ਲੋਕਾਂ ਨੂੰ ਹਿਰਾਸਤ 'ਚ ਲੈ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਪਟਾਕਾ ਫੈਕਟਰੀ ਕੋਲ ਲਾਇਸੈਂਸ ਸੀ। ਉਨ੍ਹਾਂ ਕਿਹਾ ਕਿ ਫੈਕਟਰੀ 'ਚ ਕਿਸ ਤਰ੍ਹਾਂ ਦੇ ਪਟਾਕੇ ਬਣਾਏ ਜਾ ਰਹੇ ਸਨ, ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ। ਉਸੇ ਸਮੇਂ, ਫੈਕਟਰੀ 'ਚ ਕੰਮ ਕਰ ਰਹੇ ਕੁਝ ਮਜ਼ਦੂਰਾਂ



ਅਤੇ ਪਿੰਡ ਵਾਸੀਆਂ ਨੇ ਹਾਈਵੇਅ ਜਾਮ ਕਰ ਦਿੱਤਾ। ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਮਜ਼ਦੂਰਾਂ ਅਤੇ ਪਿੰਡ ਵਾਸੀਆਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ। ਮੌਕੇ 'ਤੇ ਵੱਡੀ ਗਿਣਤੀ 'ਚ ਪੁਲਸ ਬਲ ਤਾਇਨਾਤ ਹਨ। ਪ੍ਰਦਰਸ਼ਨਕਾਰੀ ਮਜ਼ਦੂਰਾਂ ਦੇ ਰਿਸ਼ਤੇਦਾਰਾਂ ਅਤੇ ਪਿੰਡ ਵਾਸੀਆਂ ਦਾ ਦੋਸ਼ ਹੈ ਕਿ ਪ੍ਰਸ਼ਾਸਨ ਉਨ੍ਹਾਂ ਨੂੰ ਅਸਲ ਜਾਣਕਾਰੀ ਨਹੀਂ ਦੇ ਰਿਹਾ ਹੈ। ਸੂਤਰਾਂ ਨੇ ਵੱਡੇ ਨੁਕਸਾਨ ਦਾ ਖਦਸ਼ਾ ਪ੍ਰਗਟ ਕੀਤਾ ਹੈ ਕਿਉਂਕਿ ਹਾਦਸੇ ਸਮੇਂ ਫੈਕਟਰੀ ਵਿੱਚ ਬਹੁਤ ਸਾਰੇ ਲੋਕ ਕੰਮ ਕਰ ਰਹੇ ਸਨ ਅਤੇ ਧਮਾਕੇ ਕਾਰਨ ਇਮਾਰਤ ਢਹਿ ਗਈ। ਪਿੰਡ ਵਾਸੀਆਂ ਦਾ ਦੋਸ਼ ਹੈ ਕਿ ਪ੍ਰਸ਼ਾਸਨ ਦੀ ਲਾਪਰਵਾਹੀ ਕਾਰਨ, ਇਲਾਕੇ 'ਚ 'ਕਈ ਗੈਰ-ਕਾਨੂੰਨੀ ਪਟਾਕੇ ਬਣਾਉਣ ਵਾਲੀਆਂ ਫੈਕਟਰੀਆਂ' ਚਲਾਈਆਂ ਜਾ ਰਹੀਆਂ ਹਨ।

## ਜ਼ਿਲ੍ਹੇ ਦੀਆਂ ਮੰਡੀਆਂ 'ਚ ਕਣਕ ਦੀ ਖ਼ਰੀਦ ਤੇ ਲਿਫਟਿੰਗ ਨਿਰਵਿਘਨ ਜਾਰੀ

ਬਠਿੰਡਾ 26 ਜੁਲਾਈ। ਜ਼ਿਲ੍ਹੇ ਦੀਆਂ ਮੰਡੀਆਂ 'ਚ ਕਣਕ ਦੀ ਖ਼ਰੀਦ ਅਤੇ ਲਿਫਟਿੰਗ ਨਿਰਵਿਘਨ ਜਾਰੀ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਅਧਿਕਾਰੀਆਂ ਨਾਲ ਖ਼ਰੀਦ ਦੇ ਪ੍ਰਬੰਧਾਂ ਨੂੰ ਲੈ ਕੇ ਕੀਤੀ ਗਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਾਂਝੀ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੰਦਿਆਂ ਕਿਹਾ ਕਿ ਜ਼ਿਲ੍ਹੇ ਅੰਦਰ ਚੱਲ ਰਹੀ ਕਣਕ ਦੀ ਖ਼ਰੀਦ ਤੇ ਲਿਫਟਿੰਗ 'ਚ ਹੋਰ ਤੇਜ਼ੀ ਲਿਆਂਦੀ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀਆਂ ਵੱਖ-ਵੱਖ ਅਨਾਜ ਮੰਡੀਆਂ 29 ਅਪ੍ਰੈਲ 2025 ਤੱਕ 744637.50 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ, ਜਿਨ੍ਹਾਂ ਵਿਚੋਂ ਵੱਖ-ਵੱਖ ਖਰੀਦ ਏਜੰਸੀਆਂ ਨੇ 702732 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਕਿਸਾਨਾਂ ਨੂੰ 1493.88 ਕਰੋੜ ਰੁਪਏ ਕਣਕ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਇਸ ਸਬੰਧ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਫੂਡ ਤੇ ਸਪਲਾਈ ਕੰਟਰੋਲਰ ਡਾ. ਰਵਿੰਦਰ ਕੌਰ ਨੇ 29 ਅਪ੍ਰੈਲ ਤੱਕ ਵੱਖ-ਵੱਖ ਏਜੰਸੀਆਂ ਦੁਆਰਾ ਕੀਤੀ ਖ਼ਰੀਦੀ ਗਈ ਕਣਕ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਨਗ੍ਰੇਨ ਵੱਲੋਂ 220471 ਮੀਟ੍ਰਿਕ ਟਨ, ਮਾਰਕਫੈਡ 149748, ਪਨਸਪ 160495, ਵੇਅਰ ਹਾਊਸ 117998 ਤੇ ਪ੍ਰਾਈਵੇਟ ਵਪਾਰੀਆਂ ਵੱਲੋਂ 54020 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਗਈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਜਹਿਰੀਲੀ ਸ਼ਰਾਬ ਨਾਲ ਹੋ ਰਹੀਆਂ ਮੌਤਾਂ, ਉਜੜ ਰਹੇ ਪਰਿਵਾਰ, ਸਰਕਾਰਾਂ ਬੇਖਬਰ

ਸ਼ਰਾਬ ਇਕ ਅਜਿਹੀ ਬੁਰਾਈ ਹੈ ਜਿਸ 'ਤੇ ਰੋਕ ਲਾਈ ਜਾਣੀ ਚਾਹੀਦੀ ਹੈ ਪਰ ਸਾਡੀਆਂ ਸਰਕਾਰਾਂ ਨੇ ਇਸ ਪਾਸੇ ਅੱਖਾਂ ਮੀਟ ਰੱਖੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਸਾਡੇ ਹਾਕਮ ਇਸ ਦੀ ਵਿਕਰੀ ਤੋਂ ਹੋਣ ਵਾਲੀ ਇਸ ਵੱਡੀ ਆਮਦਨ ਨੂੰ ਗਵਾਉਣਾ ਨਹੀਂ ਚਾਹੁੰਦੇ ਕਿਉਂਕਿ ਸਰਕਾਰਾਂ ਇਸ ਦੇ ਸਹਾਰੇ ਚੱਲਦੀਆਂ ਹਨ। ਅੱਜ ਦੇਸ਼ 'ਚ ਸ਼ਰਾਬ ਦੀ ਵਰਤੋਂ ਲਗਾਤਾਰ ਵਧ ਰਹੀ ਹੈ ਅਤੇ ਹੁਣ ਤਾਂ ਸਮਾਜ ਵਿਰੋਧੀ ਤੱਤਾਂ ਵੱਲੋਂ ਨਕਲੀ ਜਹਿਰੀਲੀ ਸ਼ਰਾਬ ਵੀ ਬਣਾਈ ਜਾਣ ਲੱਗੀ ਹੈ ਜਿਸ ਦੀ ਵਰਤੋਂ ਨਾਲ ਹੋਣ ਵਾਲੀਆਂ ਮੌਤਾਂ ਕਾਰਨ ਵੱਡੀ ਗਿਣਤੀ 'ਚ ਔਰਤਾਂ ਦੇ ਸੁਹਾਗ ਉਜੜ ਰਹੇ ਹਨ ਅਤੇ ਬੱਚੇ ਯਤੀਮ ਹੋ ਰਹੇ ਹਨ, ਜੋ ਹੇਠ ਲਿਖੀਆਂ ਘਟਨਾਵਾਂ ਤੋਂ ਸਪੱਸ਼ਟ ਹੈ : 20 ਜੂਨ ਦੇ ਆਉਂਦੇ-ਆਉਂਦੇ ਜਹਿਰੀਲੀ ਸ਼ਰਾਬ ਪੀਣ ਨਾਲ ਮਰਨ ਵਾਲਿਆਂ ਦੀ ਗਿਣਤੀ 47 ਤੱਕ ਪਹੁੰਚ ਗਈ ਜਦਕਿ 100 ਤੋਂ ਵੱਧ ਵਿਅਕਤੀ ਅਜੇ ਵੀ ਹਸਪਤਾਲਾਂ 'ਚ ਪਏ ਹਨ ਜਿਨ੍ਹਾਂ 'ਚੋਂ 30 ਦੀ ਹਾਲਤ ਗੰਭੀਰ ਹੈ। ਇਸ ਮਾਮਲੇ 'ਚ 49 ਸਾਲਾ ਨਾਜਾਇਜ ਸ਼ਰਾਬ ਵਿਕਰੇਤਾ 'ਕਨੂੰਕੁੱਟੀ' ਸਮੇਤ 4 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਕਨੂੰਕੁੱਟੀ ਕੋਲੋਂ ਜਬਤ ਕੀਤੀ ਗਈ 200 ਲੀਟਰ ਨਾਜਾਇਜ ਸ਼ਰਾਬ ਦੀ ਜਾਂਚ 'ਚ ਸਾਹਮਣੇ ਆਇਆ ਕਿ ਉਸ 'ਚ ਖਤਰਨਾਕ 'ਮੇਥੇਨਾਲ' ਮੌਜੂਦ ਸੀ। ਵਰਨਣਯੋਗ ਹੈ ਕਿ ਬੀਤੇ ਸਾਲ ਵੀ ਸੂਬੇ ਦੇ 'ਵਿੱਲੂਪੁਰਮ' ਅਤੇ 'ਚੇਂਗਲਪੱਟੂ' ਜ਼ਿਲ੍ਹੇ 'ਚ ਨਾਜਾਇਜ ਸ਼ਰਾਬ ਪੀਣ ਨਾਲ 22 ਵਿਅਕਤੀਆਂ ਦੀ ਮੌਤ ਹੋ ਗਈ ਸੀ। ਤਮਿਲਨਾਡੂ ਦੇ ਮੁੱਖ ਮੰਤਰੀ ਐੱਮ. ਕੇ. ਸਟਾਲਿਨ ਨੇ ਇਸ ਮਾਮਲੇ ਦੀ ਜਾਂਚ ਲਈ ਮਦਰਾਸ ਹਾਈ ਕੋਰਟ ਦੇ ਸੇਵਾਮੁਕਤ ਜੱਜ ਬੀ. ਗੋਕੁਲਦਾਸ ਦੀ ਅਗਵਾਈ 'ਚ ਇਕ ਮੈਂਬਰੀ ਕਮਿਸ਼ਨ ਗਠਿਤ ਕਰਨ ਦਾ ਹੁਕਮ ਦੇਣ ਦੇ ਇਲਾਵਾ ਜ਼ਿਲ੍ਹੇ ਦੇ ਐੱਸ. ਪੀ. ਨੂੰ ਬਰਖਾਸਤ ਅਤੇ ਜ਼ਿਲ੍ਹਾ ਕਲੈਕਟਰ ਦਾ ਤਬਾਦਲਾ ਕਰ ਦਿੱਤਾ ਹੈ। ਸ਼ਰਾਬ ਦੇ ਅਜਿਹੇ ਭੈੜੇ ਅਸਰਾਂ ਨੂੰ ਦੇਖਦੇ ਹੋਏ ਹੀ ਰਾਸ਼ਟਰਪਿਤਾ ਮਹਾਤਮਾ ਗਾਂਧੀ ਨੇ ਗੁਲਾਮੀ ਦੇ ਯੁੱਗ 'ਚ ਇਹ ਐਲਾਨ ਕੀਤਾ ਸੀ ਕਿ ਜੇਕਰ ਭਾਰਤ ਦਾ ਸ਼ਾਸਨ ਅੱਧੇ ਘੰਟੇ ਲਈ ਵੀ ਉਨ੍ਹਾਂ ਦੇ ਹੱਥ 'ਚ ਆ ਜਾਵੇ ਤਾਂ ਉਹ ਸ਼ਰਾਬ ਦੀਆਂ ਸਾਰੀਆਂ ਡਿਸਟਿਲਰੀਆਂ ਅਤੇ ਦੁਕਾਨਾਂ ਨੂੰ ਬਿਨਾਂ ਮੁਆਵਜਾ ਦਿੱਤੇ ਹੀ ਬੰਦ ਕਰ ਦੇਣਗੇ। ਇਹੀ ਨਹੀਂ, ਗਾਂਧੀ ਜੀ ਨੇ ਔਰਤਾਂ ਨੂੰ ਵੀ ਆਜਾਦੀ ਅੰਦੋਲਨ ਨਾਲ ਜੋੜਿਆ ਅਤੇ ਦੇਸ਼ ਦੇ ਕੋਨੇ-ਕੋਨੇ 'ਚ ਔਰਤਾਂ ਨੇ ਛੋਟੇ ਦੁੱਧ ਪੀਂਦੇ ਬੱਚਿਆਂ ਤੱਕ ਨੂੰ ਗੋਦ 'ਚ ਲੈ ਕੇ ਸ਼ਰਾਬਬੰਦੀ ਦੀ ਮੰਗ ਦੇ ਨਾਲ-ਨਾਲ ਵਿਦੇਸ਼ੀ ਕੱਪੜਿਆਂ ਦੀ ਹੋਲੀ ਸਾੜੀ ਅਤੇ ਕਈ ਔਰਤਾਂ ਨੇ 2-2, 3-3 ਸਾਲ ਦੀ ਕੈਦ ਵੀ ਕੱਟੀ ਸੀ। ਉਕਤ ਦੁਖਦਾਈ ਘਟਨਾਵਾਂ ਤੋਂ ਸਪੱਸ਼ਟ ਹੈ ਕਿ ਸ਼ਰਾਬ ਕਿੰਨੀ ਤਬਾਹੀ ਲਿਆਉਂਦੀ ਹੈ। ਇਸ ਲਈ ਇਸ ਦੀ ਵਰਤੋਂ 'ਤੇ ਰੋਕ ਲਾਉਣ ਦੀ ਦਿਸ਼ਾ 'ਚ ਠੋਸ ਕਦਮ ਚੁੱਕਣੇ ਅਤੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜਾ ਦੇਣ ਦੀ ਲੋੜ ਹੈ ਤਾਂ ਕਿ ਪਰਿਵਾਰ ਨਾ ਉਜੜਣ। ਅਸੀਂ ਸਵੈਮਸੇਵੀ ਸੰਗਠਨਾਂ ਅਤੇ ਸੰਤ ਸਮਾਜ ਨੂੰ ਬੇਨਤੀ ਕਰਾਂਗੇ ਕਿ ਉਹ ਉਕਤ ਘਟਨਾਵਾਂ ਦਾ ਨੋਟਿਸ ਲੈ ਕੇ ਸ਼ਰਾਬ ਦੀ ਲਾਹਨਤ 'ਤੇ ਪਾਬੰਦੀ ਲਗਵਾਉਣ ਦੀ ਦਿਸ਼ਾ 'ਚ ਯਤਨ ਸ਼ੁਰੂ ਕਰਨ।

## ਮਨੁੱਖੀ ਅਧਿਕਾਰ ਪੈਨਲ ਨੇ ਲਾਸ਼ ਹਸਪਤਾਲ ਤੋਂ ਬਾਹਰ ਰੱਖਣ ਦੇ ਮਾਮਲੇ 'ਚ ਮੰਗੀ ਰਿਪੋਰਟ

ਫਰੀਦਕੋਟ 26 ਜੁਲਾਈ। ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ,ਫਰੀਦਕੋਟ ਵੱਲੋਂ ਅਣਪਛਾਤੇ ਮਰੀਜ਼ ਦੀ ਲਾਸ਼ ਹਸਪਤਾਲ ਤੋਂ ਬਾਹਰ ਸੁੱਟਣ ਮਗਰੋਂ ਪੰਜਾਬ ਮਨੁੱਖੀ ਅਧਿਕਾਰ ਕਮੀਸ਼ਨ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਪ੍ਰਸ਼ਾਸਨ ਤੋਂ ਰਿਪੋਰਟਾਂ ਦੀ ਮੰਗ ਕੀਤੀ। ਪੰਜਾਬ ਮਨੁੱਖੀ ਅਧਿਕਾਰ ਕਮੀਸ਼ਨ ਨੇ ਸਿਵਲ ਸਰਜਨ ਅਤੇ ਡਿਪਟੀ ਕਮਿਸ਼ਨਰ ਨੂੰ ਨਿਰਦੇਸ਼ ਦਿੱਤੇ ਹਨ ਕਿ ਰਿਪੋਰਟ 24 ਅਗਸਤ ਤੋਂ ਪਹਿਲਾਂ ਜਮ੍ਹਾਂ ਕਰਵਾਈ ਜਾਵੇ। ਸਿਹਤ ਸੈਕਟਰੀ ਨੂੰ ਸੂਚਿਤ ਕਰਨ ਤੋਂ ਬਾਅਦ ਨਿਰਦੇਸ਼ ਦੀਆਂ ਕਾਪੀਆਂ ਅਤੇ ਖ਼ਬਰਾਂ ਦੀਆਂ ਰਿਪੋਰਟਾਂ ਦੋਵੇਂ ਅਧਿਕਾਰੀਆਂ ਨੂੰ ਈਮੇਲ ਅਤੇ ਡਾਕ ਰਾਹੀ ਭੇਜ ਦਿੱਤੀਆਂ ਗਈਆਂ ਹਨ। ਕਮੀਸ਼ਨ ਨੇ ਇਸ ਘਟਨਾ ਨੂੰ ਹੈਰਾਨੀਜਨਕ ਦੱਸਦੇ ਹੋਏ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਰਿਪੋਰਟਾਂ ਮੁਤਾਬਿਕ ਸਟਾਫ ਵੱਲੋਂ ਮ੍ਰਿਤਕ ਮਰੀਜ਼ ਦੇ ਲਵਾਰਿਸ ਸਰੀਰ ਨੂੰ ਹਸਪਤਾਲ ਤੋਂ ਬਾਹਰ ਸੁੱਟ ਦਿੱਤਾ ਗਿਆ ਸੀ, ਜਿਸ ਕਾਰਨ ਲੋਕਾਂ 'ਚ ਕਾਫੀ ਰੋਸ ਦੇਖਣ ਨੂੰ ਮਿਲਿਆ ਅਤੇ ਹਸਪਤਾਲ ਦੀ ਪ੍ਰਕਿਰਿਆ 'ਤੇ ਗੰਭੀਰ ਸਵਾਲ ਚੁੱਕੇ ਗਏ। ਭਾਜਪਾ ਦੇ ਉਪ-ਪ੍ਰਧਾਨ ਪਰਮਜੀਤ ਸਿੰਘ ਕੈਂਠ ਵੱਲੋਂ ਇਸ ਘਟਨਾ ਨੂੰ ਸ਼ਰਮਨਾਕ,ਅਣਮਨੁੱਖੀ ਅਤੇ ਅਸਵੀਕਾਰਯੋਗ ਦੱਸਦਿਆਂ ਉਨ੍ਹਾਂ ਕਿਹਾ ਕਿ ਘਟਨਾ ਪੰਜਾਬ ਸਰਕਾਰ ਦੀ 'ਸਿਹਤ ਕ੍ਰਾਂਤੀ' ਦੀ ਪੋਲ ਖ੍ਹੋਲ ਰਹੀ ਹੈ। ਇਹ ਘਟਨਾ ਸੂਬੇ ਦੀ ਸਿਹਤ ਪ੍ਰਣਾਲੀ ਵਿਚਲੀਆਂ ਕਮੀਆਂ ਨੂੰ ਦਰਸਾਉਂਦੀ ਹੈ। ਕੈਂਠ ਨੇ ਅੱਗੇ ਕਿਹਾ ਛੋਟੇ ਅਹੁਦੇ ਦੇ ਕਰਮਚਾਰੀਆਂ ਨੂੰ ਮੁਅੱਤਲ ਕਰਨਾ ਕਾਫ਼ੀ ਨਹੀਂ ਹੈ ਸਗੋਂ ਸਿਹਤ ਅਤੇ ਮੈਡੀਕਲ ਸਿੱਖਿਆ ਦੇ ਮੰਤਰੀ ਡਾ. ਬਲਬੀਰ ਸਿੰਘ ਨੂੰ ਇਸ ਘਟਨਾ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਕੈਂਠ ਨੇ ਸਰਕਾਰ ਨੂੰ ਪ੍ਰੋਟੋਕੋਲ ਅਸਫਲਤਾ ਦੀ ਪਛਾਣ ਕਰਨ ਲਈ ਸਮਾਂਬੱਧ ਅਤੇ ਉੱਚ ਪੱਧਰ ਦੀ ਜਾਂਚ ਦੀ ਮੰਗ ਕੀਤੀ ਤਾਂ ਜੋ ਇਹ ਯਕੀਨੀ ਬਣਾਇਆ ਜਾਵੇ ਕਿ ਸੂਬੇ ਵੱਲੋਂ ਚਲਾਏ ਜਾ ਰਹੇ ਮੈਡੀਕਲ ਕਾਲਜ ਮਰੀਜ਼ ਅਤੇ ਮ੍ਰਿਤਕਾਂ ਨਾਲ ਨਜਿੱਠਣ ਲਈ ਸਖ਼ਤ ਕਾਨੂੰਨੀ ਅਤੇ ਨੈਤਿਕ ਮਿਆਰਾਂ ਦੀ ਪਾਲਣਾ ਕਰਦੇ ਹਨ।

## 25 ਸਾਲਾ ਵਿਆਹੁਤਾ ਔਰਤ ਸ਼ੱਕੀ ਹਾਲਾਤ 'ਚ ਲਾਪਤਾ

ਲੁਧਿਆਣਾ 26 ਜੁਲਾਈ। ਥਾਣਾ ਸਲੇਮ ਟਾਬਰੀ ਦੀ ਪੁਲਸ ਨੇ 25 ਸਾਲਾ ਔਰਤ ਦੇ ਸ਼ੱਕੀ ਹਾਲਾਤ 'ਚ ਲਾਪਤਾ ਹੋਣ ਦਾ ਕੇਸ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਜੈਦੀਪ ਜਾਖੜ ਨੇ ਦੱਸਿਆ ਕਿ ਪੁਲਸ ਨੂੰ ਸ਼ਿਕਾਇਤ ਕਰਤਾ ਧਰਮਿੰਦਰ ਪੁੱਤਰ ਪ੍ਰੇਮ ਨਾਥ ਵਾਸੀ ਨਿਊ ਸੁਭਾਸ਼ ਨਗਰ, ਜੋਧੇਵਾਲ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦੀ ਧੀ ਰੀਆ ਗੁਪਤਾ ਦਾ ਵਿਆਹ ਸ਼ਿਵਮ ਗੁਪਤਾ ਨਾਲ ਹੋਇਆ ਸੀ। ਉਸ ਦੇ ਜਵਾਈ ਸ਼ਿਵਮ ਗੁਪਤਾ ਨੇ 21 ਜੂਨ ਨੂੰ ਉਸ ਨੂੰ ਫੋਨ ਕਰ ਕੇ ਦੱਸਿਆ ਕਿ ਰੀਆ ਗੁਪਤਾ ਘਰੋਂ ਬਿਨਾਂ ਦੱਸੇ ਕਿਸੇ ਚਲੀ ਗਈ ਹੈ। ਇਸ ਤੋਂ ਬਾਅਦ ਉਹ ਉਸ ਦੀ ਕਾਫੀ ਦੇਰ ਤੱਕ ਭਾਲ ਕਰਦਾ ਰਿਹਾ ਪਰ ਰੀਆ ਗੁਪਤਾ ਨਹੀਂ ਮਿਲੀ। ਥਾਣਾ ਮੁਖੀ ਨੇ ਦੱਸਿਆ ਕਿ ਇਸ ਤੋਂ ਬਾਅਦ ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਨੂੰ ਸ਼ੱਕ ਹੈ ਕਿ ਉਸ ਦੀ ਧੀ ਨੂੰ ਕਿਸੇ ਵਿਅਕਤੀ ਨੇ ਆਪਣੇ ਨਿੱਜੀ ਸਵਾਰਥ ਲਈ ਕਿਤੇ ਲੁਕੋ ਕੇ ਰੱਖਿਆ ਹੋਇਆ ਹੈ।

## ਨਿਰੰਕਾਰੀ ਕਾਲੋਨੀ ਵਿੱਚ ਸੈਕਟਰ ਪੱਧਰੀ ਮਹਿਲਾ ਸਮਾਗਮ ਦਾ ਭਵਿਆ ਆਯੋਜਨ



ਦਿੱਲੀ, 26 ਜੁਲਾਈ: ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਜੀ ਦੀ ਅਪਾਰ ਕਿਰਪਾ ਸਦਕਾ ਨਿਰੰਕਾਰੀ ਕਾਲੋਨੀ ਦੇ ਗਰਾਊਂਡ ਨੰਬਰ 8, ਬੁਰਾੜੀ ਰੋਡ, ਦਿੱਲੀ ਵਿਖੇ ਸੈਕਟਰ ਪੱਧਰੀ ਨਿਰੰਕਾਰੀ ਮਹਿਲਾ ਸੰਤ ਸਮਾਗਮ ਦਾ ਭਵਿਆ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਨੱਥੂਪੁਰਾ, ਸੰਤ ਨਗਰ, ਹਰਦੇਵ ਨਗਰ, ਨਿਰੰਕਾਰੀ ਕਾਲੋਨੀ, ਮੁਖਰਜੀ ਨਗਰ, ਮਾਡਲ ਟਾਊਨ ਅਤੇ ਵਿਜੇ ਨਗਰ ਸ਼ਾਖਾਵਾਂ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸਤਿਗੁਰੂ ਮਾਤਾ ਜੀ ਦੀਆਂ ਸਿੱਖਿਆਵਾਂ ਦੀ ਵਿਆਖਿਆ ਕਰਨ ਲਈ ਦੇਹਰਾਦੂਨ ਤੋਂ ਪਹੁੰਚੀ ਗਿਆਨ ਪ੍ਰਚਾਰਕ ਭੈਣ ਪਿੰਕੀ ਨਿਸ਼ੰਨ ਨੇ ਆਪਣੇ ਪ੍ਰੇਰਨਾਦਾਇਕ ਵਿਚਾਰਾਂ ਵਿੱਚ ਕਿਹਾ ਕਿ ਕੇਵਲ ਸਤਸੰਗ ਸੁਣਨਾ ਹੀ ਕਾਫ਼ੀ ਨਹੀਂ, ਸਗੋਂ ਸਤਿਗੁਰੂ ਦੇ ਬਚਨਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣਾ ਹੀ ਸੱਚਾ ਸ੍ਰਵਣ ਹੈ। ਉਨ੍ਹਾਂ ਨੇ ਰਾਜਮਾਤਾ ਜੀ ਵੱਲੋਂ ਸੁਣਾਈ ਗਈ ਸ਼ਿਕਾਰੀ ਅਤੇ ਪੰਛੀਆਂ ਦੀ ਕਥਾ ਰਾਹੀਂ ਲਾਲਚ ਤੋਂ ਬਚਣ, ਆਤਮ-ਚਿੰਤਨ ਕਰਨ ਅਤੇ ਸਤਿਗੁਰੂ ਦੇ ਬਚਨਾਂ 'ਤੇ ਚੱਲਣ ਦੀ ਤਾਕਤ ਮੰਗਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਸਤਸੰਗ ਨੂੰ ਕਲਪਵ੍ਰਿੱਛ ਦੱਸਦਿਆਂ ਪ੍ਰੇਮ, ਸੇਵਾ, ਨਿਮਰਤਾ, ਪੰਜ ਪ੍ਰਣਾਂ ਦੀ ਪਾਲਣਾ, ਸਮੇਂ ਦੀ ਮਹੱਤਤਾ, ਸੰਗਤ ਦੀ ਸਿੱਖਿਆ ਨੂੰ ਜੀਵਨ ਵਿੱਚ ਉਤਾਰਨ, ਬੱਚਿਆਂ ਨੂੰ ਸੰਗਤ ਨਾਲ ਜੋੜਨ ਅਤੇ ਸੇਵਾ ਤੇ ਸਤਸੰਗ ਦੀ ਸੱਚੀ ਮਹਿਮਾ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਅੰਤ ਵਿੱਚ ਉਨ੍ਹਾਂ ਨੇ ਜੀਵਨ ਦੇ ਗੂੜ੍ਹੇ ਪ੍ਰਸ਼ਨਾਂ—"ਮੈਂ ਕੌਣ ਹਾਂ? ਮੈਂ ਕਿੱਥੋਂ ਆਇਆ ਹਾਂ ਅਤੇ ਮੈਨੂੰ ਕਿੱਥੇ ਜਾਣਾ ਹੈ?"—'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਇਸ ਪਰਮ ਸੱਚ ਦੀ ਪ੍ਰਾਪਤੀ ਸਿਰਫ਼ ਸਮੇਂ ਦੇ ਪੂਰਨ ਸਤਿਗੁਰੂ ਦੀ ਕਿਰਪਾ ਨਾਲ ਹੀ ਸੰਭਵ ਹੈ। ਜਦੋਂ ਆਤਮਾ ਆਪਣੇ ਮੂਲ ਸਰੂਪ (ਬ੍ਰਹਮ) ਨੂੰ ਜਾਣ ਲੈਂਦੀ ਹੈ, ਤਦੋਂ ਹੀ ਜੀਵਨ ਕਲਿਆਣਮਈ ਬਣਦਾ ਹੈ। ਸਮਾਗਮ ਦੌਰਾਨ ਵੱਖ-ਵੱਖ ਸ਼ਾਖਾਵਾਂ ਦੀਆਂ ਭੈਣਾਂ ਨੇ ਆਪਣੇ ਵਿਚਾਰਾਂ, ਭਜਨਾਂ ਅਤੇ ਕਵਿਤਾਵਾਂ ਰਾਹੀਂ ਸਤਿਗੁਰੂ ਦੇ ਪਾਵਨ ਸੰਦੇਸ਼ ਨੂੰ ਪੇਸ਼ ਕਰਕੇ ਆਧਿਆਤਮਿਕ ਮਾਹੌਲ ਸਿਰਜਿਆ। ਸਮਾਗਮ ਦੇ ਅੰਤ ਵਿੱਚ ਨਿਰੰਕਾਰੀ ਕਾਲੋਨੀ ਸੈਕਟਰ ਦੇ ਸੰਯੋਜਕ ਆਦਰਨੀਯ ਮਨਮੋਹਨ ਸਿੰਘ ਖੁਰਾਨਾ ਨੇ ਸਾਰੇ ਮੁਖੀਆਂ, ਸੰਯੋਜਕਾਂ, ਸੇਵਾਦਲ ਦੇ ਮੈਂਬਰਾਂ ਅਤੇ ਦੂਰ-ਦੁਰਾਡੇ ਤੋਂ ਪਹੁੰਚੀਆਂ ਭੈਣਾਂ ਅਤੇ ਸਮੂਹ ਸਾਧ ਸੰਗਤ ਦਾ ਸਮਾਗਮ ਨੂੰ ਸਫਲ ਬਣਾਉਣ ਲਈ ਦਿਲੋਂ ਧੰਨਵਾਦ ਪ੍ਰਗਟ ਕੀਤਾ।


### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)



### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.



### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.



### ਉੱਤਰ ਰੇਲਵੇ

ਸੋਧਪੱਤਰ

ਇਲੈਕਟ੍ਰੋਨਿਕ ਨਿਵਿਦਾ ਈ ਪ੍ਰਣਾਲੀ ਦੇ ਤਹਿਤ ਮਦਾਂ ਦੀ ਸਪਲਾਈ ਲਈ ਨਿਵਿਦਾ ਮੰਗ

ਟੈਂਡਰ ਨੋਟਿਸ ਨੰ. 82255077 ਤਾਰੀਕ 24.07.2026

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਪ੍ਰਮੁਖ ਮੁੱਖ ਸਮਗਰੀ ਪ੍ਰਬੰਧਕ ਉਤਰ ਰੇਲਵੇ ਨਵੀਂ ਦਿੱਲੀ-110001 ਦੁਆਰਾ ਇਛੁਕ ਫਰਮਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

| ਲ. | ਨਿਵਿਦਾ ਨੰ. | ਸੰਖੇਪ ਵੇਰਵਾ | ਮਾਤਰਾ | ਅੰਤਮ ਮਿਤੀ |
|---|---|---|---|---|
| 01 | 82255077 | ਰੋਬੋਟਿਕ ਸਰਜਰੀ ਸਿਸਟਮ (ਨਥੀ ਨਿਰਦੇਸ਼ਾਂ ਦੇ ਅਨੁਸਾਰ) | 01 ਨਗ | 07.08.2026 |

ਨਿਵਿਦਾ ਸ਼ਰਤਾਂ-1. ਵਿਸਤ੍ਰਿਤ ਜਾਣਕਾਰੀ IREPS ਵੈਬਸਾਈਟ ਯਾਨੀ www.ireps.gov.in'ਤੇ ਦੇਖੀ ਜਾ ਸਕਦੀ ਹੈ। 2. ਮੈਨੂੰਅਲ ਨਿਵਿਦਾ ਸਵੀਕ੍ਰਿਤ ਨਹੀਂ ਕੀਤੀ ਜਾਵੇਗੀ।

2552/26

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.



### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.



### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### ਪੂਰਵੋਤਰ ਰੇਲਵੇ

ਈ-ਟੇਂਡਰਿੰਗ ਨਿਵਿਦਾ ਸੂਚਨਾ

ਸੰ0 38/2026

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਅਤੇ ਉਨ੍ਹਾਂ ਲਈ ਮੰਡਲ ਰੇਲ ਪ੍ਰਬੰਧਕ (ਇੰਜੀ0) ਪੂਰਵੋਤਰ ਰੇਲਵੇ, ਇਜੱਤਨਗਰ ਹੇਠਲਿਖਿਤ ਕਾਰਜ ਹੇਤੁ ਆੱਨਲਾਈਨ (ਈ-ਟੇਂਡਰਿੰਗ) ਦੇ ਮਾਧਿਅਮ ਤੋਂ "ਖੁਲੀ" ਨਿਵਿਦਾ ਆਮੰਤਰਿਤ ਕਰਦੇ ਹੈ।

**ਕ੍ਰਮ ਸੰ.-1:-** ਕਾਰਜ ਦਾ ਵੇਰਵਾ: ਪੂਰਵੋਤਰ ਰੇਲਵੇ, ਦੇ ਇਜੱਤਨਗਰ ਮੰਡਲ ਦੇ ਸੰਮਈ/ਕਾਸ਼ੀਪੁਰ ਤੇ ਅੰਤਰਗਤ ਰਾਮਪੁਰ-ਲਾਲਕੁਆਂ ਅਨੁਭਾਗ ਵਿਚ ਟੀ.ਟੀ.ਆਰ. (ਪੀ) -57.6 ਟ੍ਰੈਕ ਕਿਮੀ ਅਤੇ ਟੀ.ਟੀ.ਆਰ. (ਟੀ.ਡਬਲਯੂ.ਏਸ.)-19 ਸੇਟ ਦੇ ਕੰਮ ਲਈ 260 ਮੀਟਰ ਲੰਬੇ ਰੇਲ ਪੈਨਲ ਅਤੇ 13/26/39 ਮੀਟਰ ਲੰਬੀ ਰੇਲਾਂ ਦੀ ਪਲੈਸ਼ ਬਟ ਵੈਲਡਿੰਗ। ਅਨੁਮਾਨਿਤ ਲਾਗਤ ਰੁਪਆਂ ਰੁ. 'ਚ: ਰੁ 9,11,47,674.20, ਬਿਆਨਾ ਰਾਸ਼ਿ: ਰੁਪਆਂ ਰੁ.'ਚ : ਰੁ 18,23,000/-ਨਿਵਿਦਾ ਪ੍ਰਪਤਰ ਦਾ ਮੁੱਲ: ਸ਼ੂਨਯ, ਸਵੀਕ੍ਰਿਤ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਕਾਰਜ ਪੂਰਾ ਕਰਨੇ ਦੀ ਅਵਧਿ 06 ਮਹਿਨੇ।

1. ਈ-ਨਿਵਿਦਾ ਮਿਤੀ 17.08.2026 ਨੂੰ 15:00 ਵਜੇ ਤੱਕ ਆੱਨਲਾਈਨ ਜਮ੍ਹਾਂ ਕਰ ਸਕਣਗੇ।
2. ਈ-ਨਿਵਿਦਾ ਦੀ ਪੇਸ਼ੀ ਲਈ ਪੂਰਾ ਵੇਰਵਾ ਭਾਰਤੀ ਰੇਲਵੇ ਦੇ IREPS ਦੇ ਵੇਬਸਾਈਟ www.ireps.gov.in ਤੇ ਦੇਖੋ।

ਮੰਡਲ ਰੇਲ ਪ੍ਰਬੰਧਕ (ਇੰਜੀ0),
ਮੁਜਾਧਿ/ਡਬਲਿਊ-244 ਇੱਜਤਨਗਰ

ਗੱਡੀਆਂ ਦੀ ਛਤਾਂ 'ਤੇ ਪਾਯਦਾਨ 'ਤੇ ਕਦੀ ਵੀ ਯਾਤਰਾ ਨਾ ਕਰੋ।

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.



### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

ARJUN BIDHURI Advocate
CH. NO.536, Saket Courts
New Delhi-110017.



### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਰਾਗ ਨਾਦ ਸਬਦਿ ਸੋਹਲੇ 27

ਇਕਵਾਕ ਸਿੰਘ ਪੱਟੀ

ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਰ ਬਾਣੀ ਰਾਗਾਂ ਦੇ ਅਧੀਨ ਹੈ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ 27ਵੇਂ ਸਥਾਨ ’ਤੇ ਆਉਣ ਵਾਲੇ ਰਾਗ ‘ਮਲਾਰ’ ਬਾਰੇ...



## ਰਾਗ ਮਲਾਰ

ਰਾਗ ਮਲਾਰ, ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਸਤਾਈਵੇਂ ਸਥਾਨ ’ਤੇ ਮਹੱਤਵਪੂਰਨ ਰਾਗ ਹੈ, ਜੋ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 1254 ਤੋਂ ਲੈ ਕੇ 1293 ਤਕ ਦਰਜ ਹੈ। ਇਹ ਰਾਗ ਮਨੁੱਖੀ ਮਨ ਦੇ ਚਾਵਾਂ, ਉਮੰਗਾਂ, ਮਨੁੱਖੀ ਜਜ਼ਬਿਆਂ ਅਤੇ ਮਨ ਦੇ ਵਲਵਲਿਆਂ ਦੀ ਤਰਜ਼ਮਾਨੀ ਕਰਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਗੁਰੂ ਅਮਰਦਾਸ ਜੀ ਇਸ ਰਾਗ ਬਾਰੇ ਫ਼ੁਰਮਾਉਂਦੇ ਹਨ, **‘ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ॥ ਹਰਿ ਜੀਉ ਅਪਣੀ ਕ੍ਰਿਪਾ ਕਰੇ ਤਾਂ ਵਰਤੈ ਸਭ ਲੋਇ॥’** ਭਾਵ, ‘ਮਲਾਰ ਰਾਗ’ ਇਕ ਸੀਤਲ ਜਾਂ ਮਨ ਨੂੰ ਠੰਡਕ ਪਹੁੰਚਾਉਣ ਵਾਲਾ ਰਾਗ ਹੈ ਪਰ ਅਸਲ ਸ਼ਾਂਤੀ ਤਦ ਹੀ ਮਿਲਦੀ ਹੈ ਜੇਕਰ ਇਸ ਰਾਗ ਦੇ ਰਾਹੀਂ ਪ੍ਰਭੂ ਪਰਮਾਤਮਾ ਦੀ ਸਿਫ਼ਤ ਸਲਾਹ ਦਾ ਗਾਇਨ ਕੀਤੀ ਜਾਵੇ ਅਤੇ ਜੇ ਪ੍ਰਭੂ ਦਇਆ ਕਰ ਦੇਵੇ ਤਾਂ ਇਹ ਸੁੱਖ ਸ਼ਾਂਤੀ ਸਾਰੇ ਜਗਤ ਵਿਚ ਵਰਤ ਸਕਦੀ ਹੈ।’ ਇਸ ਰਾਗ ਅੰਦਰ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਰਜ ਹੈ। ਭਗਤ ਬਾਣੀ ਵਿੱਚੋਂ ਨਾਮਦੇਵ ਜੀ ਅਤੇ ਰਵਿਦਾਸ ਜੀ ਦੀ ਬਾਣੀ ਸ਼ਾਮਲ ਹੈ। ਰਾਗ ਮਲਾਰ ਅੰਦਰ ‘ਮਲਾਰ ਮਹਲਾ 4 ਪੜਤਾਲ ਘਰੁ 3’, ‘ਰਾਗ ਮਲਾਰ ਮਹਲਾ 5 ਪੜਤਾਲ ਘਰੁ 3’, ‘ਵਾਰ ਮਲਾਰ ਕੀ ਮਹਲਾ 1 ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ’ ਸਿਰਲੇਖ ਹੇਠ ਬਾਣੀ ਦਰਜ ਹੈ।

ਇਤਿਹਾਸਕ ਅਤੇ ਸੰਗੀਤਕ ਪੱਖ ਤੋਂ ਘੋਖੀਏ ਤਾਂ ਰਾਗ ਮਲਾਰ ਜਾਂ ਮਲ੍ਹਾਰ ਭਾਰਤੀ ਸੰਗੀਤ ਅਤੇ ਭਾਰਤੀ ਸੰਸਕ੍ਰਿਤੀ ਵਿਚ ਪ੍ਰਾਚੀਨ, ਪ੍ਰਸਿੱਧ ਤੇ ਹਰਮਨ ਪਿਆਰਾ ਰਾਗ ਹੈ। ਸੰਗੀਤ ਨਾਲ ਸਬੰਧਤ ਤਕਰੀਬਨ ਹਰ ਗ੍ਰੰਥ ਵਿਚ ਇਸ ਰਾਗ ਦਾ ਜ਼ਿਕਰ ਮਿਲਦਾ ਹੈ। ਗੁਰਮਤਿ ਸੰਗੀਤ ਵਿਚ ਮਲ੍ਹਾਰ ਨੂੰ ਮੌਸਮੀ ਰਾਗ ਵੱਜੋਂ ਵੀ ਮਾਨਤਾ ਮਿਲਦੀ ਹੈ ਅਤੇ ਸਾਵਣ ਦੀ ਮਹੀਨੇ ਭਾਵ ਵਰਖਾ ਰੁੱਤ ਵਿਚ ਇਸ ਦਾ ਵਿਸ਼ੇਸ਼ ਤੌਰ ’ਤੇ ਗਾਇਨ ਕੀਤਾ ਜਾਂਦਾ ਹੈ। ਗਾਉਣ ਲਈ ਕਿਸੇ ਤਰ੍ਹਾਂ ਦੀ ਸਮੇਂ ਦੀ ਪਾਬੰਦੀ ਨਹੀਂ ਮੰਨੀ ਗਈ ਹੈ। ਵਿਦਵਾਨਾਂ ਦੀ ਰਾਇ ਹੈ ਕਿ ਇਸ ਰਾਗ ਦੀ ਰਚਨਾ ਸੰਗੀਤ ਸਮਰਾਟ ਮੀਆਂ ਤਾਨਸੇਨ ਨੇ ਕੀਤੀ ਸੀ ਅਤੇ ਇਸ ਕਰ ਕੇ ਇਸ ਰਾਗ ਦਾ ਨਾਂ ‘ਮੀਆਂ ਮਲ੍ਹਾਰ’ ਵੀ ਪ੍ਰਚਲਿਤ ਹੈ। ਭਾਈ ਕਾਨ੍ਹ ਸਿੰਘ ਨਾਭਾ ਕ੍ਰਿਤ ‘ਮਹਾਨ ਕੋਸ਼’ ਦੇ ਪੰਨਾ ਨੰਬਰ 956 ਅਨੁਸਾਰ, ‘ਇਸ ਰਾਗ ਦੇ ਕਈ ਭੇਦ ਸੰਪੂਰਣ ਜਾਤੀ ਦੇ ਹਨ। ਇਹ ਕਮਾਚ ਥਾਟ ਦਾ ਔੜਵ ਰਾਗ ਹੈ। ਗਾਂਧਾਰ ਤੇ ਨਿਸ਼ਾਦ ਵਰਜਿਤ ਹਨ। ਸੜਜ਼ ਰਿਸ਼ਭ ਮੱਧਮ ਪੰਚਮ ਤੇ ਧੈਵਤ ਸ਼ੁੱਧ ਹੈ। ਗ੍ਰਹ ਅਤੇ ਵਾਦੀ ਸੁਰ ਮੱਧਮ ਅਤੇ ਸੰਵਾਦੀ ਸੜਜ ਹੈ। ਗਾਉਣ ਦਾ ਵੇਲਾ ਵਰਖਾ ਰੁੱਤ ਅਤੇ ਰਾਤ ਦਾ ਹੈ।’ ਅੱਜ ਕੱਲ੍ਹ ਵੀ ਮਲ੍ਹਾਰ ਕਈ ਹੋਰ ਕਿਸਮਾਂ ਨਾਲ ਪ੍ਰਚਲਿਤ ਹੈ। •

98150-24920

ਬੋਧ ਕਥਾ

# ਸ਼ੇਖ਼ ਸਾਅਦੀ



ਸ਼ੇਖ਼ ਸਾਅਦੀ 90 ਵਰ੍ਹਿਆਂ ਦੇ ਹੋਏ ਤਾਂ ਅਰਬ ਦੇ ਇਕ ਸੁਲਤਾਨ ਨੇ ਉਨ੍ਹਾਂ ਨੂੰ ਬੇਸ਼ਕੀਮਤੀ ਹੀਰਾ ਭੇਜਿਆ ਤੇ ਲਿਖਿਆ, “ਸਾਰੀ ਉਮਰ ਤੁਸੀਂ ਕਵਿਤਾਵਾਂ ਲਿਖਦਿਆਂ ਗੁਆ ਦਿੱਤੀ। ਅਗਰ ਇਸ ਹੀਰੇ ਦੇ ਜੋੜ ਦੀ ਕੋਈ ਕਵਿਤਾ ਤੁਹਾਡੇ ਕੋਲ ਹੇ ਤਾਂ ਕ੍ਰਿਪਾ ਕਰ ਕੇ ਭੇਜ ਦਿਓ।”

ਸ਼ੇਖ਼ ਸਾਹਿਬ ਨੇ ਪੱਤਰ ਪੜ੍ਹਿਆ ਤੇ ਹੀਰੇ ਨੂੰ ਵੇਖਿਆ। ਉਹ ਸੁਲਤਾਨ ਦੀ ਇਸ ਹਰਕਤ ’ਤੇ ਹੈਰਾਨ ਸਨ, ਫਿਰ ਜਵਾਬ ਲਿਖਿਆ, “ਤੁਸੀਂ ਕਵਿਤਾ ਦੀ ਗੱਲ ਕਰਦੇ ਹੋ, ਮੇਰੀ ਸ਼ਾਇਰੀ ਦਾ ਇਕ-ਇਕ ਅੱਖ਼ਰ ਇਸ ਹੀਰੇ ਨਾਲੋਂ ਜ਼ਿਆਦਾ ਕੀਮਤੀ ਹੈ। ਮੇਰੇ ਸ਼ਬਦ ਦੋ ਦਿਲਾਂ ਦਰਮਿਆਨ ਪੁਲ ਦਾ ਨਿਰਮਾਣ ਕਰਨ ਦੇ ਸਮਰੱਥ ਹਨ, ਜਦਕਿ ਤੁਹਾਡਾ ਹੀਰਾ ਦੋ ਇਨਸਾਨਾਂ ’ਚ ਖ਼ੂਨ-ਖ਼ਰਾਬੇ ਦਾ ਜ਼ਰੀਆ ਬਣ ਸਕਦਾ ਹੈ। ਮੇਰੇ ਸ਼ਬਦ ਈਸ਼ਵਰ ਦੇ ਸਿੰਘਾਸਣ ਨੂੰ ਪਿੰਘਲਾਉਣ ਦੇ ਸਮਰੱਥ ਹਨ, ਜਦਕਿ ਤੁਹਾਡਾ ਹੀਰਾ ਭੁੱਖੇ ਇਨਸਾਨ ਦੀ ਭੁੱਖ ਮਿਟਾਉਣ ਵਿਚ ਚਣੇ ਦੀ ਵੀ ਬਰਾਬਰੀ ਨਹੀਂ ਕਰ ਸਕਦਾ, ਉਲਟਾ ਕਾਲ ਤਾਂ ਜ਼ਰੂਰ ਬਣ ਸਕਦਾ ਹੈ। ਤੁਹਾਡਾ ਹੀਰਾ ਤੁਹਾਨੂੰ ਮੁਬਾਰਕ ਹੋਵੇ। ਮੈਨੂੰ ਇਸ ਦੀ ਕੋਈ ਜ਼ਰੂਰਤ ਨਹੀਂ। • ਫੀਚਰ ਡੈਸਕ

# ਗੁਰਬਾਣੀ ਵਿਚ ਸੱਚੀ ਪ੍ਰੀਤ ਦਾ ਸੰਕਲਪ



**ਪ੍ਰੇਮ ਦਾ ਮਾਰਗ ਪੰਖੀ ਜਾਂ ਪੰਛੀ ਦੀ ਉਡਾਰੀ ਦੀ ਤਰ੍ਹਾਂ ਹੈ ਜੋ ਸੇਵਾ ਤੇ ਸਿਮਰਨ ਦੇ ਖੰਭ ਲਾ ਕੇ ਵਾਹਿਗੁਰੂ ਦੇ ਦੇਸ਼ ਨੂੰ ਉਡਾਰੀ ਮਾਰ ਸਕਦਾ ਹੈ। ਇਸੇ ਲਈ ਇਸ ਨੂੰ ‘ਪੰਖੀ ਮਾਰਗ’ ਵੀ ਕਹਿੰਦੇ ਹਨ। ਕਲਗੀਧਰ ਪਿਤਾ ਦਾ ਬਚਨ ਹੈ : ਸਾਚ ਕਹੋਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥ ਸ੍ਰਿਸ਼ਟੀ ਦਾ ਕਰਤਾ ਵਾਹਿਗੁਰੂ ਆਪ ਪ੍ਰੇਮ ਰੂਪ ਹੋ ਕੇ ਸੰਸਾਰ ’ਚ ਵਿਚਰ ਰਿਹਾ ਹੈ ਤੇ ਪ੍ਰੇਮ ਰੂਪ ਹੋ ਕੇ ਉਸ ਨੇ ਸ੍ਰਿਸ਼ਟੀ ਸਾਜੀ ਹੈ। ਪ੍ਰੇਮ-ਮਾਰਗ ’ਤੇ ਚੱਲ ਕੇ ਹੀ ਉਸ ਦੇ ਦੇਸ਼ ਪਹੁੰਚਿਆ ਜਾ ਸਕਦਾ ਹੈ...**

ਇੰਜੀ. ਜਸਵੰਤ ਸਿੰਘ

ਵਾਹਿਗੁਰੂ ਨੂੰ ਮਿਲਣ ਦੇ ਮੁੱਖ ਤੌਰ ’ਤੇ ਦੋ ਮਾਰਗ ਹਨ, ਇਕ ‘ਹਠ ਮਾਰਗ’ ਤੇ ਦੂਜਾ ‘ਪ੍ਰੇਮ ਮਾਰਗ’। ਦੋਹਾਂ ’ਤੇ ਤੁਰਿਆ ਮਨੁੱਖ ਭਾਵੇਂ ਅਪਣੀ ਮੰਜ਼ਿਲ ਤਕ ਪਹੁੰਚ ਤਾਂ ਜਾਂਦਾ ਹੈ ਪਰ ਦੋਹਾਂ ’ਚ ਜ਼ਮੀਨ-ਆਸਮਾਨ ਦਾ ਅੰਤਰ ਹੈ। ‘ਹਠ ਮਾਰਗ’ ਅਤਿ ਔਖਾ ਤੇ ਰਸ-ਰਹਿਤ ਹੈ। ਕਲਯੁੱਗ ਵਿਚ ਮਨੁੱਖਾਂ ਦੀਆਂ ਉਮਰਾਂ ਛੋਟੀਆਂ, ਸਰੀਰ ਕਮਜ਼ੋਰ ਤੇ ਦ੍ਰਿੜਤਾ ਦੀ ਕਮੀ ਕਾਰਨ ਹਰ ਕੋਈ ਇਸ ਮਾਰਗ ਨੂੰ ਨਹੀਂ ਅਪਣਾ ਸਕਦਾ ਪਰ ‘ਪ੍ਰੇਮ ਮਾਰਗ’ ਸੌਖਾ ਤੇ ਰਸ ਦਾਇਕ ਹੈ ਅਤੇ ਹਰ ਕੋਈ ਇਸ ਰਾਹ ’ਤੇ ਤੁਰ ਸਕਦਾ ਹੈ।

‘ਹਠ ਮਾਰਗ’ ਨੂੰ ‘ਕੀੜੀ ਮਾਰਗ’ ਵੀ ਕਹਿੰਦੇ ਹਨ, ਜਿਵੇਂ ਇਕ ਕੀੜੀ ਦਰੱਖ਼ਤ ’ਤੇ ਲੱਗੇ ਫਲ ਨੂੰ ਪ੍ਰਾਪਤ ਕਰਨ ਦੀ ਲੋਚਾ ਨਾਲ ਹੌਲੀ-ਹੌਲੀ ਚੱਲਦੀ ਹੈ, ਕਦੀ ਡਿੱਗਦੀ ਹੈ ਤੇ ਕਦੀ ਚੜ੍ਹਦੀ ਹੈ। ਹਨੇਰੀ-ਤੂਫ਼ਾਨ ਆ ਜਾਵੇ ਤਾਂ ਡਿੱਗ ਕੇ ਮਰ ਵੀ ਸਕਦੀ ਹੈ, ਇਉਂ ਹਠ ਮਾਰਗ ’ਤੇ ਤੁਰਿਆਂ ਮਨੁੱਖ ਆਪਣੀ ਮੰਜ਼ਿਲ ਤਕ ਪਹੁੰਚ ਸਕਦਾ ਹੈ ਜਾਂ ਨਹੀਂ, ਇਸ ਦਾ ਕੋਈ ਭਰੋਸਾ ਨਹੀਂ। ਦੂਜੇ ਪਾਸੇ ਪ੍ਰੇਮ ਦਾ ਮਾਰਗ ਇਕ ਪੰਖੀ ਦੀ ਉਡਾਰੀ ਦੀ ਤਰ੍ਹਾਂ ਹੈ ਜੋ ਸੇਵਾ ਤੇ ਸਿਮਰਨ ਦੇ ਖੰਭ ਲਾ ਕੇ ਵਾਹਿਗੁਰੂ ਦੇ ਦੇਸ਼ ਨੂੰ ਬਹੁਤ ਜਲਦੀ ਉਡਾਰੀ ਮਾਰ ਸਕਦਾ ਹੈ। ਇਸੇ ਲਈ ਇਸ ਨੂੰ ‘ਪੰਖੀ ਮਾਰਗ’ ਵੀ ਕਹਿੰਦੇ ਹਨ। ਕਲਗੀਧਰ ਪਿਤਾ ਜੀ ਦਾ ਬਚਨ ਹੈ :

**ਸਾਚ ਕਹੋ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥**

ਸ੍ਰਿਸ਼ਟੀ ਦਾ ਕਰਤਾ ਵਾਹਿਗੁਰੂ ਆਪ ਪ੍ਰੇਮ ਰੂਪ ਹੋ ਕੇ ਸੰਸਾਰ ’ਚ ਵਿਚਰ ਰਿਹਾ ਹੈ ਤੇ ਪ੍ਰੇਮ ਰੂਪ ਹੋ ਕੇ ਉਸ ਨੇ ਸ੍ਰਿਸ਼ਟੀ ਸਾਜੀ ਹੈ ਅਤੇ ਪ੍ਰੇਮ-ਮਾਰਗ ’ਤੇ ਚੱਲ ਕੇ ਹੀ ਉਸ ਦੇ ਦੇਸ਼ ਪਹੁੰਚਿਆ ਜਾ ਸਕਦਾ ਹੈ। ਬਚਨ ਹੈ :

**ਜੱਤ੍ਰ ਤੱਤ੍ਰ ਦਿਸਾ ਵਿਸਾ**
**ਹੁਇ ਫੈਲਿਓ ਅਨੁਰਾਗ॥**

ਸੱਚੀ ਪ੍ਰੀਤ ਦੇ ਬੰਧਨ ’ਚ ਬੱਝਾ ‘ਪ੍ਰੇਮੀ’ ਅਪਣੇ ਪ੍ਰੀਤਮ ਤੋਂ ਕੋਈ ਵਿਸ਼ੇਸ਼ ਰਿਆਇਤ ਜਾਂ ਸਹੂਲਤ ਦੀ ਮੰਗ ਨਹੀਂ ਕਰਦਾ ਬਲਕਿ ਸਭ ਕੁਝ ਅਪਣੇ ਪਿਆਰੇ ਤੋਂ ਵਾਰ ਕੇ ਖ਼ੁਸ਼ ਹੁੰਦਾ ਹੈ। ‘ਸੱਚੀ ਪ੍ਰੀਤ’ ਕੋਈ ਲੈਣ-ਦੇਣ ਦਾ ਵਪਾਰ ਨਹੀਂ ਬਲਕਿ ਸੱਚੀ ਪ੍ਰੀਤ ਪਾਉਣ ਵਾਲਾ ਅਪਣੇ ਪ੍ਰੀਤਮ ਵਿਚ ਸਮਾ ਜਾਣ ਦੀ ਲੋਚਾ ਰੱਖਦਾ ਹੈ ਤੇ ਫਿਰ ਉਸ ਦਾ ਹੀ ਰੂਪ ਬਣ ਜਾਂਦਾ ਹੈ। ਉਸ ਦੇ ਮਨ ਵਿਚ ਅਪਣੇ ਪ੍ਰੀਤਮ ਦੇ ਚਰਨਾਂ ਲਈ ਸਦਾ ਇਹ ਜੋਦੜੀ ਬਣੀ ਰਹਿੰਦੀ ਹੈ ਕਿ ‘ਹੇ ਪਿਆਰੇ! ਮੈਂ ਤੇਰੇ ਕੋਲੋਂ ਰਾਜ ਨਹੀਂ ਮੰਗਦਾ, ਮੁਕਤੀ ਨਹੀਂ ਮੰਗਦਾ, ਮੈਂ ਤਾਂ ਸਦਾ ਤੇਰੇ ਚਰਨ ਕੰਵਲਾਂ ਦੀ ਪ੍ਰੀਤ ਮੰਗਦਾ ਹਾਂ।’

ਭਾਵੇਂ ਸੰਸਾਰ ਦੇ ਲੋਕ ਦੇਵੀ-ਦੇਵਤਿਆਂ ਦੇ ਦਰਸ਼ਨ ਮੰਗਦੇ ਹੋਣ, ਉਹ ਤਾਂ ਕੇਵਲ ਬ੍ਰਹਿਮੰਡਾਂ ਦੇ ਮੂਲ ਵਾਹਿਗੁਰੂ ਜੀ ਦੇ ਦਰਸ਼ਨ ਹੀ ਲੋਚਦਾ ਹੈ। ਪੰਚਮ ਪਾਤਸਾਹ ਦਾ ਫ਼ੁਰਮਾਨ ਹੈ :

**ਰਾਜੁ ਨ ਚਾਹਉ ਮੁਕਤਿ ਨ ਚਾਹਉ॥**
**ਮਨਿ ਪ੍ਰੀਤਿ ਚਰਨ ਕਮਲਾਰੇ॥**
**ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ॥**
**ਮੋਹਿ ਠਾਕੁਰ ਹੀ ਦਰਸਾਰੇ॥**

ਰਵਿਦਾਸ ਜੀ ਮਹਾਰਾਜ ‘ਸੱਚੀ-ਪ੍ਰੀਤ’ ਦਾ ਵਰਨਣ ਕਰਦੇ ਹੋਏ ਫ਼ੁਰਮਾਨ ਕਰਦੇ ਹਨ ਕਿ ‘ਹੇ ਪ੍ਰਭੂ! ਮੈਂ ਸਭ ਪਾਸਿਆਂ ਤੋਂ ਪ੍ਰੀਤਾਂ ਤੋੜ ਕੇ ਕੇਵਲ ਤੇਰੇ ਸੰਗ ਪ੍ਰੀਤ ਜੋੜੀ ਹੈ ਕਿਉਂਕਿ ਤੇਰੇ ਦਰ ’ਤੇ ਉਨ੍ਹਾਂ ਦੀ ਪ੍ਰੀਤ ਪਰਵਾਨ ਚੜ੍ਹਦੀ ਹੈ ਜੋ ਸੰਸਾਰ ਨਾਲੋਂ ਤੋੜ ਕੇ ਕੇਵਲ ਤੇਰੇ ਨਾਲ ਜੋੜਦੇ ਹਨ।’

**ਲੋਗ ਕੁਟੰਬ ਸਬਹੁ ਤੇ ਤੋਰੈ॥**



**ਤਉ ਆਪਨ ਬੇਢੀ ਆਵੈ ਹੋ॥**

ਹੇ ਪ੍ਰਭੂ ਜੀ! ਮੈ ਜਿੱਥੇ ਵੀ ਜਾਵਾਂ ਮੈਨੂੰ ਹਰ ਥਾਂ ਤੂੰ ਹੀ ਨਜ਼ਰ ਆਉਂਦਾ ਹੈਂ :

**ਬ੍ਰਹਮੁ ਦੀਸੈ ਬ੍ਰਹਮੁ ਸੁਣੀਐ**
**ਏਕੁ ਏਕੁ ਵਖਾਣੀਐ॥**
**ਆਤਮ ਪਸਾਰਾ ਕਰਣਹਾਰਾ**
**ਪ੍ਰਭ ਬਿਨਾ ਨਹੀ ਜਾਣੀਐ॥**

ਹੇ ਪ੍ਰਭੂ ਜੀ! ਮੈਂ ਸਦਾ ਤੇਰੀ ਸੇਵਾ ’ਚ ਰਹਿਦਾ ਹਾਂ ਕਿਉਂਕਿ ਤੇਰੇ ਵਰਗਾ ਮੈਨੂੰ ਹੋਰ ਕੋਈ ਕਿਧਰੇ ਨਜ਼ਰ ਨਹੀਂ ਆਉਂਦਾ। ਤੂੰ ਆਪਣੇ ਆਪ ’ਚ ਆਪਣੀ ਮਿਸਾਲ ਆਪ ਹੀ ਹੈਂ। ਵਚਨ ਹੈ :

**ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥**
**ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥**
**ਜਹ ਜਹ ਜਾਉ ਤਹਾ ਤੇਰੀ ਸੇਵਾ॥**
**ਤੁਮ ਸੋ ਠਾਕੁਰੁ ਅਉਰ ਨ ਦੇਵਾ॥**

ਰਵਿਦਾਸ ਜੀ ਆਪਣੇ ਪ੍ਰੀਤਮ ਨਾਲ ਪ੍ਰੀਤ ਡੋਰੀਆਂ ਪਾਉਂਦੇ ਹੋਏ ਸੱਚੀ ਪ੍ਰੀਤ ਦੇ ਸਿਖ਼ਰ ਦਾ ਵਰਣਨ ਕਰਦੇ ਹੋਏ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ ਜੇ ਤੂੰ ਪਹਾੜ ਬਣ ਜਾਵੇਂ ਤਾਂ ਮੈ ਮੋਰ ਬਣ ਜਾਵਾਂ, ਜੋ ਪਹਾੜ ਨੂੰ ਤਕ ਕੇ ਪੈਲਾਂ ਪਾਉਂਦਾ ਹੈ। ਜੇ ਤੂੰ ਚੰਦਰਮਾ ਬਣ ਜਾਵੇਂ ਤਾਂ ਮੈਂ ਚਕੋਰ ਬਣ ਜਾਵਾਂ, ਜੋ ਆਪਣੇ ਪਿਆਰੇ ਚੰਦਰਮਾ ਨੂੰ ਟਿਕਟਿਕੀ ਲਗਾ ਕੇ ਤੱਕਦਾ ਹੈ। ਹੇ ਪ੍ਰਭੂ! ਜੇ ਤੂੰ ਮੇਰੇ ਨਾਲ ਪ੍ਰੀਤ ਡੋਰੀ ਨਾ ਤੋੜੇਂ ਤਾਂ ਹੀ ਮੇਰੀ ਪ੍ਰੀਤ ਨਿਭ ਸਕਦੀ ਹੈ, ਭਲਾ ਤੇਰੇ ਨਾਲੋਂ ਪ੍ਰੀਤਾਂ ਤੋੜ ਕੇ ਮੈਂ ਕਿਸ ਨਾਲ ਜੋੜ ਸਕਦਾ ਹਾਂ?’

**ਜਉ ਤੁਮ ਗਿਰਿਵਰ ਤਉ ਹਮ ਮੋਰਾ॥**
**ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥**
**ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀਂ ਤੋਰਹਿ॥**
**ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥**

ਇਸੇ ਤਰ੍ਹਾਂ ਹੇ ਮਾਧੋ, ਜੇ ਤੂੰ ਦੀਵਾ ਬਣ ਜਾਵੇਂ ਤਾਂ ਮੈਂ ਤੇਰੀ ਬੱਤੀ ਬਣ ਜਾਵਾਂ, ਭਾਵ ਮੈਂ ਸਭ ਕੁਝ ਤੇਰੇ ’ਤੇ ਨਿਛਾਵਰ ਕਰ ਦੇਵਾਂ। ਜੇ ਤੂੰ ਤੀਰਥ ਬਣ ਜਾਵੇਂ ਤਾਂ ਮੈਂ ਤੇਰੇ ’ਤੇ ਸ਼ਰਧਾ ਰੱਖਣ ਵਾਲਾ ਯਾਤਰੂ ਬਣ ਜਾਵਾਂ ਤਾਂ ਕਿ ਜੋ ਸਦਾ ਤੇਰੇ ਦਰਸ਼ਨਾਂ ਲਈ ਤੁਰਿਆ ਰਹਾਂ। ਤੇਰੀ ਬੰਦਗੀ ਨਾਲ ਤਾਂ ਗਲ਼ ਵਿਚ ਪਈ ਜਮਾਂ ਦੀ ਫਾਸੀ ਵੀ ਕੱਟੀ ਜਾਂਦੀ ਹੈ, ਸੋ ਮੈਂ ਬੜੇ ਚਾਅ ਨਾਲ ਤੇਰੇ ਗੁਣ ਗਾਉਂਦਾ ਹਾਂ :

**ਤੁਮਰੇ ਭਜਨ ਕਟਹਿ ਜਮ ਫਾਂਸਾ॥**
**ਭਗਤਿ ਹੇਤ ਗਾਵੈ ਰਵਿਦਾਸਾ॥**

ਸੱਚੀ ਪ੍ਰੀਤ ਦਾ ਬੀਜ ਪਰਮਾਤਮਾ ਨੇ ਹਰ ਪ੍ਰਾਣੀ ਅੰਦਰ ਬੀਜਿਆ ਹੈ ਪਰ ਇਹ ਫੁੱਟਦਾ ਭਾਗਾਂ ਵਾਲਿਆਂ ਦੇ ਹਿਰਦੇ ਵਿਚ ਹੀ ਹੈ। ਜਿਸ ਅੰਦਰ ਸੱਚੀ ਪ੍ਰੀਤ ਦਾ ਅੰਕੁਰ ਫੁੱਟ ਜਾਵੇ ਉਹ ਅਤਿ ਨਿਰਮਲ, ਸਾਂਤ ਤੇ ਧੀਰਜਵਾਨ ਹੋ ਜਾਂਦਾ ਹੈ, ਜਿਸ ਨਾਲ ਉਹ ਦੂਈ-ਦਵੈਤ ਤੋਂ ਮੁਕਤ ਹੋ ਕੇ ਜੀਵਨ ਦੇ ਹਰ ਪਲ ਨੂੰ ਸਫਲ ਬਣਾਉਣ ਦੇ ਯੋਗ ਹੋ ਜਾਂਦਾ ਹੈ।

ਸੱਚੀ ਪ੍ਰੀਤ ਦੀਆਂ ਕਈ ਮਿਸਾਲਾਂ ਦਾ ਭਾਈ ਗੁਰਦਾਸ ਜੀ ਵਰਨਣ ਕਰਦੇ ਹਨ ਕਿ ਗੁਰੂ ਅਤੇ ਸਿੱਖ ਦੀ ਸੱਚੀ ਪ੍ਰੀਤ ਇਉਂ ਹੈ ਜਿਵੇਂ ਚਕੋਰ ਦੀ ਚੰਦਰਮਾ ਨਾਲ, ਚਕਵੀ ਦੀ ਸੂਰਜ ਨਾਲ, ਕੰਵਲ ਫੁੱਲ ਦੀ ਪਾਣੀ ਨਾਲ, ਮੋਰ ਤੇ ਪਪੀਹਿਆਂ ਦੀ ਕਾਲੇ ਬੱਦਲਾਂ ਨਾਲ, ਇਸਤਰੀ ਦੀ ਪਤੀ ਨਾਲ ਤੇ ਮਾਂ ਦੀ ਪੁੱਤਰ ਨਾਲ ਹੁੰਦੀ ਹੈ। ਇਹ ਪ੍ਰੀਤਾਂ ਤਾਂ ਭਾਵੇਂ ਨਾਸਵਾਨ ਹੁੰਦੀਆਂ ਹਨ ਪਰ ਗੁਰੂ ਅਤੇ ਸਿੱਖ ਦੀ ਪ੍ਰੀਤ ਸਦਾ ਸਦਾ ਨਿਭਣ ਵਾਲੀ ਹੁੰਦੀ ਹੈ। ਵਚਨ ਹੈ :

**ਚੰਦ ਚਕੋਰ ਪ੍ਰੀਤ ਹੈ ਲਾਇ ਤਾਰ ਨਿਹਾਲੇ॥**
**ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ॥**
**ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ॥**
**ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ॥**
**ਨਾਰਿ ਭਤਾਰ ਪਿਆਰ ਹੈ ਮਾਂ ਪੁਤ ਸਮਾਲੇ॥**
**ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥**

ਵਾਹਿਗੁਰੂ ਨਾਲ ਸੱਚੀ ਪ੍ਰੀਤ ਤੋਂ ਬਿਨਾਂ ਮਨੁੱਖ ਦਾ ਜੀਵਨ ਬੇਕਾਰ ਹੈ। ਪੰਚਮ ਪਾਤਸ਼ਾਹ ਦਾ ਫ਼ੁਰਮਾਨ ਹੈ ਕਿ ਕੋਈ ਬੰਦਾ ਅਤਿ ਸੁੰਦਰ ਹੋਵੇ, ਉੱਚੀ ਕੁਲ ’ਚ ਪੈਦਾ ਹੋਇਆ ਹੋਵੇ, ਮੁੱਖ ਦਾ ਚਤਰ ਤੇ ਗਿਆਨੀ ਹੋਵੇ, ਅਤਿ ਧਨਵਾਨ ਹੋਵੇ ਪਰ ਜੇ ਉਸ ਅੰਦਰ ਪ੍ਰਭੂ ਦੀ ਸੱਚੀ ਪ੍ਰੀਤ ਨਹੀਂ ਤਾਂ ਉਹ ਵਿਕਾਰਾਂ ਵਿਚ ਮਰੀ ਹੋਈ ਆਤਮਾ ਵਾਲਾ ਹੈ।

**ਅਤਿ ਸੁੰਦਰ ਕੁਲੀਨ ਚਤਰ ਮੁਖਿ ਗਿਆਨੀ ਧਨਵੰਤ॥**
**ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥**

ਪ੍ਰਭੂ ਪਰਮੇਸਰ ਨਾਲ ਸੱਚੀ ਪ੍ਰੀਤ ਦੀ ਗਾਥਾ ਬੜੀ ਨਿਰਮੋਲਕ ਹੈ ਤੇ ਹਰ ਕੋਈ ਇਸ ਦੀ ਲੋਚਾ ਰੱਖਦਾ ਹੈ। ਇਹ ਪ੍ਰੇਮ ਪਿਆਲਾ ਲਾਇਆਂ ਨਹੀਂ ਲਗਦਾ, ਇਹ ਅਦੁੱਤੀ ਬਖਸ਼ਿਸ਼ ਕੇਵਲ ਉਨ੍ਹਾਂ ਦੀ ਹੀ ਝੋਲੀ ਪੈਂਦੀ ਹੈ, ਜਿਨ੍ਹਾਂ ’ਤੇ ਅਕਾਲ ਪੁਰਖ ਵਾਹਿਗੁਰੂ ਆਪ ਤਰੁੱਠ ਜਾਵੇ।

**ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ॥**
**ਏਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥** •

# ਸੇਵਾ ਦਾ ਮੁਜੱਸਮਾ ਮਾਤਾ ਖੀਵੀ ਜੀ

ਹਰਜੀਤ ਸਿੰਘ ਕਲਕੱਤਾ

ਇਸਤਰੀ ਦਾ ਸਮੁੱਚਾ ਜੀਵਨ ਪਰਉਪਕਾਰ ਦਾ ਮੁਜੱਸਮਾ ਹੈ, ਜੋ ਆਪਣੇ ਜੀਵਨ ਕਾਲ ਦੌਰਾਨ ਕੇਵਲ ਖਿਦਮਤ ਕਰਦੀ ਹੈ। ਕਿਸੇ ਵੀ ਸਮਾਜ ਦੀ ਸਹੀ ਉਚਾਈ ਮਾਪਣ ਲਈ ਔਰਤ ਸੇਧ ਰੂਪ ਹੈ। ਪੁਰਾਤਨ ਸਮੇਂ ਔਰਤ ਦੀ ਪਦਵੀ ਇਸ ਲਈ ਨੀਵੀਂ ਗਿਣੀ ਜਾਂਦੀ ਸੀ ਕਿਉਂਕਿ ਇਹ ਸਰੀਰਕ ਤੌਰ ਤੇ ਆਦਮੀ ਨਾਲੋਂ ਕਮਜ਼ੋਰ ਹੁੰਦੀ ਹੈ। ਜਿਸ ਸਮਾਜ ’ਚ ਔਰਤ ਨੂੰ ਢੋਰ, ਪਸ਼ੂ ਤੇ ਗਵਾਰ ਆਦਿ ਆਖ ਕੇ ਤੁਲਨਾ ਕੀਤੀ ਜਾਂਦੀ ਹੋਵੇ ਉਹ ਸਮਾਜ ਉੱਚਾ ਨਹੀਂ ਕਿਹਾ ਜਾ ਸਕਦਾ। ਗੁਰੂ ਨਾਨਕ ਦੇਵ ਜੀ ਅਜਿਹੇ ਆਦਰਸ਼ਕ ਸਮਾਜ ਦੀ ਉਸਾਰੀ ਕਰਦੇ ਹਨ ਜਿਸ ’ਚ ਇਸਤਰੀ ਨੂੰ ਰਾਜਿਆਂ ਦੀ ਜਨਨੀ ਕਹਿ ਕੇ ਸਤਿਕਾਰ ਦਿੰਦੇ ਹਨ।

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥**

ਮਾਤਾ ਖੀਵੀ ਜੀ ਦਾ ਸਮੁੱਚਾ ਜੀਵਨ ਹੀ ਆਦਰਸ਼ਕ ਹੈ। ਲੰਗਰ ਦੀ ਸੇਵਾ ਇਤਨੀ ਮਹਾਨਤਾ ਨਾਲ ਕੀਤੀ ਕਿ ਉਨ੍ਹਾਂ ਦਾ ਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ’ਚ ਅੰਕਿਤ ਹੋ ਗਿਆ। ਇਕ ਪਾਸੇ ਗੁਰੂ ਅੰਗਦ ਦੇਵ ਜੀ ਸ਼ਬਦ ਦੀ ਦੌਲਤ ਖੁੱਲ੍ਹੇ ਹੱਥਾਂ ਨਾਲ ਵੰਡੀ ਜਾ ਰਹੇ ਸਨ ਤੇ ਦੂਜੇ ਪਾਸੇ ਉਨ੍ਹਾਂ ਦੀ ਸੁਪਤਨੀ ਮਾਤਾ ਖੀਵੀ ਜੀ ਸੇਵਾ ਸਦਕਾ ਲੰਗਰ ’ਚ ਸਭ ਨੂੰ ਖੀਰ ਵੰਡ ਰਹੇ ਸਨ, ਕੈਸੀ ਸਮਦ੍ਰਿਸ਼ਟੀ ਹੈ, ਕਿਤਨਾ ਉਦਾਰਚਿਤ ਹੈ ਉਨ੍ਹਾਂ ਦਾ ਸੁਭਾਅ। ਇਸ ਕਰੜੀ ਘਾਲਣਾ ਦੁਆਰਾ ਮਾਤਾ ਖੀਵੀ ਜੀ ਉਸ ਮਾਲਕ ਦੇ ਦਰ ’ਤੇ ਕਬੂਲ ਹੋ ਗਏ।

**ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ॥**
**ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ॥**

ਮਾਤਾ ਖੀਵੀ ਜੀ ਦਾ ਜਨਮ ਖਡੂਰ ਸਾਹਿਬ ਨੇੜਲੇ ਪਿੰਡ ਸੰਗਰ ਕੋਟ ਵਿਖੇ ਭਾਈ ਦੇਵੀ ਚੰਦ ਦੇ ਘਰ ਹੋਇਆ, ਜੋ ਵੱਡੇ ਸ਼ਾਹੂਕਾਰ ਸਨ। ਮਾਤਾ ਖੀਵੀ ਜੀ ਜਦੋਂ ਵਰ ਦੇ ਯੋਗ ਹੋਏ ਤਾਂ ਉਨ੍ਹਾਂ ਦਾ ਰਿਸ਼ਤਾ ਮੱਤੇ ਦੀ ਸਰਾਂ ਜ਼ਿਲ੍ਹਾ ਸ੍ਰੀ ਮੁਕਤਸਰ ਵਿਖੇ ਬਾਬਾ



ਫੇਰੂਮਲ ਜੀ ਦੇ ਸਪੁੱਤਰ ਭਾਈ ਲਹਿਣਾ ਜੀ ਨਾਲ ਪੱਕਾ ਕਰ ਦਿੱਤਾ ਗਿਆ। ਆਪ ਦਾ ਵਿਆਹ ਮਾਤਾ ਭਿਰਾਈ ਜੀ ਦੇ ਸਹਿਯੋਗ ਨਾਲ ਹੋਇਆ। ਭਾਈ ਕਾਨ੍ਹ ਸਿੰਘ ਨਾਭਾ ਰਚਿਤ ‘ਮਹਾਨ ਕੋਸ਼’ ਅਨੁਸਾਰ ਆਪ ਦਾ ਵਿਆਹ 1519 ਈਸਵੀ ਵਿਚ ਹੋਇਆ। ਮਾਤਾ ਖੀਵੀ ਜੀ ਦੀ ਪਵਿੱਤਰ ਕੁੱਖ ਤੋਂ ਦੋ ਸਪੁੱਤਰ ਬਾਬਾ ਦਾਸੂ ਜੀ ਤੇ ਬਾਬਾ ਦਾਤੂ ਜੀ ਤੇ ਦੋ ਸਪੁੱਤਰੀਆਂ ਬੀਬੀ ਅਮਰੋ ਜੀ ਤੇ ਬੀਬੀ ਅਨੋਖੀ ਜੀ ਪੈਦਾ ਹੋਈਆਂ।

ਮਾਤਾ ਖੀਵੀ ਜੀ ਦਾ ਲੋਕਾਂ ਵਿਚ ਚੰਗਾ ਮਾਣ-ਸਤਿਕਾਰ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਆਪ ਦੀ ਬਿਰਤੀ ਧਰਮ ਦੀ ਕਿਰਤ ਵੱਲ ਲੱਗੀ ਰਹਿੰਦੀ। ਭਾਈ ਬਲਵੰਡ ਜੀ ਆਪਣੇ ਸ਼ਬਦਾਂ ’ਚ ਬਿਆਨ ਕਰਦੇ ਹਨ ਕਿ ਮਾਤਾ ਖੀਵੀ ਜੀ ਆਪਣੇ ਪਤੀ ਵਾਂਗ ਭਲੇ ਹਨ, ਮਾਤਾ ਖੀਵੀ ਜੀ ਦੀ ਛਾਂ ਸੰਘਣੀ ਹੈ, ਜਿਵੇਂ ਮਾਂ ਦੀ ਠੰਡੀ ਛਾਂ ਹੈ। ਇਸੇ ਤਰ੍ਹਾਂ ਉਨ੍ਹਾਂ ਪਾਸ ਬੈਠਿਆਂ ਹਿਰਦੇ ਵਿਚ ਸ਼ਾਂਤੀ ਤੇ ਠੰਢ ਪੈ ਜਾਂਦੀ ਹੈ, ਜਿਸ ਪ੍ਰਕਾਰ ਗੁਰੂ ਅੰਗਦ ਦੇਵ ਜੀ ਸਤਿਸੰਗ ਰੂਪੀ ਲੰਗਰ ਵਿਚ ਨਾਮ ਦੀ ਦੌਲਤ ਵੰਡੀ ਜਾ ਰਹੇ ਸਨ, ਆਤਮਿਕ ਜੀਵਨ ਦੀ ਖ਼ੁਰਾਕ ਪ੍ਰਦਾਨ ਕਰ ਰਹੇ ਸਨ, ਉਵੇਂ ਹੀ ਮਾਤਾ ਖੀਵੀ ਜੀ ਸੇਵਾ ਸਦਕਾ ਸਭ ਨੂੰ ਨਿਹਾਲ ਕਰ ਰਹੇ ਸਨ। ਜੋ ਪ੍ਰਾਣੀ ਮਾਤਾ ਜੀ ਦੇ ਨੇੜੇ ਆਉਂਦਾ ਉਹ ਅਗੰਮੀ ਉਤਸ਼ਾਹ ਤੇ ਖੇੜੇ ਵਿਚ ਆ ਜਾਂਦਾ।

**ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥**
**ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ॥**

ਸੇਵਾ ਤੇ ਵੰਡ ਛਕਣ ਦੇ ਸਿਧਾਂਤ ਦੀ ਵੱਡੀ ਉਦਾਹਰਣ ਹਨ ਮਾਤਾ ਖੀਵੀ ਜੀ। ਮਾਤਾ ਜੀ ਦੇ ਜੀਵਨ ’ਤੇ ਸਿੱਖ ਇਤਿਹਾਸ ਸਦਾ ਮਾਣ ਕਰੇਗਾ। ਜਿੰਨਾ ਅਦਬ-ਸਤਿਕਾਰ ਸਿੱਖ ਧਰਮ ਨੇ ਇਸਤਰੀ ਨੂੰ ਦਿੱਤਾ ਹੈ ਪਰ ਅੱਜ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਅਸੀਂ ਸਿੱਖ ਇਤਿਹਾਸ ਤੋਂ ਦੂਰ ਹੋ ਰਹੇ ਹਾਂ। ਸਤਿਗੁਰੂ ਜੀ ਨੇ ਬਰਾਬਰੀ ਦਾ ਹੱਕ ਦਿੰਦਿਆਂ ਕਹਿ ਦਿੱਤਾ ਸੀ ਕਿ ਪਤੀ-ਪਤਨੀ ਮੂਰਤਾਂ ਹੀ ਦੋ ਹਨ ਪਰ ਜੋਤ ਇਕ ਹੀ ਹੈ। ਗੁਰਮਤਿ ਅਨੁਸਾਰ ਹਰ ਇਸਤਰੀ ਨੂੰ ਧਾਰਮਿਕ ਆਜ਼ਾਦੀ ਹੈ। ਔਰਤ ਦੇ ਸੁਭਾਅ ’ਚ ਕੁਦਰਤੀ ਸਿਫ਼ਤ ਇਹ ਹੈ ਕਿ ਉਹ ਮੁਸ਼ਕਿਲ ਸਮੇਂ ਵਿਚ ਵੀ ਚੰਗੀ ਸੋਚ ਦੀ ਧਾਰਨੀ ਰਹਿ ਸਕਦੀ ਹੈ।

ਮਾਤਾ ਖੀਵੀ ਜੀ ਸ਼ਾਂਤ ਸੁਭਾਅ ਦੇ ਮਾਲਕ, ਸੇਵਾ ਦੇ ਮੁਜੱਸਮੇ, ਨੇਕਜਨ, ਧਰਮ ਦੀ ਮੂਰਤ, ਸਦਾ ਪਰਮਾਤਮਾ ਦੀ ਰਜ਼ਾ ਵਿਚ ਰਾਜ਼ੀ ਤੇ ਖੇੜੇ ’ਚ ਰਹਿਣ ਵਾਲੇ ਸਨ ਜਿਨ੍ਹਾਂ ਦੀ ਸੰਘਣੀ ਛਾਂ ਸਦਾ ਤਪਦੇ ਹਿਰਦਿਆਂ ਨੂੰ ਠੰਢਕ ਪਹੁੰਚਾਉਂਦੀ ਰਹੇਗੀ। •

70872-59173

# ਜ਼ਕਾਤ

ਪ੍ਰਿੰ. ਗੁਰਚਰਨ ਸਿੰਘ ਤਲਵਾੜਾ

ਜ਼ਕਾਤ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਸਫ਼ਾਈ। ਜ਼ਕਾਤ ਦੇ ਕੇ ਮਨੁੱਖ ਆਪਣੀ ਦੌਲਤ ਨੂੰ ਅੱਲਾਹ ਦੀ ਨਿਗਾਹ ’ਚ ਸਾਫ਼ ਕਰਦਾ ਹੈ। ਜਦੋਂ ਕੋਈ ਆਪਣੇ ਧਨ-ਮਾਲ ਵਿੱਚੋਂ ਜ਼ਕਾਤ ਅਦਾ ਕਰਦਾ ਹੈ ਤਾਂ ਇਸ ਨਾਲ ਗ਼ਰੀਬਾਂ, ਮਸਕੀਨਾਂ ਤੇ ਲੋੜਵੰਦਾਂ ਦੀ ਮਦਦ ਹੁੰਦੀ ਹੈ। ਇਸਲਾਮ ਦੇ ਪੰਜ ਬੁਨਿਆਦੀ ਅਰਕਾਨ ਵਿੱਚੋਂ




ਜ਼ਕਾਤ ਅਹਿਮ ਰੁਕਨ ਹੈ। ਇਸ ਦਾ ਮਕਸਦ ਗ਼ਰੀਬ, ਮਸਕੀਨ, ਫ਼ਕੀਰ, ਲੋੜਵੰਦਾਂ, ਨਿਆਸਰਿਆਂ ਦੀਆਂ ਬੁਨਿਆਦੀ ਲੋੜਾਂ ਵਿੱਚੋਂ ਭੋਜਨ ਤੇ ਵਸਤਰ ਦੀ ਪੂਰਤੀ ਕਰਨਾ ਹੈ। ਜ਼ਕਾਤ ਭਾਵੇਂ ਫ਼ਰਜ਼ ਇਬਾਦਤ ਹੈ ਪਰ ਇਹ ਮਾਲਦਾਰ ਵਿਅਕਤੀ ਉੱਤੇ ਫ਼ਰਜ਼ ਹੈ, ਧਨਵਾਨ ਵਿਅਕਤੀ ਨੂੰ ਆਪਣੇ ਮਾਲ ਉੱਤੇ ਸ਼ਰੀਅਤ ਅਨੁਸਾਰ ਨਿਸ਼ਚਿਤ ਮਾਤਰਾ ’ਚ ਜ਼ਕਾਤ ਦੇਣੀ ਫ਼ਰਜ਼ ਹੈ। ਜ਼ਕਾਤ ਮਾਲ-ਓ-ਦੌਲਤ, ਜਾਨਵਰਾਂ, ਖੇਤੀ ਤੇ ਬਾਗ਼ਾਂ ਉੱਤੇ ਵੱਖ-ਵੱਖ ਮਾਤਰਾ ’ਚ ਨਿਸ਼ਚਿਤ ਹੈ। ਜ਼ਕਾਤ ਅਦਾ ਕਰਨ ਬਾਰੇ ਹਦਾਇਤ ਕੁਰਆਨ ਮਜੀਦ ਦੀ ਸੂਰਹਾ ਅਲ-ਬਕਰ, ਸੂਰਹਾ ਅਤ-ਤੌਬਾ, ਸੂਰਹਾ ਅਲ-ਮਾਇਦਾ, ਸੂਰਹਾ ਅਲ-ਹੱਜ ਵਗੈਰਾ ਵਿਚ ਆਈ ਹੈ। ਹਦੀਸ ਸ਼ਰੀਫ਼ ’ਚ ਜ਼ਿਕਰ ਹੈ ਕਿ ਅੱਲਾਹ ਨੇ ਧਨਵਾਨ ਮੁਸਲਮਾਨਾਂ ਉੱਤੇ ਜ਼ਕਾਤ ਫ਼ਰਜ਼ ਕੀਤੀ ਹੈ ਤਾਂ ਕਿ ਜ਼ਰੂਰਤਮੰਦਾਂ ਦੀ ਸਹਾਇਤਾ ਕੀਤੀ ਜਾ ਸਕੇ। ਜਿਸ ਮੁਸਲਮਾਨ ਉੱਤੇ ਜ਼ਕਾਤ ਫ਼ਰਜ਼ ਹੈ ਜੇ ਉਹ ਜ਼ਕਾਤ ਨਹੀਂ ਦਿੰਦਾ ਤਾਂ ਉਸ ਦੀਆਂ ਨਮਾਜ਼ਾਂ ਵੀ ਅੱਲਾਹ ਕਬੂਲ ਨਹੀਂ ਕਰਦਾ। ਜ਼ਕਾਤ ਦੇਣਾ ਅੱਲਾਹ ਦਾ ਹੱਕ ਅਦਾ ਕਰਨਾ ਹੈ, ਐਸਾ ਹਦੀਸ ਸ਼ਰੀਫ਼ ’ਚ ਵਰਣਨ ਮਿਲਦਾ ਹੈ। ਆਮ ਤੌਰ ’ਤੇ ਨਿਸ਼ਚਿਤ ਮਾਤਰਾ ’ਚ ਸੋਨਾ, ਚਾਂਦੀ ਇਕ ਸਾਲ ਰਹਿਣ ਉੱਤੇ 2.5 ਫ਼ੀਸਦੀ ਜ਼ਕਾਤ ਸ਼ਰੀਅਤ ਅਨੁਸਾਰ ਨਿਸ਼ਚਿਤ ਕੀਤੀ ਗਈ ਹੈ। ਇਹ ਵੀ ਨਿਸ਼ਚਿਤ ਹੈ ਕਿ ਜ਼ਕਾਤ ਕਿਨ੍ਹਾਂ ਲੋਕਾਂ ਉੱਤੇ ਖ਼ਰਚੀ ਜਾਣੀ ਹੈ ਤੇ ਕੌਣ ਇਸ ਦੇ ਹੱਕਦਾਰ ਹਨ। •

94634-63193

# ਜਾਤਿ ਕਾ ਗਰਬੁ ਨਾ ਕਰੀਅਹੁ ਕੋਈ

ਗੁਰਬਾਜ ਸਿੰਘ

ਗੁਰੂ ਅਮਰਦਾਸ ਜੀ ਰਾਗ ਭੈਰਵ ਵਿਚ ਗੁਰੂਅੰਗ 1127 ’ਤੇ ਫ਼ੁਰਮਾਉਂਦੇ ਹਨ :

**ਜਾਤਿ ਕਾ ਗਰਬੁ ਨਾ ਕਰੀਅਹੁ ਕੋਈ॥**
**ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥**
**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥**
**ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥**
**ਰਹਾਉ**
**ਚਾਰੇ ਵਰਨ ਆਖੈ ਸਭੁ ਕੋਈ॥**
**ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ॥**
**ਮਾਟੀ ਏਕ ਸਗਲ ਸੰਸਾਰਾ॥**
**ਬਹੁ ਬਿਧਿ ਭਾਂਡੇ ਘੜੈ ਕੁਮਾਰਾਰਾ॥**
**ਪੰਚ ਤਤੁ ਮਿਲਿ ਦੇਹੀ ਕਾ ਆਕਾਰਾ।**
**ਤਟਿ ਵਧਿ ਕੋ ਕਰੈ ਬਿਚਾਰਾ॥**
**ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ।**
**ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ॥**

ਗੁਰੂ ਸਾਹਿਬ ਦਰਸਾਉਂਦੇ ਹਨ ਕਿ ਹੇ ਮਨੁੱਖ, ਤੈਨੂੰ ਆਪਣੀ ਜਾਤ 4ਤੇ ਸਮਾਜਿਕ ਰੁਤਬੇ ਦਾ ਹੰਕਾਰ ਜਾਂ ਘੁਮੰਡ ਨਹੀਂ ਕਰਨਾ ਚਾਹੀਦਾ। ਉਸ ਪਰਮਾਤਮਾ ਦੀ ਨਜ਼ਰ ’ਚ ਸਭ ਇਕ ਸਮਾਨ ਹਨ। ਜੋ ਇਨਸਾਨ ਉਸ ਨਿਰੰਕਾਰ ਦੀ ਸੋਝੀ ਤੇ ਭਾਣੇ ਵਿਚ ਜੀਵਨ ਬਤੀਤ ਕਰਦਾ ਹੈ, ਨਿਰਮਾਣਤਾ ਦਾ ਪੱਲਾ ਫੜ ਕੇ ਜੀਵਨ ਬਤੀਤ ਕਰਦਾ ਹੈ ਪਰਮਾਤਮਾ ਦੇ ਸ਼ਬਦ ਸੋਝ ਮੁਤਾਬਕ ਚੱਲ ਕੇ ਉਸ ਨੂੰ ਜਾਣ ਲੈਂਦਾ ਹੈ, ਉਹੀ ਪਰਮਾਤਮਾ ਦੀ ਨੇੜਤਾ ਅਤੇ ਉਸ ਦੀ ਮਿਹਰ -ਨਦਰਿ ਪ੍ਰਾਪਤ ਕਰਦਾ ਹੈ।

ਗੁਰੂ ਜੀ ਸਿੱਖਿਆ ਦਿੰਦੇ ਹਨ ਕਿ ਹੇ ਮੂਰਖ ਇਨਸਾਨ ਤੂੰ ਆਪਣੀ ਉੱਚੀ ਜਾਤੀ, ਪੈਸੇ, ਰੁਤਬੇ, ਜਾਂ ਸਮਾਜੀ ਉੱਚ ਆਚਾਰ-ਵਿਹਾਰ ਦਾ ਵਿਅਰਥ ਹੀ ਹੰਕਾਰ ਕਰ ਰਿਹਾ ਹੈਂ। ਪਰਮਾਤਮਾ ਦੇ ਘਰ ਤੇਰੇ ਵਰਗੇ ਘੁਮੰਡੀ ਤੇ ਜਾਤ-ਪਾਤ ’ਚ ਵਿਸ਼ਵਾਸ ਰੱਖਣ ਵਾਲੇ ਲਈ ਕੋਈ ਜਗ੍ਹਾ ਨਹੀਂ ਹੈ। ਹੰਕਾਰ ਤੇ ਜਾਤ-ਪਾਤ ਦੀ ਊਚ-ਨੀਚ ਨੂੰ ਮੰਨਣ ਵਾਲੇ ਦੀ ਜ਼ਿੰਦਗੀ ’ਚ ਅਨੇਕਾਂ ਵਿਕਾਰ, ਪਾਪ, ਦੁੱਖ ਤੇ ਮੁਸ਼ਕਿਲਾਂ ਪੈਦਾ ਹੁੰਦੀਆਂ ਹਨ। ਉਹ ਕਈ ਤਰ੍ਹਾਂ ਦੇ ਭੈੜੇ ਕਰਮਾਂ ਦਾ ਮਾਲਕ ਬਣ ਜਾਂਦਾ ਹੈ। ਸਮਾਜ ’ਚ ਚਾਰਾਂ ਵਰਨਾਂ ਦੇ ਲੋਕ ਪਰਮਾਤਮਾ ਦੀ ਮਿਹਰ ਨਾਲ ਇਕ ਜੋਤਿ ਤੋਂ ਉਪਜੇ ਨੇ ਪਰ ਆਪਣੀ ਮੂਰਖਤਾ ਨਾਲ ਮਨਮੁੱਖਾਂ ਨੇ ਜਾਤ-ਪਾਤ



ਦਾ ਪਸਾਰਾ ਕੀਤਾ ਹੋਇਆ ਹੈ। ਸਭ ਇਕ ਹੀ ਜੋਤ ਸਰੂਪ ਪਰਮਾਤਮਾ ਤੋਂ ਉਤਪਨ ਹੋਏ ਹਨ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਜਿਵੇਂ ਠਠਿਆਰ ਬਰਤਨ ਬਣਾਉਂਦੇ ਸਮੇਂ ਅਨੇਕ ਪ੍ਰਕਾਰ ਦੇ ਰੰਗਾਂ ਤੇ ਅਕਾਰਾਂ ਦੇ ਬਰਤਨ ਬਣਾਉਂਦਾ ਹੈ, ਜਿਨ੍ਹਾਂ ਵਿੱਚੋਂ ਕੋਈ ਵੱਡ-ਅਕਾਰੀ ਤੇ ਕੋਈ ਛੋਟਾ ਹੈ। ਤਿਵੇਂ ਹੀ ਪਰਮਾਤਮਾ ਨੇ ਸਭ ਨੂੰ ਪੈਦਾ ਕੀਤਾ ਹੈ। ਆਪਣੇ ਕਰਮਾਂ ਅਨੁਸਾਰ ਹਰ ਕੋਈ ਵੱਖੋ ਵੱਖਰੇ ਰੰਗਾਂ-ਰੂਪਾਂ ਤੇ ਸੋਝੀ ਦਾ ਮਾਲਕ ਹੈ। ਇਸ ਵਿਚ ਕੋਈ ਪ੍ਰਸ਼ਨ ਨਹੀ ਕਰ ਸਕਦਾ ਕਿ ਕੌਣ ਵੱਡਾ ਹੈ ਤੇ ਕੌਣ ਛੋਟਾ? ਪੰਜ ਤੱਤਾਂ ਦਾ ਇਹ ਸਰੀਰ ਬਣਿਆ ਹੈ ਤੇ ਸਭ ਇਕ ਹੀ ਪਰਮਾਤਮਾ ਦੀ ਜੋਤ ਦਾ ਛੋਟਾ ਰੂਪ ਨੇ। ਨਾਮ ਸਿਮਰਨ ਤੇ ਸ਼ਬਦ ਗੁਰੂ ਦੀ ਮਿਹਰ ਨਾਲ ਹੀ ਕੋਈ ਪਰਮਾਤਮਾ ਦੇ ਕਰੀਬ ਹੋ ਸਕਦਾ ਹੈ ਤੇ ਭੁੱਲੇ-ਭਟਕੇ ਦੂਰ ਭਟਕਦੇ ਰਹਿੰਦੇ ਨੇ। ਗੁਰੂ ਜੀ ਫ਼ੁਰਮਾਉਂਦੇ ਹਨ ਕਿ ਮਨੁੱਖੀ ਆਤਮਾ ਤਾਂ ਕਰਮਾਂ ਦੀ ਬੱਧੀ ਹੋਈ ਹੈ ਤੇ ਸੱਚੇ ਸਤਗੁਰਿ ਦੀ ਮਿਹਰ ਤੇ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਇਨ੍ਹਾਂ ਬੰਧਨਾਂ ਤੋਂ ਮੁਕਤ ਹੋਇਆ ਜਾ ਸਕਦਾ ਹੈ।

ਉਕਤ ਸ਼ਬਦ ਦੇ ਚਾਨਣ ਵਿਚ ਪਵਿੱਤਰ ਗੁਰਬਾਣੀ ਵੱਲੋਂ ਇਹੀ ਸੰਦੇਸ਼ ਦਿੱਤਾ ਗਿਆ ਹੈ। ਮਨੁੱਖ ਨੂੰ ਕਦੇ ਵੀ ਆਪਣੀ ਜਾਤ, ਸਮਾਜੀ ਰੁਤਬੇ, ਪੈਸੇ ਦਾ ਹੰਕਾਰ ਨਹੀ ਕਰਨਾ ਚਾਹੀਦਾ। ਇਹ ਜੀਵਨ ਪਾਣੀ ਦਾ ਬੁਲਬਲਾ ਹੈ ਫਿਰ ਵੀ ਮਨੁੱਖ ਧੀਆਂ-ਪੁੱਤਰਾਂ ਲਈ ਮਹਿਲ-ਮਾੜੀਆਂ ਤੇ ਧੰਨ ਦੌਲਤਾਂ ਇਕੱਠੀਆਂ ਕਰਦਾ ਫਿਰਦਾ ਹੈ। ਪਰ ਉਸ ਨੂੰ ਸਮਝ ਨਹੀ ਪੈਂਦੀ ਕਿ ਇਨ੍ਹਾਂ ਚੀਜ਼ਾਂ ਨਾਲ ਜੀਵਨ ਤਾਂ ਜੀਵਿਆ ਜਾ ਸਕਦਾ ਹੈ ਪਰ ਪਰਮਾਤਮਾ ਦੀ ਅਸਲ ਨਦਰਿ ਕ੍ਰਿਪਾ ਤੇ ਅੱਗਾ ਨਹੀ ਸੰਵਾਰਿਆ ਜਾ ਸਕਦਾ। ਪਰਮਾਤਮਾ ਦੇ ਦਰਸਾਏ ਮਾਰਗ ’ਤੇ ਨਿਮਰਤਾ ਨਾਲ ਬਤੀਤ ਕੀਤਾ ਜੀਵਨ ਤੇ ਸ਼ੁੱਭ ਕਰਮ ਹੀ ਪਰਮਾਤਮਾ ਦੇ ਘਰ ਢੋਈ ਦੁਆਉਂਦੇ ਹਨ ਨਾ ਕਿ ਜਾਤ ਜਾਂ ਪੈਸੇ ਦਾ ਹੰਕਾਰ।

ਆਦਮੀ ਪੈਸੇ ਤੇ ਜਾਤ ਨੂੰ ਬਹੁਤ ਵਡਿਆਉਂਦਾ ਹੈ। ਕੀ ਉਸ ਨੇ ਕਦੇ ਸੋਚਿਆ ਹੈ ਕਿ ਉਸ ਨੇ ਅੱਜ ਦੇ ਦਿਨ ਕਿਸੇ ਨੂੰ ਖ਼ੁਸ਼ ਕੀਤਾ ਹੈ? ਕਿਸੇ ਦੀ ਮਦਦ ਕੀਤੀ ਹੈ? ਆਪਣੇ ਧੀਆਂ-ਪੁੱਤਰਾਂ ਜਾਂ ਪਤਨੀ ਦੀ ਅਸਲੀ ਖ਼ੁਸ਼ੀ ਜਾਣੀ ਹੈ? ਅਜਿਹੀ ਦੋਹਰੀ



**ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕਰ ਕੇ ਸਿੱਖ ਧਰਮ ਨੂੰ ਦ੍ਰਿੜ ਕੀਤਾ ਤੇ ਸਿੱਖ ਪੰਥ ਨੂੰ ਨਵਾਂ ਸਰੂਪ ਬਖ਼ਸ਼ਿਆ। ਗੁਰੂ ਜੀ ਨੇ ‘ਸਿੰਘ’ ਤੇ ‘ਕੌਰ’ ਦੇ ਸਤਿਕਾਰਤ ਰੁਤਬੇ ਦਿੱਤੇ। ਜਾਤ-ਪਾਤ ਦੇ ਭੇਦ ਖ਼ਤਮ ਕੀਤਾ ਪਰ ਅੱਜ ਵੀ ਸਾਡੇ ਵਿੱਚੋਂ ਬਹੁਤ ਸਾਰੇ ਲੋਕ ਗੁਰੂ ਸਾਹਿਬਾਨ ਦੀ ਸਿੱਖਿਆ ਤੋਂ ਦੂਰ ਹਨ। ਗੁਰੂ ਨਾਨਕ ਸਾਹਿਬ ਦਾ ਸੰਦੇਸ਼ ਹੈ ਕਿ ਨਾ ਕੋਈ ਹਿੰਦੂ ਹੈ, ਨਾ ਮੁਸਲਮਾਨ, ਸਭ ਮਨੁੱਖ ਦੀ ਜਾਤ ਹਨ ਅਤੇ ਸਾਰੇ ਇਕ ਬਰਾਬਰ ਹਨ...**

ਜ਼ਿੰਦਗੀ ਦਾ ਕੋਈ ਫ਼ਾਇਦਾ ਨਹੀ ਜੋ ਬਾਹਰੋ ਤਾਂ ਧਾਰਮਿਕ ਬਣਦੇ ਨੇ, ਨਾਮ ਵੀ ਸਿਮਰਦੇ ਨੇ ਪਰ ਅੰਦਰੋਂ ਕੋਝ, ਜਾਤ ਤੇ ਪੈਸੇ ਦੇ ਹੰਕਾਰ ਨੂੰ ਨਹੀ ਛੱਡਦੇ? ਬੰਦਾ ਸ਼ਰਾਬ ਪੀਂਦਾ ਹੈ, ਧੋਖਾ ਕਰਦਾ ਹੈ, ਘਰਦਿਆਂ ਨਾਲ ਲੜਦਾ ਹੈ ਪਰ ਸਵੇਰੇ ਫਿਰ ਗੁਰਦੁਆਰੇ ਜਾਂਦਾ ਹੈ ਤੇ ਸੋਚਦਾ ਹੈ ਕਿ ਉਸ ਨੂੰ ਕੋਈ ਨਹੀ ਦੇਖਦਾ। ਉਹ ਆਪਣੇ ਆਪ ਨਾਲ ਧੋਖਾ ਕਰਦਾ ਹੈ। ਪਰਮਾਤਮਾ ਤਾਂ ਸਭ ਦੇਖਦਾ ਹੈ।

ਪਰਮਾਤਮਾ ਨੇ ਆਪਣੇ ਕਈ ਰੂਪਾਂ, ਉਦਾਹਰਨਾਂ ਤੇ ਅਵਤਾਰਾਂ ਰਾਹੀਂ ਸਾਨੂੰ ਅਨੇਕਾਂ ਸੰਦੇਸ਼ ਤੇ ਸਿੱਖਿਆਵਾਂ ਦਿੱਤੀਆਂ ਹਨ ਤਾਂ ਕਿ ਜੀਵਨ ਨੂੰ ਸੰਵਾਰਿਆ ਜਾ ਸਕੇ। ਦੁਨੀਆ ਦਾ ਹਰ ਗ੍ਰੰਥ, ਹਰ ਧਰਮ ਬੰਦਿਸ਼ਾਂ, ਜਾਤ-ਪਾਤ ਦੇ ਘੁਮੰਡ ਤੋਂ ਦੂਰ ਰਹਿਣ ਦੀ ਸਿੱਖਿਆ ਦਿੰਦਾ ਹੈ।

ਬਾਈਬਲ ਦੀ ਕਥਾ ਮੁਤਾਬਕ ਇਕ ਬਾਦਸ਼ਾਹ ਸੀ, ਜੋ ਆਪਣੇ ਮਹਿਲ ਵਿਚ ਅਨੇਕ ਰਾਣੀਆਂ ਨਾਲ ਰਹਿੰਦਾ ਸੀ ਤੇ ਅਨੇਕਾਂ ਪ੍ਰਕਾਰ ਦੇ ਖਾਣਿਆਂ ਦਾ ਸੇਵਨ ਕਰਦਾ ਸੀ ਪਰ ਰੱਬ ਨੂੰ ਭੁੱਲਿਆ ਸੀ। ਉਸ ਦੇ ਮਹਿਲ ਸਾਹਮਣੇ ਇਕ ਗ਼ਰੀਬ ਲਾਜਰ ਨਾਂ ਦਾ ਪਿੰਗਲਾ ਰਹਿੰਦਾ ਸੀ, ਜਿਸ ’ਤੇ ਕਦੇ ਉਸ ਬਾਦਸ਼ਾਹ ਦੀ ਕ੍ਰਿਪਾ-ਦ੍ਰਿਸ਼ਟੀ ਨਹੀਂ ਸੀ ਪਈ। ਜਦੋ ਉਸ ਬਾਦਸ਼ਾਹ ਦੇ ਨੌਕਰ ਬਚਿਆ-ਖੁਚਿਆ ਖਾਣਾ ਕੂੜੇ ਦੇ ਢੇਰ ’ਤੇ ਸੁੱਟਦੇ ਤਾਂ ਉਹ ਪਿੰਗਲਾ ਕੂੜੇ ਤੋਂ ਚੁੱਕ ਕੇ ਖਾਣਾ ਖਾ ਲੈਂਦਾ ਤੇ ਰੱਬ ਦਾ ਸ਼ੁਕਰਗੁਜ਼ਾਰ ਹੁੰਦਾ। ਇਕ ਦਿਨ ਲਾਜਰ ਮਰ ਗਿਆ ਤੇ ਬਾਦਸ਼ਾਹ ਵੀ ਮਰ ਗਿਆ। ਪਰਮਾਤਮਾ ਦੇ ਘਰ ਬਾਦਸ਼ਾਹ ਨੂੰ ਨਰਕ ਦੀ ਅੱਗ ’ਚ ਸੁੱਟਿਆ ਗਿਆ ਤੇ ਲਾਜਰ ਨੂੰ ਪਰਮਾਤਮਾ ਨੇ ਆਪਣੇ ਨਾਲ ਤਖ਼ਤ ’ਤੇ ਬਿਠਾਇਆ। ਸੋ ਜਾਤ ਨੂੰ ਨਹੀਂ ਪਰਮਾਤਮਾ ਨੂੰ ਯਾਦ ਕਰਨਾ ਚਾਹੀਦਾ ਹੈ। ਭਗਵਾਨ ਕ੍ਰਿਸ਼ਨ ਤੇ ਸੁਦਾਮੇ ਦੀ ਦੋਸਤੀ ਨੂੰ ਕੌਣ ਨਹੀਂ ਜਾਣਦਾ? ਕ੍ਰਿਸ਼ਨ ਭਗਵਾਨ ਰੂਪ ਸੀ ਤੇ ਸੁਦਾਮਾ ਬਹੁਤ ਗ਼ਰੀਬ ਸੀ ਪਰ ਕ੍ਰਿਸ਼ਨ ਜੀ ਨੇ ਬਚਪਨ ਦੀ ਦੋਸਤੀ ਨੂੰ ਮਹਾਨਤਾ ਦਿੰਦੇ ਹੋਏ ਉਸ ਨੂੰ ਆਪਣੇ ਬਰਾਬਰ ਤਖ਼ਤ ’ਤੇ ਬਿਠਾਉਂਦੇ ਸਨ ਤੇ ਉਸ ਦੇ ਸਵਾਗਤ ਲਈ ਨੰਗੇ ਪੈਰੀਂ ਹੀ ਦੌੜ ਪਏ ਸਨ।

ਗੁਰੂ ਨਾਨਕ ਦੇਵ ਜੀ ਨੇ ਵੀ ਭਾਈ ਮਰਦਾਨਾ ਜੀ ਤੇ ਭਾਈ ਬਾਲਾ ਜੀ ਨੂੰ ਆਪਣੇ ਸਫ਼ਰ ਦਾ ਸਾਥੀ ਚੁਣਿਆ। ਗੁਰੂ ਜੀ ਨੇ ਮਨੁੱਖਤਾ, ਸ਼ੁੱਭ ਸ਼ਖ਼ਸੀਅਤ ਤੇ ਕਰਮਾਂ ਨੂੰ ਪਹਿਲ ਦਿੱਤੀ।

ਕਹਿੰਦੇ ਨੇ ਇਕ ਵਾਰ ਮਰਦਾਨਾ ਉਦਾਸ ਹੋਇਆ। ਉਹ ਗੁਰੂ ਨਾਨਕ ਦੇਵ ਜੀ ਨੂੰ ਕਹਿਣ ਲੱਗੇ ਕਿ ‘ਗੁਰੂ ਜੀ, ਲੋਕ ਤੁਹਾਨੂੰ ਕੁਰਾਹੀਆ ਤੇ ਮੈਨੂੰ ਕੁਰਾਹੀਏ ਦਾ ਡੂੰਮ ਕਹਿੰਦੇ ਨੇ।’ ਗੁਰੂ ਜੀ ਨੇ ਉੱਤਰ ਦਿੱਤਾ ਕਿ ਤੂੰ ਉਦਾਸ ਕਿਉਂ ਹੁੰਦਾ ਹੈਂ? ਅਸੀਂ ਤਾਂ ਦੋਵੇਂ ਡੂੰਮ ਹਾਂ, ਤੂੰ ਸਾਡਾ ਡੂੰਮ ਹੈਂ ਤੇ ਅਸੀਂ ਉਸ ਪਰਮਾਤਮਾ ਦੇ ਡੂੰਮ ਹਾਂ।’ ਗੁਰੂ ਜੀ ਨੇ ਅਮੀਰ ਮਲਕ ਭਾਗੋ ਦਾ ਸ਼ਾਹੀ ਭੋਜ ਠੁਕਰਾ ਕੇ ਇਕ ਕਿਰਤੀ ਭਾਈ ਲਾਲੋ ਦਾ ਪ੍ਰਸ਼ਾਦਾ ਛਕਿਆ ਸੀ। ਅਜਿਹੀਆਂ ਅਣਗਿਣਤ ਉਦਾਹਰਣਾਂ ਹਨ, ਜਿਨ੍ਹਾਂ ਰਾਹੀਂ ਪਵਿੱਤਰ ਗੁਰਬਾਣੀ ਤੇ ਗੁਰੂ ਸਾਹਿਬਾਨ ਨੇ ਜਾਤ-ਪਾਤ ਵਿਸਾਰ ਕੇ ਸਭ ਨੂੰ ਇਕ ਸਮਾਨ ਪਿਆਰ ਦਿੱਤਾ ਪਰ ਅਜੋਕਾ ਮਨੁੱਖ ਦੰਭੀ ਅਤੇ ਦੋਗਲੀ ਸ਼ਖ਼ਸੀਅਤ ਦਾ ਮਾਲਕ ਬਣ ਚੁੱਕਾ ਹੈ। ਉਹ ਇੱਕੋ ਵੇਲੇ ਕਈ ਪ੍ਰਕਾਰ ਦੇ ਰੋਲ ਨਿਭਾਉਂਦਾ ਹੈ ਚੰਗੇ ਵੀ ਤੇ ਮਾੜੇ ਵੀ ਪਰ ਪਰਮਾਤਮਾ ਦੀ ਨਜ਼ਰ ਤੋਂ ਇਹ ਨਾ ਤਾਂ ਬਚ ਸਕਿਆ ਹੈ ਤੇ ਨਾ ਹੀ ਬਚ ਸਕੇਗਾ। ਗੁਰਬਾਣੀ ਥਾਂ-ਥਾਂ ਹਵਾਲੇ ਦਿੰਦੀ ਹੈ ਪਰ ਇਹ ਕਦੇ ਨਹੀ ਸਮਝਦਾ। ਨੀਵੀਂ ਜਾਤ ਜਾਂ ਉੱਚੀ ਜਾਤ ਦਾ ਹੰਕਾਰ ਵਿਅਰਥ ਹੈ। ਹਰ ਇਨਸਾਨ ਅੰਦਰ ਉਸ ਇਕ ਪਰਮਾਤਮਾ ਦਾ ਬਸੇਰਾ ਹੈ। ਸਾਰਿਆਂ ਦੇ ਖ਼ੂਨ ਦਾ ਰੰਗ ਵੀ ਇਕ ਹੈ। ਇਹ ਸਭ ਸਾਡੀ ਘਟੀਆ ਸੋਚ ਹੈ, ਜਿਸ ਨੇ ਦੂਜ ਪੈਦਾ ਕੀਤੀ ਹੈ। ਬਹੁਤ ਸ਼ਰਮਨਾਕ ਗੱਲ ਹੈ ਕਿ ਸਾਡਾ ਸਮਾਜ ਅਜੇ ਵੀ ਰੰਗ, ਰੂਪਾਂ ਤੇ ਜਾਤਾਂ-ਪਾਤਾਂ ਵਿਚ ਫਸਿਆ ਹੋਇਆ ਹੈ। ਸਾਡੇ ਸਮਾਜ ਦੀ ਤ੍ਰਾਸਦੀ ਹੈ ਅਸੀਂ ਕਿਸੇ ਵੀ ਖੇਤਰ ’ਚ ਮਹਾਨਤਾ ਖੱਟਣ ਵਾਲੇ ਇਨਸਾਨ ਨੂੰ ਪਛਾਣਨ ਤੇ ਜਾਨਣ ਤੋਂ ਪਹਿਲਾਂ ਜਾਤ ਦਾ ਪੈਮਾਨਾ ਅੱਗੇ ਰੱਖਦੇ ਹਾਂ। ਉਸ ਨੂੰ ਪਰਮਾਤਮਾ ਦਾ ਜੀਵ ਮੰਨਣ ਦੀ ਥਾਂ ਜਾਤ ਦੀ ਪੈਦਾਇਸ਼ ਮੰਨਦੇ ਹਾਂ।

ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਣਾ ਕਰ ਕੇ ਇਕ ਸਿੱਖੀ ਧਰਮ ਨੂੰ ਦ੍ਰਿੜ ਕੀਤਾ ਤੇ ਸਿੱਖ ਪੰਥ ਨੂੰ ਨਵਾਂ ਸਰੂਪ ਬਖ਼ਸ਼ਿਆ। ਗੁਰੂ ਜੀ ਨੇ ‘ਸਿੰਘ’ ਤੇ ‘ਕੌਰ’ ਦੇ ਸਤਿਕਾਰਤ ਰੁਤਬੇ ਦਿੱਤੇ। ਜਾਤ-ਪਾਤ ਦੇ ਭੇਦ ਨੂੰ ਖ਼ਤਮ ਕਰਨ ਲਈ ਬਾਬਾ ਜੀਵਨ ਸਿੰਘ ਜੀ ਨੂੰ ‘ਰੰਗਰੇਟਾ ਗੁਰੂ ਕਾ ਬੇਟਾ’ ਕਿਹਾ ਪਰ ਅੱਜ ਵੀ ਸਾਡੇ ਵਿੱਚੋਂ ਬਹੁਤ ਸਾਰੇ ਲੋਕ ਗੁਰੂ ਸਾਹਿਬਾਨ ਦੀ ਸਿੱਖਿਆ ਤੋਂ ਦੂਰ ਹਨ। ਅਸੀਂ ਵੀ ਅਸੀਂ ਆਪਣੇ ਆਪ ਨੂੰ ਵੱਖ-ਵੱਖ ਗੋਤਾਂ-ਜਾਤਾਂ ਨਾਲ ਜੋੜ ਕੇ ਵਡਿਆਉਂਦੇ ਹਾਂ। ਹੋਰ ਤਾਂ ਹੋਰ ਅਸੀਂ ਤਾਂ ਜਾਤਾਂ ਦੇ ਆਧਾਰ ’ਤੇ ਧਾਰਮਿਕ ਅਸਥਾਨ ਵੀ ਕਾਇਮ ਕਰ ਦਿੱਤੇ ਹਨ। ਇਥੋਂ ਤਕ ਕਿ ਸਿਵਿਆਂ ਤੇ ਸ਼ਮਸ਼ਾਨਾਂ ਨੂੰ ਵੀ ਜਾਤਾਂ ਦੇ ਆਧਾਰ ’ਤੇ ਵੰਡ ਲਿਆ। ਅਜਿਹੇ ਲੋਕਾਂ ਨੂੰ ਕੌਣ ਸਮਝਾਵੇ ਕਿ ਮਰਨ ਤੋਂ ਬਾਅਦ ਤਾਂ ਸਭ ਦੀ ਇੱਕੋ ਹੀ ਜਾਤ ਹੁੰਦੀ ਹੈ-ਮਿੱਟੀ। ਅਜਿਹੇ ਵਰਤਾਰੇ ਮਹਾਨ ਗੁਰੂ ਸਾਹਿਬਾਨ ਤੇ ਸਿੱਖ ਧਰਮ ਦੇ ਬਿਲਕੁਲ ਉਲਟ ਹਨ। ਸਾਨੂੰ ਸਮਝਣਾ ਪਵੇਗਾ ਕਿ ਗੁਰੂ ਸਾਹਿਬ ਤੇ ਗੁਰਬਾਣੀ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦ੍ਰਿੜਾਉਂਦੇ ਹਨ। ਗੁਰੂ ਨਾਨਕ ਸਾਹਿਬ ਦਾ ਸੰਦੇਸ਼ ਹੈ ਕਿ ਨਾ ਕੋਈ ਹਿੰਦੂ ਹੈ, ਨਾ ਮੁਸਲਮਾਨ, ਸਭ ਮਨੁੱਖ ਦੀ ਜਾਤ ਹਨ ਅਤੇ ਸਾਰੇ ਇਕ ਬਰਾਬਰ ਹਨ। •

98723-34944

## ਕੁਝ ਕਹਿੰਦੀ ਐ ਤਸਵੀਰ...



● ਭੀਮ ਪਾਤੜਾਂ

*ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ-ਸਵਾਦ ਦਾ ਨਮੂਨਾ ਕੌਮੀ ਪੱਤ੍ਰਿਕਾ ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।*

## ਮਰਵਾ ਦਿੱਤਾ ਅੰਗਰੇਜ਼ੀ ਨੇ

ਵਿਅੰਗ



● ਡਾ. ਫ਼ਕੀਰ ਚੰਦ ਸ਼ੁਕਲਾ
98153-59222

*ਡਾਕਟਰ ਨੇ ਸਟੈਥੋਸਕੋਪ ਨਾਲ ਮੇਰੇ ਦਿਲ ਦੀ ਧੜਕਣ ਵੇਖੀ। ਮੇਰੀ ਬਾਂਹ 'ਤੇ ਇਕ ਪਟਾ ਜਿਹਾ ਲਪੇਟ ਦਿੱਤਾ ਤੇ ਇਕ ਮਸ਼ੀਨ ਰਾਹੀਂ ਮੇਰਾ ਬਲੱਡ ਪਰੈਸ਼ਰ ਅਤੇ ਪਲਸ ਰੇਟ ਨੂੰ ਵੀ ਮਾਪਿਆ...*

ਮੈਲਬੌਰਨ (ਆਸਟ੍ਰੇਲੀਆ) ਆਇਆਂ ਹਾਲੇ ਮੈਨੂੰ ਥੋੜ੍ਹਾ ਚਿਰ ਹੀ ਹੋਇਆ ਸੀ। ਪਤਾ ਨਹੀਂ ਕਿਉਂ ਕੁਝ ਦਿਨਾਂ ਤੋਂ ਮੈਨੂੰ ਕੁਝ ਜ਼ਿਆਦਾ ਹੀ ਠੰਢ ਮਹਿਸੂਸ ਹੋਣ ਲੱਗੀ ਸੀ ਤੇ ਹਰ ਵੇਲੇ ਕਾਂਬਾ ਜਿਹਾ ਛਿੜਿਆ ਰਹਿੰਦਾ। ਭਾਵੇਂ ਘਰ ਵਿਚ ਇੰਟਰਨਲ ਹੀਟਿੰਗ ਦਾ ਬੰਦੋਬਸਤ ਸੀ, ਪਰ ਮੈਂ ਸਾਰਾ ਦਿਨ ਘਰੇ ਤਾਂ ਨਹੀਂ ਬੈਠੇ ਰਹਿਣਾ ਸੀ। ਕੰਮਕਾਜ ਵੀ ਤਾਂ ਕਰਨਾ ਸੀ ਤੇ ਜ਼ਿਆਦਾ ਹੀਟਿੰਗ ਦਾ ਵਾਧੂ ਬਿੱਲ ਵੀ ਤਾਂ ਮੈਨੂੰ ਹੀ ਭਰਨਾ ਪੈਣਾ ਸੀ।

ਮੈਂ ਕਿੰਨੇ ਸਾਰੇ ਕੱਪੜੇ ਪਾ ਲਏ ਪਰ ਇਸ ਤਰ੍ਹਾਂ ਤੁਰਨ ਵੇਲੇ ਔਖਿਆਈ ਹੁੰਦੀ ਸੀ ਅਤੇ ਥੋੜ੍ਹਾ ਤੁਰਨ ਮਗਰੋਂ ਹੀ ਸਾਹ ਚੜ੍ਹ ਜਾਂਦਾ। ਆਖ਼ਰਕਾਰ ਮੈਂ ਥੌਰਨਬਰੀ ਦੇ ਲਾਗੇ ਇਕ ਫਾਰਮੇਸੀ 'ਤੇ ਦਵਾਈ ਲੈਣ ਚਲਾ ਗਿਆ, ਪਰ ਕਾਊਂਟਰ 'ਤੇ ਖੜ੍ਹੀ ਗੋਰੀ ਕੁੜੀ ਨੇ ਡਾਕਟਰ ਦੀ ਪਰਿਸਕਰਿਪਸ਼ਨ ਤੋਂ ਬਿਨਾਂ ਦਵਾਈ ਦੇਣ ਤੋਂ ਨਾਂਹ ਕਰ ਦਿੱਤੀ। ਮੈਂ ਡੰਡਾਸ ਸਟ੍ਰੀਟ, ਮੁਰਰੇ ਰੋਡ ਅਤੇ ਹਾਈਵੇਅ ਸਟਰੀਟ 'ਤੇ ਸਥਿਤ ਫਾਰਮੇਸੀਆਂ 'ਤੇ ਵੀ ਗਿਆ, ਪਰ ਕੋਈ ਵੀ ਦੁਆਈ ਦੇਣ ਲਈ ਨਹੀਂ ਮੰਨਿਆ।

ਮੈਨੂੰ ਬੜੀ ਖਿਝ ਆਈ। ਲੈ ਹੁਣ ਐਨੀ ਕੁ ਗੱਲ ਲਈ ਡਾਕਟਰ ਕੋਲ ਜਾਣਾ ਪਵੇਗਾ? ਲੁਧਿਆਣੇ ਹੁੰਦਾ ਤਾਂ ਲੋਕਾਂ ਨੇ ਹੀ ਬਥੇਰੀਆਂ ਦਵਾਈਆਂ ਦੱਸ ਦੇਣੀਆਂ ਸਨ, ਨਹੀਂ ਤਾਂ ਕੈਮਿਸਟ ਨੇ ਆਪੇ ਦੇ ਦੇਣੀ ਸੀ।

ਵਾਕਿਫ਼ ਬੰਦਿਆਂ ਤੋਂ ਪਤਾ ਲੱਗਿਆ ਕਿ ਐਥੇ ਤਾਂ ਡਾਕਟਰ ਤੋਂ ਪਹਿਲਾਂ ਸਮਾਂ ਲੈਣਾ ਪੈਂਦਾ ਹੈ। ਇਹ ਨਹੀਂ ਕਿ ਜਦੋਂ ਜੀਅ ਕੀਤਾ ਮੂੰਹ ਚੁੱਕ ਕੇ ਤੁਰ ਪਏ।

ਇਕ ਚੀਨੀ ਡਾਕਟਰ ਗਾਵਰ ਸਟਰੀਟ 'ਤੇ ਸੀ। ਉਸ ਬਾਰੇ ਕਹਿੰਦੇ ਸੀ ਕਿ ਉਹ ਹੋਰਾਂ ਦੇ ਮੁਕਾਬਲੇ 'ਚ ਘੱਟ ਡਾਲਰ ਲੈਂਦਾ ਹੈ। ਫੋਨ ਕਰ ਕੇ ਪਤਾ ਕੀਤਾ। ਉਸ ਕੋਲ ਤਾਂ ਰਾਤ ਤਕ ਵਾਰੀ ਨਹੀਂ ਆਉਣੀ ਸੀ ਪਰ ਹਾਈਵੇਅ ਵਾਲੇ ਡਾਕਟਰ ਨੇ ਗਿਆਰ੍ਹਾਂ ਵਜੇ ਦਾ ਸਮਾਂ ਦੇ ਦਿੱਤਾ।

ਮੈਂ ਸਮੇਂ ਸਿਰ ਉਸ ਦੀ ਕਲੀਨਿਕ 'ਤੇ ਜਾ ਪੁੱਜਾ। ਡਾਕਟਰ ਨੇ ਆਪਣਾ ਪਰੀਚੈ ਮੈਨੂੰ ਦਿੱਤਾ ਤੇ ਪੁੱਛਿਆ ਕਿ ਉਹ ਮੇਰੇ ਲਈ ਕੀ ਕਰ ਸਕਦਾ ਹੈ।

'ਡਾਕਟਰ ਆਈ'ਮ ਫੀਲਿੰਗ ਕੋਲਡ' ਮੈਂ ਉਸ ਨੂੰ ਦੱਸਿਆ ਤਾਂ ਉਸ ਨੇ ਮੈਨੂੰ ਫੇਰ ਪੁੱਛਿਆ -'ਕਦੋਂ ਤੋਂ..?'

'ਜੀ, ਤਿੰਨ-ਚਾਰ ਦਿਨ ਤਾਂ ਹੋ ਹੀ ਗਏ'।

'ਕੀ ਥੋਡਾ ਨੱਕ ਬੰਦ ਰਹਿੰਦੈ ਜਾਂ ਵਗਦੈ।' ਉਸ ਫੇਰ ਪੁੱਛਿਆ।

'ਨੋ ਡਾਕਟਰ'।

'ਛਿੱਕਾਂ ਆਉਂਦੀਆਂ ਨੇ?'

'ਨੋ ਸਰ'।

'ਗਲੇ 'ਚ ਖਰਾਸ ਜਾਂ ਦਰਦ..?'

'ਨਹੀਂ ਡਾਕਟਰ'।

'ਖਾਂਸੀ ਆਉਂਦੀ ਐ? ਬਲਗਮ ਤਾਂ ਨਹੀਂ ਨਿਕਲਦੀ?'

'ਨਹੀਂ ਡਾਕਟਰ ਸਾਹਿਬ, ਅਜਿਹਾ ਤਾਂ ਕੁਝ ਵੀ ਨਹੀਂ ਹੁੰਦਾ'। ਮੇਰੇ ਇੰਝ ਆਖਣ 'ਤੇ ਡਾਕਟਰ ਜਿਵੇਂ ਕੁਝ ਸੋਚਣ ਲੱਗਾ ਸੀ, ਮੈਂ ਵੀ ਸੋਚੀਂ ਪੈ ਗਿਆ ਸੀ। ਕਿਤੇ ਡਾਕਟਰ ਮੇਰੇ 'ਕੋਲਡ' ਆਖਣ ਨੂੰ ਜ਼ੁਕਾਮ ਤਾਂ ਨਹੀਂ ਸਮਝ ਰਿਹਾ। ਪਰ ਜ਼ੁਕਾਮ ਨੂੰ ਤਾਂ ਅੰਗਰੇਜ਼ੀ ਵਿਚ 'ਬੈਡ ਕੋਲਡ' ਆਖਦੇ ਹਨ, ਮੈਂ ਸੋਚਿਆ।

ਡਾਕਟਰ ਨੇ ਸਟੈਥੋਸਕੋਪ ਨਾਲ ਮੇਰੇ ਦਿਲ ਦੀ ਧੜਕਣ ਵੇਖੀ। ਮੇਰੀ ਬਾਂਹ 'ਤੇ ਇਕ ਪਟਾ ਜਿਹਾ ਲਪੇਟ ਦਿੱਤਾ ਤੇ ਇਕ ਮਸ਼ੀਨ ਰਾਹੀਂ ਮੇਰਾ ਬਲੱਡ ਪਰੈਸ਼ਰ ਅਤੇ ਪਲਸ ਰੇਟ ਵੀ ਮਾਪਿਆ। ਉਸ ਕੁਝ ਹੋਰੇ ਤਰ੍ਹਾਂ ਦਾ ਥਰਮਾਮੀਟਰ ਮੇਰੇ ਕੰਨ ਵਿਚ ਲਾ ਕੇ ਟੈਂਪਰੇਚਰ ਨੋਟ ਕੀਤਾ। ਮੇਰੇ ਲਈ ਹੈਰਾਨੀ ਵਾਲੀ ਗੱਲ ਸੀ ਕਿ ਟੈਂਪਰੇਚਰ ਕੰਨ ਰਾਹੀਂ ਵੀ ਵੇਖਿਆ ਜਾਂਦਾ ਹੈ।

ਤੇ ਮੈਂ ਇਹ ਸੋਚਦਿਆਂ ਕਿ ਡਾਕਟਰ ਕਿਤੇ ਮੈਨੂੰ ਜ਼ੁਕਾਮ ਹੋਇਆ ਤਾਂ ਨਹੀਂ ਸਮਝ ਰਿਹਾ, ਮੁੜ ਆਖਿਆ-'ਆਈ ਡੌਂਟ ਹੈਵ ਕੋਲਡ, ਬਟ ਫੀਲਿੰਗ ਕੋਲਡ।'

'ਸੌਰੀ ਮੈਨੂੰ ਸਮਝ ਨਹੀਂ ਆ ਰਿਹਾ ਤੁਸੀਂ ਕੀ ਕਹਿ ਰਹੇ ਹੋ।' ਡਾਕਟਰ ਬੋਲਿਆ-'ਪਲੀਜ ਟਰਾਈ ਟੂ ਐਕਸਪਲੇਨ ਪਰੋਪਰਲੀ' (ਮੈਨੂੰ ਚੰਗੀ ਤਰ੍ਹਾਂ ਸਮਝਾਓ)

ਮੈਂ ਸੋਚਿਆ ਠੰਢ ਦੀ ਅੰਗਰੇਜ਼ੀ 'ਕੋਲਡ' ਸ਼ਾਇਦ ਇਸ ਨੂੰ ਸਮਝ ਨਹੀਂ ਆਈ। ਮੈਨੂੰ ਕਈ ਵਾਰੀ ਕਾਂਬਾ ਜਿਹਾ ਵੀ ਲੱਗਦਾ ਸੀ। ਇਸ ਲਈ ਮੈਂ ਝੱਟ ਆਖਿਆ-'ਆਈ'ਮ ਸ਼ਿਵਰਿੰਗ ਆਲਸੋ।'(ਮੈਨੂੰ ਕਾਂਬਾ ਵੀ ਲੱਗਦੈ)

'ਓਹ ਆਈ ਸੀ' ਡਾਕਟਰ ਨੇ ਮੈਨੂੰ ਬੈੱਡ 'ਤੇ ਲੇਟਣ ਦਾ ਇਸ਼ਾਰਾ ਕੀਤਾ।

'ਤੁਸੀਂ ਕਦੇ ਬਲੱਡ ਟੈਸਟ ਕਰਵਾਇਐ?'

'ਹਾਂ ਜੀ, ਡਾਕਟਰ'।

'ਹੀਮੋਗਲੋਬਿਨ ਕਿੰਨੀ ਸੀ?'

'ਜੀ ਪੂਰੀ ਤਰ੍ਹਾਂ ਤਾਂ ਚੇਤੇ ਨੀ, ਪਰ ਵਾਹਵਾ ਸੀ' ਮੈਂ ਦੱਸਿਆ।

'ਤੁਸੀਂ ਵੈੱਜ ਹੋ ਜਾਂ ਨੌਨ ਵੈੱਜ?'

'ਜੀ ਮੈਂ ਤਾਂ ਪੱਕਾ ਵੈਜੀਟੇਰੀਅਨ ਹਾਂ। ਆਂਡਾ ਵੀ ਨਹੀਂ ਖਾਂਦਾ'।

'ਤੁਹਾਨੂੰ ਬਲੱਡ ਟੈਸਟ ਕਰਵਾਉਣਾ ਚਾਹੀਦਾ। ਕਮਜ਼ੋਰੀ ਕਰਕੇ ਵੀ ਜ਼ਿਆਦਾ ਠੰਢ ਮਹਿਸੂਸ ਹੋਣ ਲੱਗਦੀ ਹੈ। ਨਾਲੇ ਵੈਜੀਟੇਰੀਅਨ ਲੋਕਾਂ ਵਿਚ ਆਮ ਤੌਰ 'ਤੇ ਹਿਮੋਗਲੋਬਿਨ ਦੀ ਘਾਟ ਹੁੰਦੀ ਹੈ।' ਡਾਕਟਰ ਨੇ ਆਪਣੀ ਰਾਇ ਦੱਸੀ।

ਉਸ ਮੇਰੀਆਂ ਉਂਗਲਾਂ ਦੇ ਨਹੁੰ, ਜੀਭ ਅਤੇ ਅੱਖਾਂ ਦੀਆਂ ਪਲਕਾਂ ਦਾ ਅੰਦਰਲਾ ਪਾਸਾ ਚੈੱਕ ਕੀਤਾ।

ਮੈਂ ਬੈੱਡ 'ਤੇ ਲੰਮਾ ਪੈ ਗਿਆ ਸੀ। ਉਸ ਮੇਰੇ ਸਰੀਰ 'ਤੇ ਕਈ ਥਾਵਾਂ 'ਤੇ ਹੱਥ ਨਾਲ ਦਬਾ ਕੇ ਪੁੱਛਿਆ ਕਿ ਉੱਥੇ ਦਰਦ ਤਾਂ ਨਹੀਂ ਹੁੰਦਾ। ਹੱਥ ਫੇਰਦਿਆਂ-ਫੇਰਦਿਆਂ ਉਸ ਨੇ ਹੱਥ ਨਾਲ ਜਦੋਂ ਮੇਰੀ ਛਾਤੀ ਤੇ ਦਿਲ ਦੇ ਲਾਗੇ ਦੱਬਿਆ ਤਾਂ ਮੇਰੇ ਮੂੰਹ 'ਚੋਂ 'ਹਾਇ' ਨਿਕਲ ਗਈ।

'ਕੀ ਐਥੇ ਦਰਦ ਹੁੰਦੈ?' ਮੇਰੇ ਚਿਹਰੇ ਦੇ ਭਾਵ ਪੜ੍ਹਦਿਆਂ ਉਸ ਪੁੱਛਿਆ।

'ਜੀ ਹਾਂ'

'ਕਦੋਂ ਤੋਂ?'

'ਕੁਝ ਦਿਨਾਂ ਤੋਂ'। ਮੈਂ ਆਖ ਤਾਂ ਦਿੱਤਾ ਪਰ ਉਸੇ ਵੇਲੇ ਮੈਨੂੰ ਖ਼ਿਆਲ ਆਇਆ ਕਿ ਮੇਰੀ ਛਾਤੀ 'ਤੇ ਤਾਂ ਵਾਲ ਤੋੜ ਹੋਇਆ ਹੈ। ਇਸ ਲਈ ਡਾਕਟਰ ਦੇ ਦੱਬਣ ਨਾਲ ਪੀੜ ਹੋਈ ਸੀ। ਮੈਂ ਡਾਕਟਰ ਨੂੰ ਇਹ ਦੱਸਣਾ ਚਾਹੁੰਦਾ ਸਾਂ ਪਰ ਮੈਥੋਂ ਵਾਲ ਤੋੜ ਦੀ ਅੰਗਰੇਜ਼ੀ ਹੀ ਨਹੀਂ ਬਣ ਰਹੀ ਸੀ। ਮੈਂ ਹਾਲੇ ਸੋਚੀਂ ਹੀ ਪਿਆ ਹੋਇਆ ਸੀ ਕਿ ਉਸ ਮੈਨੂੰ ਫੇਰ ਪੁੱਛ ਲਿਆ-'ਜਦੋਂ ਦਰਦ ਹੁੰਦੈ ਤਾਂ ਕੀ ਖੱਬੀ ਬਾਂਹ ਵੱਲ ਵੀ ਜਾਂਦੈ?'

'ਜੀ, ਕਦੇ ਕਦਾਈ ਇੰਜ ਵੀ ਹੁੰਦਾ ਹੈ।'

ਪਰ ਉਸੇ ਵੇਲੇ ਮੈਨੂੰ ਖਿਆਲ ਆਇਆ ਕਿ ਬਾਂਹ 'ਚ ਪੀੜ ਤਾਂ ਇਸ ਕਰਕੇ ਹੋ ਜਾਂਦੀ ਹੈ, ਕਿਉਂਕਿ ਮੈਨੂੰ ਸੌਣ ਵੇਲੇ ਸਿਰ ਹੇਠਾਂ ਬਾਂਹ ਲੈਣ ਦੀ ਆਦਤ ਹੈ। ਪਰ ਹਾਲੇ ਮੈਂ ਅੰਗਰੇਜ਼ੀ ਬਣਾ ਵੀ ਨਹੀਂ ਸਕਿਆ ਸੀ ਕਿ ਡਾਕਟਰ ਨੇ ਕੁਝ ਟੈਸਟ ਕਰਵਾਉਣ ਦੀ ਸਲਾਹ ਦਿੱਤੀ।

ਮੈਂ ਸੋਚਣ ਲੱਗਾ ਕਿ ਕਿਤੇ ਮੇਰੇ ਵਾਲ ਤੋੜ ਅਤੇ ਬਾਂਹ ਵਿਚ ਹੁੰਦੀ ਪੀੜ ਕਰਕੇ ਡਾਕਟਰ ਹਾਰਟ ਪ੍ਰਾਬਲਮ ਨਾਲ ਤਾਂ ਨਹੀਂ ਮੇਲ ਰਿਹਾ।

ਮੈਂ ਆਪਣੇ ਵੱਲੋਂ ਉਸ ਨੂੰ ਅੰਗਰੇਜ਼ੀ ਵਿਚ ਬਥੇਰਾ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਕੋਈ ਫ਼ਾਇਦਾ ਨਾ ਹੋਇਆ।

ਮੈਨੂੰ ਡਾਕਟਰ 'ਤੇ ਖਿਝ ਵੀ ਆ ਰਹੀ ਸੀ। ਇਹ ਕਿੱਦਾਂ ਦਾ ਡਾਕਟਰ ਹੈ ਜਿਹੜਾ ਐਨੀ ਗੱਲ ਵੀ ਨਹੀਂ ਸਮਝ ਸਕਦਾ। ਅਚਾਨਕ ਹੀ ਮੈਨੂੰ ਆਪਣੇ ਪਿੰਡ ਖਿਜ਼ਰਾਬਾਦ 'ਚ ਪੜ੍ਹਨ ਵੇਲੇ ਦੇ ਦਿਨ ਚੇਤੇ ਆ ਗਏ। ਸਾਨੂੰ ਪੜ੍ਹਾਉਣ ਵਾਲੇ ਗਿਆਨੀ ਜੀ ਪੜ੍ਹਾਉਂਦੇ ਤਾਂ ਪੰਜਾਬੀ ਸਨ ਪਰ ਅੰਗਰੇਜ਼ੀ ਨੂੰ ਵੀ ਲੋੜੋਂ ਵੱਧ ਮੂੰਹ ਮਾਰਦੇ ਸਨ।

ਗਿਆਨੀ ਜੀ ਕਿਸੇ ਮੁੰਡੇ ਨੂੰ ਕਿਤੇ ਜਾਣ ਲਈ ਆਖਦੇ ਤੇ ਜੇ ਉਹ ਰਤਾ ਕੁ ਵੀ ਨਾਂਹ ਨੁੱਕਰ ਕਰਦਾ ਤਾਂ ਉਹ ਝੱਟ ਅੰਗਰੇਜ਼ੀ ਵਿਚ ਆਖਦੇ-'ਯੂ ਗੋ, ਨੌਟ ਗੋ, ਵਟ ਮਾਈ ਗੋ' ਯਾਨੀ ਜਾਣੈ ਜਾਹ, ਨਹੀਂ ਜਾਣੈ ਨਾ ਜਾਹ, ਮੈਨੂੰ ਕੀ'।



ਜਾਰੀ...



## ਚੰਗਾ ਨਹੀਂ ਕੀਤਾ

ਕਹਾਣੀ

● ਭੁਪਿੰਦਰ ਸਿੰਘ ਮਾਨ
94170-81419

*ਖ਼ੂਬਸੂਰਤ ਨਿਊਜ਼ ਰੀਡਰ ਨੇ ਮੁੱਖ ਖ਼ਬਰਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਕਰਮਜੀਤ ਬੇਧਿਆਨੀ ਨਾਲ ਉਨ੍ਹਾਂ ਨੂੰ ਸੁਣ ਰਿਹਾ ਸੀ। ਪ੍ਰਧਾਨ ਮੰਤਰੀ ਨੇ ਇਹ ਕਿਹਾ, ਮੁੱਖ ਮੰਤਰੀ ਨੇ ਉਹ ਕਿਹਾ, ਫਲਾਨੇ ਲੀਡਰ ਨੇ ਇਹ ਕਿਹਾ। ਉਸ ਨੇ ਸੋਚਿਆ ਉਹ ਹੀ ਰੋਜ਼ਾਨਾ ਦੀ ਨਾਟਕਬਾਜ਼ੀ...*

ਕਰਮਜੀਤ ਦਾ ਮੂਡ ਅੱਜ ਬੜਾ ਵਧੀਆ ਸੀ। ਉਹ ਆਪਣਾ ਮਨਪਸੰਦ ਗੀਤ ਗੁਣ ਗੁਣਾ ਰਿਹਾ ਸੀ। ਮੋਰਚਾ ਹੀ ਵੱਡਾ ਫ਼ਤਹਿ ਕੀਤਾ ਸੀ। ਭਾਈ ਕੇ ਪਿੰਡ ਵਿਚ ਸ਼ਾਹੂਕਾਰ ਵੱਲੋਂ ਲਿਆਂਦੀ ਕੁਰਕੀ ਨੂੰ ਵੱਡੇ ਸੰਘਰਸ਼ ਬਾਅਦ ਨਾ ਕੇਵਲ ਅਸਫਲ ਬਣਾਇਆ ਸੀ, ਸਗੋਂ ਦੋਹਾਂ ਧਿਰਾਂ ਵਿਚ ਸਮਝੌਤਾ ਵੀ ਕਰਵਾ ਦਿੱਤਾ ਸੀ। ਨਹਾ ਕੇ ਉਹ ਟੀਵੀ ਮੂਹਰੇ ਆ ਬੈਠਿਆ। ਕਾਕਾ ਗੀਤ ਸੁਣੀ ਜਾਂਦਾ ਸੀ। 'ਕਦੇ ਪੜ੍ਹ ਵੀ ਲਿਆ ਕਰ ਸਾਰਾ ਦਿਨ ਆਹ ਲੜਨ ਲੜਾਉਣ ਵਾਲੇ ਗੀਤ ਸੁਣਦਾ ਰਹਿਨੈਂ'। ਉਸ ਨੇ ਕਾਕੇ ਨੂੰ ਕਿਹਾ ਤਾਂ ਉਹ ਰੀਮੋਟ ਰੱਖ ਕੇ ਅੰਦਰ ਭੱਜ ਗਿਆ। ਉਸ ਨੇ ਆਪਣੀ ਘਰ ਵਾਲੀ ਨੂੰ ਆਵਾਜ਼ ਮਾਰੀ, ਲਿਆ ਬਈ ਰੋਟੀ, ਰਸੋਈ ਵਿੱਚੋਂ ਮੋੜਵਾਂ ਉੱਤਰ ਆਇਆ, 'ਆਈ ਜੀ'।ਉਹਨੇ ਟਾਈਮ ਦੇਖਿਆ ਸੱਤ ਵੱਜ ਕੇ ਪੰਜ ਮਿੰਟ ਹੋਏ ਸੀ। ਚਲੋ ਸਾਢੇ ਸੱਤ ਵਾਲੀਆਂ ਖ਼ਬਰਾਂ ਦੇਖਦੇ ਹਾਂ।ਉਸ ਨੇ ਸੋਚਦਿਆਂ ਟੀਵੀ ਖ਼ਬਰਾਂ ਵਾਲੇ ਚੈਨਲ 'ਤੇ ਲਾ ਲਿਆ। ਗੁੱਡੀ ਰੋਟੀ ਵਾਲੀ ਥਾਲੀ ਲੈ ਆਈ। ਉਸ ਨੇ ਦਾਲ ਵਿਚ ਪਿਆ ਘਿਉ ਬੁਰਕੀ ਤੋੜ ਕੇ ਰਲਾਇਆ ਤੇ ਗਰਾਹੀ ਮੂੰਹ ਵਿੱਚ ਪਾਈ। ਉਹ ਆਨੰਦ ਨਾਲ ਸਰੋਬਰ ਹੋ ਗਿਆ। ਉਸ ਨੇ ਸੋਚਿਆ, 'ਕਿਰਤ ਦਾ ਫਲ ਕਿੰਨਾ ਮਿੱਠਾ ਹੁੰਦਾ।' ਉਸ ਨੇ ਹਾਲੇ ਇਕ ਰੋਟੀ ਹੀ ਖਾਧੀ ਸੀ ਕਿ ਖ਼ਬਰਾਂ ਦਾ ਬੁਲੇਟਿਨ ਸ਼ੁਰੂ ਹੋ ਗਿਆ। ਖ਼ੂਬਸੂਰਤ ਨਿਊਜ਼ ਰੀਡਰ ਨੇ ਮੁੱਖ ਖ਼ਬਰਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਕਰਮਜੀਤ ਬੇਧਿਆਨੀ ਨਾਲ ਉਨ੍ਹਾਂ ਨੂੰ ਸੁਣ ਰਿਹਾ ਸੀ। ਪ੍ਰਧਾਨ ਮੰਤਰੀ ਨੇ ਇਹ ਕਿਹਾ, ਮੁੱਖ ਮੰਤਰੀ ਨੇ ਉਹ ਕਿਹਾ, ਫਲਾਨੇ ਲੀਡਰ ਨੇ ਇਹ ਕਿਹਾ। ਉਸ ਨੇ ਸੋਚਿਆ ਉਹ ਹੀ ਰੋਜ਼ਾਨਾ ਦੀ ਨਾਟਕਬਾਜ਼ੀ। ਉਸ ਨੇ ਦੂਜੀ ਰੋਟੀ ਦੀ ਪਹਿਲੀ ਬੁਰਕੀ ਮੂੰਹ ਵਿਚ ਹੀ ਪਾਈ ਸੀ ਕਿ ਨਿਊਜ਼ ਰੀਡਰ ਦੀ ਆਵਾਜ਼ ਸ਼ੀਸ਼ੇ ਵਾਂਗ ਉਸ ਦੇ ਕੰਨਾਂ ਵਿਚ ਉੱਤਰ ਗਈ। ਪ੍ਰਸਿੱਧ ਗਾਇਕ ਛਿੰਦਾ ਸ਼ੌਕੀਨ ਦੀ ਭੇਦਭਰੇ ਹਾਲਾਤ ਵਿਚ ਮੌਤ। ਉਸ ਨੇ ਤ੍ਰਬਕ ਕੇ ਸਿਰ ਉੱਪਰ ਚੁੱਕਿਆ। ਉਹ ਟੀਵੀ ਦੀ ਸਕਰੀਨ ਵੱਲ ਇਸ ਤਰ੍ਹਾਂ ਝਾਕਿਆ ਜਿਵੇਂ ਨਿਊਜ਼ ਰੀਡਰ ਦੁਬਾਰਾ ਕਹੇਗੀ ਕਿ ਇਹ ਗ਼ਲਤੀ ਨਾਲ ਬੋਲਿਆ ਗਿਆ।

ਨਿਊਜ਼ ਰੀਡਰ ਨੇ ਵਿਸਥਾਰ ਨਾਲ ਖ਼ਬਰਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ ਸੀ। ਪਰ ਉਹ ਭੌਂਚੱਕਾ ਬੈਠਾ ਟੀਵੀ ਵੱਲ ਇਉਂ ਦੇਖੀ ਜਾ ਰਿਹਾ ਸੀ। ਮੂੰਹ ਵਾਲੀ ਬੁਰਕੀ ਉਹ ਨਿਗਲਨੀ ਭੁੱਲ ਗਿਆ ਸੀ।ਉਸ ਨੇ ਮੁਸ਼ਕਲ ਨਾਲ ਗਰਾਹੀ ਸੰਘ ਹੇਠ ਲੰਘਾਈ। ਰੋਟੀ ਦੀ ਥਾਲੀ ਓਹਨੇ ਪਰੇ ਰੱਖ ਦਿੱਤੀ।

ਅੰਤਰਰਾਸ਼ਟਰੀ ਖ਼ਬਰਾਂ ਤੋਂ ਬਾਅਦ ਛਿੰਦਾ ਸ਼ੌਕੀਨ ਦੀ ਖ਼ਬਰ ਉਸ ਨੇ ਧਿਆਨ ਨਾਲ ਸੁਣੀ। ਦੱਸਿਆ ਗਿਆ ਕਿ ਉਸ ਨੇ ਘਰ ਵਿਚ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ ਹੈ। ਪੁਲਿਸ ਕਾਰਨਾਂ ਦੀ ਜਾਂਚ ਕਰ ਰਹੀ ਹੈ। ਕਰਮਜੀਤ ਦੀਆਂ ਅੱਖਾਂ ਵਿੱਚੋਂ ਹੰਝੂ ਪਰਲ-ਪਰਲ ਵਹਿ ਰਹੇ ਸਨ। ਉਸ ਦਾ ਯਾਰ ਹਮੇਸ਼ਾ ਚੜ੍ਹਦੀ ਕਲਾ ਵਾਲਾ ਬੰਦਾ ਇਸ ਤਰ੍ਹਾਂ ਕਿਵੇਂ ਕਰ ਸਕਦਾ। ਪਿਛਲੇ ਸਾਲ ਜਦੋਂ ਉਸ ਦੇ ਜਵਾਨ ਪੁੱਤ ਰਵੀ ਦੀ ਮੌਤ ਹੋ ਗਈ ਸੀ ਤਾਂ ਉਸ ਨੇ ਉਸ ਦੀਆਂ ਅੱਖਾਂ 'ਤੇ ਸਰੀਰ ਦੇ ਅੰਗ ਦਾਨ ਕਰ ਦਿੱਤੇ ਸੀ। ਜਦੋਂ ਉਹ ਅਫ਼ਸੋਸ ਕਰਨ ਗਿਆ ਤਾਂ ਛਿੰਦੇ ਨੇ ਕਿਹਾ ਸੀ, 'ਭਰਾਵਾ ਆਪਣਾ ਰਵੀ ਹੁਣ ਪੰਜ ਸਰੀਰਾਂ ਵਿਚ ਜਿਉਂਦਾ।' ਹਮੇਸ਼ਾ ਸੰਘਰਸ਼ ਦੀ ਗੱਲ ਕਰਨ ਵਾਲਾ ਛਿੰਦਾ ਕਦੇ ਵੀ ਮਨ ਡੁਲਾਉਣ ਵਾਲੀ ਗੱਲ ਨਹੀਂ ਕਰਦਾ ਸੀ। ਜਦੋਂ ਉਹ ਸਟੇਜਾਂ 'ਤੇ ਗਾਉਂਦਾ ਤਾਂ ਹਮੇਸ਼ਾ ਸੰਘਰਸ਼ ਤੇ ਕਿਰਤ ਦੀ ਗੱਲ ਕਰਦਾ ਸੀ। ਉਸ ਨੇ ਆਪਣੇ ਲਈ ਗਾਇਕੀ ਰਾਹੀਂ ਸਮਾਜ ਸੇਵਾ ਦਾ ਬੀੜਾ ਚੁੱਕਿਆ ਹੋਇਆ ਸੀ। ਆਪਣੇ ਆਦਰਸ਼ਾਂ ਲਈ ਉਸ ਨੇ ਕਦੇ ਲੱਚਰਤਾ ਵੱਲ ਮੂੰਹ ਨਹੀਂ ਕੀਤਾ ਸੀ। ਨਹੀ ਤਾਂ ਇੰਨੇ ਸੁਰੀਲੇ ਗਾਇਕ ਲਈ ਪੈਸਾ ਕਮਾਉਣਾ ਬਹੁਤੀ ਵੱਡੀ ਗੱਲ ਨਹੀਂ ਸੀ। ਉਸ ਨੂੰ ਯਾਦ ਆਇਆ ਜਦੋਂ ਛਿੰਦੇ ਨੇ ਉਸ ਦਾ 'ਦੂਸਰੇ ਜਨਮ ਦੀ ਖ਼ੁਸ਼ੀ ਵਿਚ ਪਾਰਟੀ' ਦਾ ਕਾਰਡ ਪੜ੍ਹਿਆ ਤਾਂ ਉਹ ਬਹੁਤ ਹੱਸਿਆ ਸੀ। ਉਸ ਨੇ ਉਸ ਸਮੇਂ ਕਰਮਜੀਤ ਨੂੰ ਫੋਨ ਕੀਤਾ। ਹੱਸਦੇ-ਹੱਸਦੇ ਪੁੱਛਿਆ,' ਫੇਰ ਪੈਗ-ਸ਼ੈਗ ਦਾ ਕੀ ਪ੍ਰਬੰਧ ਹੈ।' ਤਾਂ ਕਰਮਜੀਤ ਨੇ ਕਿਹਾ ਸੀ,'ਦੂਸਰੇ ਜਨਮ ਦੀ ਪਾਰਟੀ ਵਿਚ ਹਰ ਚੀਜ਼ ਮਿਲੂ, ਬਸ ਤੇਰੇ ਗੀਤਾਂ ਦੀ ਛਹਿਬਰ ਲੱਗਣੀ ਚਾਹੀਦੀ ਹੈ।' ਜਦੋਂ ਉਸ ਨੇ ਕਰਮਜੀਤ ਨੂੰ ਪੁੱਛਿਆ, 'ਆਹ ਦੂਸਰੇ ਜਨਮ ਵਾਲਾ ਕੀ ਚੱਕਰ ਹੈ। ਕਿਵੇਂ ਪਿਛਲਾ ਜਨਮ ਯਾਦ ਆ ਗਿਆ।' ਉਸ ਦੀ ਗੱਲ ਸੁਣ ਕੇ ਕਰਮਜੀਤ ਪਹਿਲਾਂ ਤਾਂ ਜ਼ੋਰ ਦੀ ਹੱਸਿਆ,' ਤੂੰ ਆਈ ਫੇਰ ਗੱਲ ਕਰਾਂਗਾ।'

ਅਸਲ ਗੱਲ ਇਹ ਸੀ ਕਿ ਨੰਦਪੁਰੀ ਪਿੰਡ ਤਾਂ ਉਹਦੇ ਬੱਚਿਆਂ ਦਾ ਨਾਨਕਾ ਪਿੰਡ ਸੀ। ਯੂਨੀਅਨ ਵਿਚ ਕੰਮ ਕਰਨ ਕਰਕੇ ਇਹ ਨਾਂ ਉਸ ਨਾਲ ਜੁੜ ਗਿਆ ਸੀ। ਪਰ ਅਸਲ ਪਿੰਡ ਤਾਂ ਮੌੜ ਹੈ। ਬਾਪੂ ਨਾਲ ਸਬੰਧ ਠੀਕ ਨਹੀਂ ਰਹੇ ਤਾਂ ਉਹ ਉਸ ਨੂੰ ਹਿੱਸਾ ਦੇਣ ਤੋਂ ਮੁਨਕਰ ਹੋ ਗਿਆ। ਬਸ ਇਕ ਰੱਟ ਲਾਈ ਰੱਖੀ, 'ਮੇਰੇ ਮਰਨ ਤੋਂ ਬਾਅਦ ਹੀ ਹਿੱਸਾ ਮਿਲੂ, ਚੁੱਪ ਕਰ ਕੇ ਕੰਮ ਕਰੀ ਚੱਲ, ਨਹੀ ਤਾਂ ਡੰਡੀ ਰਗੜ' ਅਸਲ ਵਿਚ ਬਾਪੂ ਪੜ੍ਹ ਕੇ ਨੌਕਰੀ ਨਾ ਕਰਨ ਤੋਂ ਔਖਾ ਸੀ। ਕਾਲਜ ਵਿਚ ਸਟੂਡੈਂਟ ਐਸੋਸੀਏਸ਼ਨ ਵਿਚ ਕੰਮ ਕਰਨ ਕਰਕੇ ਇਕ ਤਾਂ ਬਾਪੂ ਵੈਸੇ ਹੀ ਤੜਿੰਗ ਰਹਿੰਦਾ ਸੀ, ਉਪਰੋਂ ਬੀਏ ਵਿਚ ਨੰਬਰ ਘੱਟ ਆਏ। ਬਾਪੂ ਲਈ ਬੀਏ ਵੱਡੀ ਪੜ੍ਹਾਈ ਸੀ ਪਰ ਉਹ ਨਹੀਂ ਜਾਣਦਾ ਸੀ ਕਿ ਇਹ ਪੜ੍ਹਾਈ ਕਿਸੇ ਨੌਕਰੀ ਲਈ ਯੋਗ ਨਹੀਂ ਸੀ। ਬਾਪੂ ਸਾਰਾ ਦਿਨ ਖਿੜਿਆ ਰਹਿੰਦਾ। ਭੂਆ ਨੇ ਨੰਦਪੁਰੀ ਤੋਂ ਸੁਖਵਿੰਦਰ ਦਾ ਰਿਸ਼ਤਾ ਕਰਵਾ ਦਿੱਤਾ। ਪੰਜ ਕਿਲਿਆਂ ਵਿਚ ਇਕੱਲੀ ਕੁੜੀ ਦਾ ਰਿਸ਼ਤਾ ਬਾਪੂ ਨੇ ਝੱਟ ਕਬੂਲ ਕਰ ਲਿਆ। ਬਾਰ੍ਹਾਂ ਸਾਲ ਲੰਘ ਗਏ ਉਹ ਖੇਤੀ ਦੇ ਕੰਮ ਵਿਚ ਖੁਭ ਗਿਆ। ਉਸ ਦੇ ਘਰ ਗੁੱਡੀ ਤੇ ਕਾਕਾ ਆ ਚੁੱਕੇ ਸਨ। ਜਦੋਂ ਉਸ ਨੇ ਦੇਖਿਆ ਵੀ ਸਾਂਝੇ ਘਰ ਵਿਚ ਬੱਚਿਆਂ ਦੀ ਪੜ੍ਹਾਈ ਲਿਖਾਈ ਠੀਕ ਨਹੀਂ ਹੋ ਰਹੀ ਤਾਂ ਉਸ ਨੇ ਬਾਪੂ ਨੂੰ ਅਰਜ਼ ਕੀਤੀ ਕਿ ਉਸ ਨੂੰ ਹਿੱਸਾ ਦੇ ਕੇ ਅੱਡ ਕਰ'ਦੇ ਪਰ ਜਦੋਂ ਸਹੁਰੇ ਵਾਲਿਆਂ ਪੰਜ ਕਿੱਲੇ ਬਾਪੂ ਆਪਣੀ ਜ਼ਮੀਨ ਵਿਚ ਜੋੜ ਕੇ ਉਨ੍ਹਾਂ ਤਿੰਨਾਂ ਭਰਾਵਾਂ ਵਿਚ ਬਰਾਬਰ ਵੰਡਣ ਦੀ ਗੱਲ ਕੀਤੀ ਤਾਂ ਉਸ ਨੂੰ ਬੇਇਨਸਾਫੀ ਪ੍ਰਤੀਤ ਹੋਈ। ਹੌਲੀ-ਹੌਲੀ ਬਾਪੂ ਕੋਰੇ ਜਵਾਬ 'ਤੇ ਆ ਗਿਆ। ਬਾਪੂ ਤੇ ਉਸ ਦੇ ਰਿਸ਼ਤੇ ਉਸ ਮੋੜ 'ਤੇ ਪਹੁੰਚ ਗਏ ਕਿ ਕਈ ਵਾਰੀ ਉਸ ਨੂੰ ਲੱਗਦਾ ਘਰ ਦਾ ਕੋਈ ਜੀਅ ਨਾ ਨੁਕਸਾਨਿਆ ਜਾਵੇ। ਜਦੋਂ ਇਸ ਵਿਸ਼ੇ 'ਤੇ ਗੱਲ ਛਿੜਦੀ ਤਾਂ ਦੋਵੇਂ ਭਰਾ ਬਾਪੂ ਨਾਲ ਜਾ ਖੜ੍ਹਦੇ। ਉਸ ਨੇ ਮਾਮੇ, ਫੁੱਫੜ ਤਕ ਪਹੁੰਚ ਕੀਤੀ। ਬਾਪੂ ਦੇ ਕੱਬੇ ਸੁਭਾਅ ਸਾਹਮਣੇ ਕਿਸੇ ਨੇ ਗੱਲ ਕਹਿਣ ਦਾ ਹੀਆਂ ਨਹੀਂ ਕੀਤਾ।

ਅੱਕ ਕੇ ਸੁਖਵਿੰਦਰ ਦੇ ਜ਼ੋਰ ਦੇਣ 'ਤੇ ਉਹ ਗੁੱਡੀ ਤੇ ਕਾਕੇ ਨੂੰ ਲੈ ਕੇ ਨੰਦਪੁਰੀ ਆ ਗਏ। ਨੰਦਪੁਰੀ ਵਾਲਿਆਂ ਨੇ ਜੁਆਈ ਭਾਈ ਵਜੋਂ ਪੂਰਾ ਮਾਣ ਦਿੱਤਾ। ਇਥੇ ਯੂਨੀਅਨ ਦਾ ਚੰਗਾ ਗਰੁੱਪ ਕੰਮ ਕਰਦਾ ਸੀ। ਉਹ ਵੀ ਉਨ੍ਹਾਂ ਨਾਲ ਜੁੜ ਗਿਆ। ਜ਼ਿੰਦਗੀ ਆਪਣੀ ਲੀਹ 'ਤੇ ਆ ਗਈ। ਅੱਠ ਸਾਲਾਂ ਵਿਚ ਉਸ ਨੇ ਯੂਨੀਅਨ ਦੇ ਸੰਘਰਸ਼ ਵਿਚ ਵਧ-ਚੜ੍ਹ ਕੇ ਭਾਗ ਲਿਆ। ਪੜ੍ਹਿਆ-ਲਿਖਿਆ ਹੋਣ ਕਰਕੇ ਉਹ ਜਲਦੀ ਤਰੱਕੀ ਕਰਦਾ ਜ਼ਿਲ੍ਹਾ ਸਕੱਤਰ ਬਣ ਗਿਆ। ਦੋਸਤਾਂ ਨਾਲ ਦੁਸ਼ਮਣ ਵੀ ਪੈਦਾ ਹੋ ਗਏ। ਇਸ ਸਮੇਂ ਹੀ ਉਸ ਦੀ ਤੇ ਛਿੰਦੇ ਦੀ ਦੋਸਤੀ ਪ੍ਰਵਾਨ ਚੜ੍ਹੀ ਸੀ। ਉਹ ਸਟੇਜ 'ਤੇ ਗੜਕਦਾ ਕਿਸਾਨਾਂ ਨੂੰ ਮਰਨ ਦੀ ਬਜਾਇ ਸੰਘਰਸ਼ ਲਈ ਲਲਕਾਰਦਾ ਤੇ ਛਿੰਦਾ ਆਪਣੇ ਗੀਤਾਂ ਤੇ ਕਵਿਤਾਵਾਂ ਰਾਹੀਂ ਉਨ੍ਹਾਂ ਨੂੰ ਹਲੂਣਦਾ। ਦੋਵੇਂ ਲੋਕ ਲਹਿਰ ਬਣਾਉਣ ਲਈ ਯਤਨ ਕਰਦੇ। ਪਰ ਉਹ ਦੋਵੇਂ ਆਪਣੇ ਮਿਸ਼ਨ ਵਿਚ ਪੂਰੇ ਜੀਅ-ਜਾਨ ਨਾਲ ਜੁਟੇ ਹੋਏ ਸਨ। ਉਧਰ ਘਰ ਵਿਚ ਤੰਗੀਆਂ ਤੁਰਸ਼ੀਆਂ ਵੀ ਉਸ ਨੂੰ ਨਹੀਂ ਡੁਲਾਉਂਦੀਆਂ ਸਨ। ਗੁੱਡੀ ਤਾਂ ਸੁੱਖ ਨਾਲ ਸੋਲ੍ਹਾਂ ਸਾਲ ਦੀ ਹੋ ਗਈ। ਬਾਰ੍ਹਵੀਂ ਪਾਸ ਕਰ ਲਈ ਸੀ। ਪੜ੍ਹਨ ਵਿਚ ਚੰਗੀ ਸੀ ਪਰ ਉਹ ਉਸ ਨੂੰ ਈਟੀਟੀ ਦੀ ਫੀਸ ਨ੍ਹੀਂ ਭਰ ਸਕਿਆ ਸੀ। ਜਦੋਂ ਉਹ ਗੁੱਡੀ ਦਾ ਮਸੋਸਿਆ ਚਿਹਰਾ ਦੇਖਦਾ ਤਾਂ ਉਸ ਨੂੰ ਝਟਕਾ ਲੱਗਦਾ। ਕਾਕਾ ਵੀ ਦਸਵੀਂ ਵਿਚ ਪੜ੍ਹਦਾ ਸੀ। ਪਰ ਉਸ ਦੀ ਲੀਡਰੀ ਕਰਕੇ ਖੇਤੀ ਦਾ ਕੰਮ ਕਾਕੇ ਨੂੰ ਵੀ ਕਰਨਾ ਪੈਂਦਾ ਸੀ। ਕਰਜ਼ੇ ਦੀ ਪੰਡ ਭਾਰੀ ਹੋਈ ਜਾਂਦੀ ਸੀ। ਬੈਂਕ ਦੀ ਲਿਮਟ, ਆੜ੍ਹਤੀਆਂ ਦਾ ਕਰਜ਼ਾ, ਰੇਹ ਸਪਰੇਅ ਦਾ ਕਰਜ਼ਾ, ਲੀੜਾ ਕੱਪੜਾ ਉਹਦੇ ਮੋਟਰਸਾਇਕਲ ਲਈ ਨਿੱਤ ਦਾ ਤੇਲ ਇਹ ਹਰ ਰੋਜ਼ ਦੇ ਖ਼ਰਚੇ ਉਸ ਨੂੰ ਸੌਣ ਨਹੀਂ ਦਿੰਦੇ ਸਨ।

ਸੁਖਵਿੰਦਰ ਵੀ ਉਸ ਨੂੰ ਅਕਸਰ ਹਲੂਣਦੀ। ਪਹਿਲਾਂ-ਪਹਿਲਾਂ ਤਾਂ ਉਸ ਨੇ ਧਿਆਨ ਨਾ ਦਿੱਤਾ ਪਰ ਹੌਲੀ-ਹੌਲੀ ਉਸ ਤੇ ਹਾਲਾਤ ਦਾ ਅਸਰ ਹੋਣ ਲੱਗਾ। ਉਸ ਨੇ ਦੇਖਿਆ ਕਿ ਆਈ ਚਲਾਈ ਪਤਾ ਨਹੀਂ ਕਿਵੇਂ ਚੱਲੀ ਜਾਂਦੀ ਹੈ। ਕਬੀਲਦਾਰੀ ਤਾਂ ਖੜ੍ਹੀ ਫ਼ਸਲ ਨੂੰ ਬੀਜਣ ਵੇਲੇ ਹੀ ਮੁਕਾ ਦਿੰਦੀ ਹੈ। ਰਾਤਾਂ ਦੀ ਨੀਂਦ ਉਸ ਦੀਆਂ ਅੱਖਾਂ ਵਿੱਚੋਂ ਗਾਇਬ ਹੋਣ ਲੱਗੀ। ਇਹ ਕਰਜ਼ੇ ਦੀ ਪੰਡ ਫੇਰ ਵੀ ਦਿਨੋਂ ਦਿਨ ਭਾਰੀ ਹੁੰਦੀ ਜਾ ਰਹੀ ਹੈ। ਉਸ ਨੇ ਹੱਥ ਪੈਰ ਮਾਰਨੇ ਸ਼ੁਰੂ ਕੀਤੇ। ਬਾਪੂ ਤਕ ਫੇਰ ਰਿਸ਼ਤੇਦਾਰਾਂ ਰਾਹੀਂ ਦਬਾਅ ਪਾਉਣ ਲਈ ਯਤਨ ਕਰਨ ਲੱਗਾ। ਇਸ ਸਾਲ ਕਣਕ ਦੀ ਫ਼ਸਲ ਵੀ ਬੜੀ ਵਧੀਆ ਸੀ। ਉਸ ਨੇ ਸੋਚਿਆ ਜੇ ਬਾਪੂ ਦੇ ਮਨ ਮਿਹਰ ਪੈ ਜਾਵੇ ਤੇ ਫ਼ਸਲ ਚੰਗੀ ਲੱਗ ਜਾਵੇ ਤਾਂ ਅੱਧਾ ਭਾਰ ਹੌਲਾ ਹੋ ਹੀ ਜਾਊ। ਖੇਤ ਗੇੜਾ ਮਾਰਨ ਗਿਆ ਉਹ ਫ਼ਸਲ ਦੇਖ ਕੇ ਨਸ਼ਿਆ ਜਾਂਦਾ। ਬਾਪੂ ਵੱਲੋਂ ਤਾਂ ਕੋਈ ਸੁਨੇਹਾ ਨਹੀ ਮਿਲਿਆ ਸੀ, ਪਰ ਲਹਿਲਾਉਂਦੀ ਕਣਕ ਚੰਗਾ ਸੁਨੇਹਾ ਦਿੰਦੀ ਜਾਪਦੀ ਸੀ। ਇਕ ਦਿਨ ਆਥਣੇ ਉਹ ਸੋਚਦਾ ਘਰ ਗਿਆ ਲੈ ਵੀ ਅੱਧਾ ਚੇਤ ਤਾਂ ਲੰਘ ਗਿਆ ਬਸ ਮਹੀਨਾ ਹੋਰ ਸੁੱਖੀ ਸਾਂਦੀ ਲੰਘ ਜਾਵੇ। ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਪਤਾ ਨਹੀਂ ਕਿੱਧਰੋਂ ਬੱਦਲ ਆ ਜੁੜੇ। ਤੇਜ਼ ਹਵਾ ਨਾਲ ਗੜੇ ਪੂਰੇ ਜ਼ੋਰ ਨਾਲ ਵਰ੍ਹ ਪਏ। ਪੂਰੀ ਰਾਤ ਮੀਂਹ ਪੈਂਦਾ ਰਿਹਾ ਤੇ ਉਹ ਮੰਜੇ ਦੀ ਬਾਹੀ ਫੜੀ ਬੈਠਾ ਰਿਹਾ। ਸਵੇਰੇ ਉਹ ਉੱਠਣ ਸਾਰ ਸਿੱਧਾ ਖੇਤ ਵੱਲ ਨੂੰ ਹੋ ਗਿਆ। ਸਾਰੇ ਪਿੰਡ ਦੀ ਫ਼ਸਲ ਖੇਤਾਂ ਵਿਚ ਵਿਛੀ ਪਈ ਸੀ। ਜਦੋਂ ਉਹ ਆਪਣੇ ਖੇਤ ਪਹੁੰਚਿਆ ਤਾਂ ਉਸ ਦਾ ਸਾਹ ਸੱਤ ਮੁੱਕ ਚੁੱਕਾ ਸੀ। ਉਹ ਕਿੰਨਾ ਚਿਰ ਧਰਤੀ 'ਤੇ ਬੈਠਾ ਸਿੱਟਿਆਂ ਨੂੰ ਸਹਿਲਾਉਂਦਾ ਰਿਹਾ। ਉਸ ਦੀਆਂ ਸੋਚਾਂ ਨੇ ਉਸ ਦੇ ਦਿਮਾਗ਼ ਨੂੰ ਜਿਵੇਂ ਸੁੰਨ ਕਰ ਦਿੱਤਾ। ਉਸ ਨੂੰ ਲੱਗਿਆ ਜਿਵੇਂ ਸਾਰਾ ਖ਼ੂਨ ਉਸ ਦੇ ਦਿਮਾਗ ਨੂੰ ਚੜ੍ਹ ਗਿਆ। ਉਹ ਭੱਜ ਕੇ ਕੋਠੇ ਵਿਚ ਗਿਆ। ਉਸ ਨੇ ਅਲਮਾਰੀ ਖੋਲ੍ਹੀ ਤਾਂ ਸਾਹਮਣੇ ਸਪਰੇਅ ਦਾ ਡੱਬਾ ਨਜ਼ਰ ਪਿਆ। ਉਸ ਨੇ ਭੱਜ ਕੇ ਉਸ ਨੂੰ ਚੁੱਕ ਲਿਆ। ਦਬਾਦਬ ਉਸ ਨੇ ਢੱਕਣ ਥੱਲੇ ਮਾਰਿਆ। ਹਾਲੇ ਉਸ ਨੇ ਡੱਬਾ ਮੂੰਹ ਕੋਲ ਹੀ ਕੀਤਾ ਸੀ ਕਿ ਫੋਨ ਦੀ ਘੰਟੀ ਖੜਕ ਪਈ, ਉਸ ਦੇ ਹੱਥ ਥਾਏਂ ਰੁਕ ਗਏ। ਉਸ ਨੇ ਜੇਬ ਵਿੱਚੋਂ ਫੋਨ ਕੱਢ ਕੇ ਦੇਖਿਆ ਤਾਂ ਸਵੀਟ ਹੋਮ ਦੇ ਨਾਂ 'ਤੇ ਫੀਡ ਕੀਤਾ ਘਰ ਦਾ ਨੰਬਰ ਫਲੈਸ਼ ਹੋ ਰਿਹਾ ਸੀ। ਜ਼ਰੂਰ ਸੁਖਵਿੰਦਰ ਹੋਵੇਗੀ। ਉਸ ਨੇ ਫੇਰ ਡੱਬੇ ਵੱਲ ਦੇਖਿਆ ਫਤੂਰ ਉਤਰਨਾ ਸ਼ੁਰੂ ਹੋ ਗਿਆ ਸੀ। ਉਸ ਨੇ ਸੋਚਿਆ ਜੇ ਉਹ ਮਰ ਗਿਆ ਤਾਂ ਕੀ ਹਾਲਾਤ ਠੀਕ ਹੋ ਜਾਣਗੇ। ਫੇਰ ਉਸ ਨੇ ਆਪ ਹੀ ਜਵਾਬ ਦਿੱਤਾ 'ਨਹੀਂ', ਲੋਕ ਗੱਲਾਂ ਕਰਨਗੇ, ਗੁੱਡੀ ਦਾ ਵਿਆਹ ਮੁਸ਼ਕਿਲ ਹੋ ਜਾਵੇਗਾ, ਕਾਕਾ ਸਮੇਂ ਤੋਂ ਪਹਿਲਾਂ ਹੀ ਕਬੀਲਦਾਰੀ 'ਚ ਨਪੀੜਿਆ ਜਾਵੇਗਾ। ਸੁਖਵਿੰਦਰ 'ਤੇ ਦੁੱਖਾਂ ਦਾ ਪਹਾੜ ਟੁੱਟ ਜਾਵੇਗਾ। ਸਭ ਤੋਂ ਵੱਡੀ ਗੱਲ ਤਾਂ ਇਹ ਹੋਵੇਗੀ ਕਿ ਜਦੋਂ ਕਿਸਾਨਾਂ ਨੂੰ ਪਤਾ ਲੱਗੂ ਕਿ ਉਨ੍ਹਾਂ ਦਾ ਲੀਡਰ ਆਤਮਘਾਤ ਕਰ ਗਿਆ ਤਾਂ ਉਨ੍ਹਾਂ ਲਈ ਇਹ ਸਭ ਤੋਂ ਵੱਡੀ ਨਮੋਸ਼ੀ ਹੋਵੇਗੀ। ਇੰਨਾ ਕੁਝ ਸੋਚ ਕੇ ਉਸ ਨੇ ਸਪਰੇਅ ਵਾਲਾ ਡੱਬਾ ਪਰੇ ਚੁੱਕ ਕੇ ਮਾਰਿਆ। ਫੋਨ ਲਗਾਤਾਰ ਵੱਜ ਰਿਹਾ ਸੀ। ਜਦੋਂ ਉਹ ਕੋਠੇ ਵਿੱਚੋਂ ਬਾਹਰ ਆਇਆ ਤਾਂ ਕਾਕਾ, ਗੁੱਡੀ ਤੇ ਸੁਖਵਿੰਦਰ ਵਾਹੋਦਾਰੀ ਖੇਤ ਵੱਲ ਭੱਜੇ ਆਉਂਦੇ ਨਜ਼ਰ ਆਏ। ਕਾਕਾ ਤੇ ਗੁੱਡੀ ਉਸ ਨੂੰ ਆ ਚਿੰਬੜੇ ਤੇ ਹੁੱਬਕੀ-ਹੁੱਬਕੀ ਰੋਣ ਲੱਗੇ। ਬਿਨਾਂ ਚੁੰਨੀ ਤੋਂ ਖੜ੍ਹੀ ਸੁਖਵਿੰਦਰ ਪੁੱਛ ਰਹੀ ਸੀ, 'ਤੁਸੀ ਫੋਨ ਕਿਉਂ ਨਹੀਂ ਚੱਕ ਰਹੇ।' ਕਰਮਜੀਤ ਨੇ ਚੁੱਪ ਕਰਕੇ ਨੀਵੀਂ ਪਾ ਲਈ।

ਉਸ ਘਟਨਾ ਤੋਂ ਬਾਅਦ ਉਸ ਨੇ ਯੂਨੀਅਨ ਤੇ ਰਿਸ਼ਤੇਦਾਰਾਂ ਦੀ ਮਦਦ ਨਾਲ ਬਾਪੂ ਨੂੰ ਮਨਾ ਹੀ ਲਿਆ। ਪਿੰਡ ਵਾਲੀ ਜ਼ਮੀਨ ਠੇਕੇ 'ਤੇ ਦੇ ਦਿੱਤੀ। ਕੁਝ ਦੋਸਤਾਂ-ਮਿੱਤਰਾਂ ਦੀ ਮਦਦ ਨਾਲ ਬੈਂਕ ਤੋਂ ਬਿਨਾਂ ਸਾਰਾ ਲੈਣ ਦੇਣ ਨਬੇੜ ਲਿਆ। ਬੈਂਕ ਦੇ ਮੈਨੇਜਰ ਤੋਂ ਲਿਮਟ ਦੀਆਂ ਕਿਸ਼ਤਾਂ ਕਰਵਾ ਲਈਆਂ। ਫੇਰ ਉਸ ਨੇ ਸੋਚਿਆ ਇਸ ਘਟਨਾ ਨੂੰ ਵੀ ਇਕ ਉਦਾਹਰਣ ਬਣਾ ਕੇ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਤੋਂ ਰੋਕਣ ਲਈ ਵਰਤਿਆ ਜਾਵੇ। ਉਸ ਨੇ 'ਦੂਸਰੇ ਜਨਮ ਦੀ ਖ਼ੁਸ਼ੀ ਵਿਚ ਪਾਰਟੀ ਦਾ ਪ੍ਰਬੰਧ ਕੀਤਾ। ਉਸ ਨੇ ਸਾਰੀ ਕਹਾਣੀ ਸਾਥੀਆਂ ਤੇ ਰਿਸ਼ਤੇਦਾਰਾਂ ਨੂੰ ਦੱਸ ਕੇ ਸੰਘਰਸ਼ ਕਰਨ ਲਈ ਪ੍ਰੇਰਿਆ। ਜਦੋਂ ਸਟੇਜ ਤੋਂ ਉਸ ਨੇ ਆਪਣੀ ਹੱਡਬੀਤੀ ਦੱਸੀ ਤਾਂ ਸਾਥੀਆਂ ਨੇ ਸੰਘਰਸ਼ ਦਾ ਪੱਲਾ ਫੜਨ ਦਾ ਪ੍ਰਣ ਕੀਤਾ। ਉਸ ਦਿਨ ਛਿੰਦੇ ਨੇ ਸਟੇਜ 'ਤੇ ਚੰਗਾ ਰੰਗ ਬੰਨ੍ਹਿਆ। ਖ਼ੁਦਕੁਸ਼ੀਆਂ ਨੂੰ ਰੋਕਣ ਲਈ ਆਪਣੀ ਨਵੀਂ ਕਵਿਤਾ ਪੜ੍ਹ ਕੇ ਸਾਰਿਆਂ ਦੇ ਲੂੰ ਕੰਡੇ ਖੜ੍ਹੇ ਕਰ ਦਿੱਤੇ ਸੀ। ਉਸ ਦਿਨ ਸ਼ਾਮ ਨੂੰ ਸਰੂਰ 'ਚ ਆਏ ਛਿੰਦੇ ਨੇ ਕਿਹਾ ਸੀ ਕਿ,' ਦੇਖਲਾ ਬਾਈ ਮੇਰੀ ਇਕੱਲੀ ਕਵਿਤਾ ਹੀ ਆਪਣੇ ਸੰਘਰਸ਼ ਵਿਚ ਰੰਗ ਭਰ ਦਊ।'

ਫੋਨ ਦੀ ਖੜਕ ਰਹੀ ਘੰਟੀ ਨੇ ਕਰਮਜੀਤ ਨੂੰ ਸੋਚਾਂ ਦੇ ਸਾਗਰ ਤੋਂ ਬਾਹਰ ਕੱਢ ਲਿਆਂਦਾ। ਫੋਨ ਯੂਨੀਅਨ ਦੇ ਸਕੱਤਰ ਦਰਸ਼ਨ ਦਾ ਸੀ। ਉਸ ਨੇ ਫੋਨ ਦਾ ਸੁਣਨ ਵਾਲਾ ਬਟਨ ਨੱਪਿਆ, ਦਰਸ਼ਨ ਦੀ ਆਵਾਜ਼ ਸੁਣਾਈ ਦਿੱਤੀ,'ਤੂੰ ਆਹ ਛਿੰਦੇ ਵਾਲੀ ਮਨਹੂਸ ਖ਼ਬਰ ਸੁਣੀ।' ਕਰਮਜੀਤ ਨੇ ਜਵਾਬ ਦਿੱਤਾ, 'ਹਾਂ ਹੁਣੇ ਟੀ.ਵੀ. 'ਤੇ ਦੇਖੀ ਹੈ।' ਤੰਗੀਆਂ ਤੁਰਸੀਆਂ ਨੇ ਉਸਦੇ ਹੌਸਲੇ ਡੇਗ ਦਿੱਤੇ।' ਦਰਸ਼ਨ ਦੇ ਸ਼ਬਦਾਂ ਨੇ ਕਰਮਜੀਤ ਨੂੰ ਜਿਵੇਂ ਹਲੂਣ ਦਿੱਤਾ। ਉਹ ਆਪਣੀ ਹੀ ਧੁਨ ਵਿਚ ਬੋਲਿਆ, 'ਗੱਲ ਭਾਵੇਂ ਕੋਈ ਵੀ ਹੋਵੇ, ਕਾਰਨ ਭਾਵੇਂ ਕੋਈ ਵੀ ਹੋਣ, ਪਰ ਲੋਕਾਂ ਨੂੰ ਸੇਧ ਦੇਣ ਵਾਲੇ ਦਾ ਉਸ ਰਾਹ ਤੁਰ ਜਾਣਾ ਜਿਸ ਦੇ ਵਿਰੁੱਧ ਉਹ ਉਮਰ ਭਰ ਹੋਕਾ ਦਿੰਦਾ ਰਿਹਾ ਹੋਵੇ, ਇਹ ਚੰਗਾ ਨਹੀਂ ਕੀਤਾ।' ਇੰਨਾ ਕਹਿੰਦੇ ਉਸ ਨੇ ਭਰੇ ਮਨ ਨਾਲ ਫੋਨ ਬੰਦ ਕਰ ਦਿੱਤਾ। ●

## ਪੁਸਤਕ ਚਰਚਾ

ਸੁਖਵਿੰਦਰ ਕੌਰ ਸਿੱਧੂ ਦਾ ਨਾਮ ਪੰਜਾਬੀ ਸਾਹਿਤ ਦੇ ਖੇਤਰ ਵਿਚ ਲਗਾਤਾਰ ਸਥਾਪਤੀ ਵੱਲ ਵਧ ਰਿਹਾ ਹੈ। ਹੱਥਲੀ ਪੁਸਤਕ 'ਕਲਮ ਦੀ ਪੁਕਾਰ' ਤੋਂ ਪਹਿਲਾਂ ਲੇਖਿਕਾ ਇਕ ਕਾਵਿ ਸੰਗ੍ਰਹਿ 'ਜਾਗਦੀਆਂ ਅੱਖਾਂ ਦੇ ਸੁਪਨੇ' ਦੋ ਬਾਲ ਪੁਸਤਕਾਂ 'ਗਣਿਤ ਪਟਾਰੀ' ਅਤੇ 'ਆਪਣੇ ਰਸਤੇ ਆਪ ਚੁਣੋ' ਤੋਂ ਇਲਾਵਾ ਸਾਂਝੇ ਕਾਵਿ ਸੰਗ੍ਰਹਿਆਂ 'ਸੂਰਜਾਂ ਦਾ ਕਾਫ਼ਲਾ, ਵਿਰਸੇ ਦੇ ਵਾਰਿਸ ਅਤੇ ਕਲਮ ਸ਼ਕਤੀ' ਵਿਚ ਵੀ ਪਾਠਕਾਂ ਦੇ ਰੂਬਰੂ ਹੋ ਚੁੱਕੀ ਹੈ। ਵਿਚਾਰ ਚਰਚਾ ਅਧੀਨ ਪੁਸਤਕ ਵਿਚ ਸਿੱਧੂ ਨੇ ਕੁੱਲ ਇਕਤਾਲੀ ਰਚਨਾਵਾਂ ਨੂੰ ਸ਼ਾਮਿਲ ਕੀਤਾ ਹੈ। ਇਨ੍ਹਾਂ ਇਕਤਾਲੀ ਕਵਿਤਾਵਾਂ, ਗੀਤਾਂ ਅਤੇ ਟੱਪਿਆਂ ਆਦਿ ਵਿਚ ਉਸਨੇ ਜ਼ਿੰਦਗੀ ਦੇ ਹਰ ਰੰਗ ਨੂੰ ਰੂਪਮਾਨ ਕਰਨ ਦਾ ਸਫਲ ਉਪਰਾਲਾ ਕੀਤਾ ਹੈ। ਪਲੇਠੀ ਰਚਨਾ 'ਬਾਜਾਂ ਵਾਲਿਆਂ' ਵਿਚ ਲੇਖਿਕਾ ਸਿੱਖੀ ਸਿਦਕ ਦੀ ਗੱਲ ਕਰਨ ਦੇ ਨਾਲ-ਨਾਲ ਭਗਵੇਂਕਰਨ ਦੇ ਇਜ਼ਾਫੇ ਦਾ ਫ਼ਿਕਰ ਵੀ ਕਰਦੀ ਹੈ। ਉਹ ਕਵਿਤਾਵਾਂ 'ਚੇਤਿਆਂ ਦੇ ਵਿਚ, ਪੰਜਾਬ ਸਿੰਹਾਂ, ਜਾਗੋ ਚੱਕਲੀ ਮਾਮੀ ਨੇ, ਪਾਣੀ ਵਾਰ ਕੇ, ਆਜਾ ਭਾਬੀਏ, ਨਵੀਂਏ ਭਰਜਾਈਏ, ਚਰਖਾ ਅਤੇ ਅੱਜ ਆਖਾਂ ਸ਼ੇਰੇ ਪੰਜਾਬ ਨੂੰ' ਵਿਚ ਪੁਰਤਾਨ ਪੰਜਾਬ ਦੀਆਂ ਗੱਲਾਂ ਕਰਦੀ ਪੰਜਾਬ ਦੇ ਲੋਪ ਹੋ ਰਹੇ ਰਸਮੋ ਰਿਵਾਜਾਂ, ਪਹਿਰਾਵਿਆਂ, ਗਹਿਣਿਆਂ ਅਤੇ ਸ਼ਬਦਾਂ ਦਾ ਜ਼ਿਕਰ ਕਰਦੀ ਹੈ। ਕਵਿਤਾ 'ਫਾਂਸੀ ਦਾ ਰੱਸਾ' ਵਿਚ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਹੈ। ਲੇਖਿਕਾ ਨੇ ਕਲਮ ਜ਼ਰੀਏ ਫੈਲਾਈ ਜਾ ਰਹੀ ਅਸ਼ਲੀਲਤਾ ਅਤੇ ਹੋਰ ਬੁਰਾਈਆਂ ਨੂੰ ਵੀ ਆਪਣੀ ਕਵਿਤਾ ਦਾ ਵਿਸ਼ਾ ਬਣਾ ਕੇ 'ਕਲਮ ਦੀ ਪੁਕਾਰ' ਰਾਹੀਂ ਕਲਮਾਂ ਵਾਲਿਆਂ ਨੂੰ ਉਸਾਰੂ ਕ੍ਰਿਤਾਂ ਕਰਨ ਦਾ ਸੁਨੇਹਾ ਦਿੱਤਾ ਹੈ। ਖ਼ੁਦ ਅਧਿਆਪਕਾ ਹੋਣ ਦੇ ਨਾਤੇ ਲੇਖਿਕਾ ਨੇ ਅਧਿਆਪਕਾਂ ਤੋਂ ਲਏ ਜਾਂਦੇ ਗ਼ੈਰ ਵਿੱਦਿਅਕ ਕਾਰਜਾਂ ਦਾ ਵਰਣਨ ਕਵਿਤਾ 'ਮਾਸਟਰ ਵਿਚਾਰਾ' ਵਿਚ ਕੀਤਾ ਹੈ। ਸਮਾਜ ਵਿਚ ਵਧ ਰਹੇ ਨਸ਼ਿਆਂ ਦੇ ਰੁਝਾਨ, ਇਨਸਾਨੀ ਜ਼ਿੰਦਗੀ ਨੂੰ ਗ਼ੁਲਾਮ ਬਣਾ ਰਹੇ ਮੋਬਾਈਲ ਅਤੇ ਇੰਟਰਨੈਟ ਤੋਂ ਲੈ ਕੇ ਰੁਲਦੇ ਬੁਢਾਪੇ ਤਕ ਜ਼ਿੰਦਗੀ ਦੇ ਹਰ ਪੱਖ ਨੂੰ ਲੇਖਿਕਾ ਨੇ ਬੜੇ ਦਿਲਚਸਪ ਤਰੀਕੇ ਅਤੇ ਸਰਲ ਭਾਸ਼ਾ ਨਾਲ ਲੈਅ ਪੱਖੀ ਸ਼ਬਦਾਂ ਦੀ ਪੁੱਠ ਚਾੜ੍ਹੀ ਹੈ। ਪੁਸਤਕ ਦੇ ਸਾਰੇ ਹੀ ਗੀਤ,ਕਵਿਤਾਵਾਂ ਅਤੇ ਟੱਪੇ ਗਾਏ ਜਾ ਸਕਣ ਵਾਲੇ ਹਨ। ਹੱਥਲੀ ਪੁਸਤਕ ਨਾਲ ਲੇਖਿਕਾ ਪੰਜਾਬੀ ਸਾਹਿਤ ਦੇ ਖੇਤਰ ਵਿਚ ਯਕੀਨੀ ਤੌਰ 'ਤੇ ਹੋਰ ਪੈਰ ਜਮਾਉਂਦਿਆਂ ਮਜ਼ਬੂਤੀ ਨਾਲ ਅੱਗੇ ਵਧੇਗੀ।





● ਬਿੰਦਰ ਸਿੰਘ ਖੁੱਡੀ ਕਲਾਂ

| | | | |
|---|---|---|---|
| ਪੁਸਤਕ | : ਕਲਮ ਦੀ ਪੁਕਾਰ | ਪੰਨੇ | : 104 |
| ਲੇਖਕ | : ਸੁਖਵਿੰਦਰ ਕੌਰ ਸਿੱਧੂ | ਮੁੱਲ | : 150/- |
| ਪ੍ਰਕਾਸ਼ਕ | : ਨਵਰੰਗ ਪਬਲੀਕੇਸ਼ਨਜ਼, ਸਮਾਣਾ। | | |

ਇਕ ਫ਼ੌਜੀ ਦੀ ਆਤਮ ਕਥਾ ਭੁਪਿੰਦਰ ਸਿੰਘ ਚੌਕੀਮਾਨ ਸਾਬਕਾ ਡਿਪਟੀ ਕਮਾਂਡੈਂਟ ਬੀ.ਐੱਸ.ਐੱਫ਼ ਵਜੋਂ ਸੇਵਾ ਨਿਭਾ ਚੁੱਕੇ ਤੇ ਸਿਰਜਣਾਤਮਕ ਖੇਤਰ ਵਿਚ ਇਕ ਲੇਖਕ ਵਜੋਂ ਵਿਚਰ ਰਹੇ ਵਿਅਕਤੀ ਦੀ ਸਵੈਜੀਵਨੀ ਹੈ। ਇਹ ਆਮ ਤੌਰ 'ਤੇ ਲਿਖੀਆਂ ਗਈਆਂ ਸਵੈਜੀਵਨੀਆਂ ਨਾਲੋਂ ਇਸ ਕਰਕੇ ਵੀ ਨਿਵੇਕਲੀ ਕਿਰਤ ਜਾਪਦੀ ਹੈ ਕਿਉਂਕਿ ਲੇਖਕਾਂ ਜਾਂ ਪ੍ਰਸ਼ਾਸਨਿਕ ਅਧਿਕਾਰੀਆਂ ਦੀਆਂ ਸਵੈਜੀਵਨੀਆਂ ਤਾਂ ਪਹਿਲਾਂ ਉਪਲੱਬਧ ਹਨ ਪਰ ਇਕ ਫ਼ੌਜੀ ਦੀ ਜ਼ਿੰਦਗੀ ਅਤੇ ਉਸ ਦੇ ਤਜਰਬਿਆਂ ਨੂੰ ਪੇਸ਼ ਕਰਨ ਕਰਕੇ ਵੀ ਪਾਠਕ ਦੀ ਦਿਲਚਸਪੀ ਦਾ ਕਾਰਨ ਬਣਦੀ ਹੈ। ਲੇਖਕ ਨੇ ਆਪਣੀ ਇਹ ਸਵੈਜੀਵਨੀ ਬਾਕੀ ਸਵੈਜੀਵਨੀਆਂ ਵਾਂਗੂੰ ਹੀ ਬਚਪਨ ਅਤੇ ਬਚਪਨ ਨਾਲ ਜੁੜੀਆਂ ਯਾਦਾਂ ਤੋਂ ਸ਼ੁਰੂ ਕੀਤੀ ਹੈ। ਲੇਖਕ ਦਾ ਦਾਦਾ ਕਾਫ਼ੀ ਅਸਰ ਰਸੂਖ ਵਾਲੇ ਅਤੇ ਜ਼ਮੀਨ ਦੇ ਇਕ ਵੱਡੇ ਟੱਕ ਦੇ ਮਾਲਕ ਸਨ ਪਰ ਲੇਖਕ ਦਾ ਜ਼ਿਆਦਾ ਸਮਾਂ ਆਪਣੇ ਚਾਚਾ ਜੀ ਕੋਲ ਬੀਤਣ ਕਰਕੇ ਉਨ੍ਹਾਂ ਨੂੰ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਦਾ ਜ਼ਿਆਦਾ ਸਾਹਮਣਾ ਬਚਪਨ ਦੇ ਦਿਨਾਂ ਵਿਚ ਹੀ ਕਰਨਾ ਪਿਆ। ਸ਼ਾਇਦ ਇਹੀ ਦ੍ਰਿੜਤਾ ਅਤੇ ਹੌਸਲਾ ਉਸ ਦੀ ਆਉਣ ਵਾਲੀ ਜ਼ਿੰਦਗੀ ਲਈ ਚਾਨਣ ਮੁਨਾਰਾ ਬਣ ਗਿਆ।

1967 ਵਿਚ ਫ਼ੌਜ ਦੀ ਨੌਕਰੀ ਛੱਡ ਕੇ ਅੰਗਰੇਜ਼ੀ ਵਿਚ ਮੁਹਾਰਤ ਹਾਸਲ ਕਰਕੇ ਬੀ.ਐੱਸ.ਐੱਫ਼ ਦੀ ਮਨਚਾਹੀ ਨੌਕਰੀ ਪ੍ਰਾਪਤ ਕੀਤੀ। ਇਥੋਂ ਹੀ ਸ਼ੁਰੂਆਤ ਹੁੰਦੀ ਹੈ ਲੇਖਕ ਦੀ ਜ਼ਿੰਦਗੀ ਦੀ ਅਸਲ ਗਾਥਾ ਦੀ। ਬੰਗਾਲ ਵਿਚ ਬੀਐੱਸਬੀ. ਵਿਚ ਨੌਕਰੀ ਕਰਦਿਆਂ ਹੋਏ ਤਲਖ਼ ਤਜਰਬਿਆਂ ਅਤੇ ਸਥਾਨਕ ਲੋਕਾਂ ਦੇ ਸੁਭਾਅ ਬਾਰੇ ਲੇਖਕ ਨੇ ਬੇਬਾਕ ਟਿੱਪਣੀਆਂ ਕੀਤੀਆਂ ਹਨ। ਇਸ ਤੋਂ ਇਲਾਵਾ ਇਨ੍ਹਾਂ ਰਾਜਾਂ ਵਿਚ ਸਿੱਖ ਭਾਈਚਾਰੇ ਵੱਲੋਂ ਮਿਲੇ ਪਿਆਰ ਦਾ ਜ਼ਿਕਰ ਵੀ ਲੇਖਕ ਨੇ ਬੜੀ ਸ਼ਿੱਦਤ ਨਾਲ ਕੀਤਾ ਹੈ।

ਜੰਮੂ ਕਸ਼ਮੀਰ ਦੇ ਸਰਹੱਦੀ ਇਲਾਕੇ ਵਿਚ ਹੁੰਦੀਆਂ ਘੁਸਪੈਠ ਦੀਆਂ ਘਟਨਾਵਾਂ ਅਤੇ ਫ਼ੌਜੀ ਕਾਰਵਾਈਆਂ ਦਾ ਜ਼ਿਕਰ ਵੀ ਲੇਖਕ ਨੇ ਤੱਥਾਂ ਅਤੇ ਵਿਸਥਾਰ ਸਹਿਤ ਕੀਤਾ ਹੈ। ਆਪਣੀ ਹੁਣ ਵਾਲੀ ਜ਼ਿੰਦਗੀ ਦੇ ਸੁੱਖ ਆਰਾਮ ਦੇ ਪਲ ਵੀ ਲੇਖਕ ਨੇ ਸਖ਼ਤ ਮਿਹਨਤ ਤੋਂ ਬਾਅਦ ਦੀ ਪ੍ਰਾਪਤੀ ਦਾ ਫਲ ਹੀ ਦੱਸਿਆ ਹੈ।





| | | | |
|---|---|---|---|
| ਪੁਸਤਕ | : ਇਕ ਫ਼ੌਜੀ ਦੀ ਆਤਮ ਕਥਾ | ਪੰਨੇ | : 150 |
| ਲੇਖਕ | : ਭੁਪਿੰਦਰ ਸਿੰਘ ਚੌਕੀਮਾਨ | ਮੁੱਲ | : 160/- |
| ਪ੍ਰਕਾਸ਼ਕ | : ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ। | | |

'ਇਹ ਜੋ ਨਦੀਆਂ' ਅਮਨ ਸੀ ਸਿੰਘ ਦੀ ਅਜਿਹੀ ਕਾਵਿ-ਪੁਸਤਕ ਹੈ ਜਿਸ ਵਿਚਲੀ ਕਵਿਤਾ ਨੂੰ ਪੜ੍ਹਦਿਆਂ ਪਾਠਕ ਸਿਰਫ਼ ਤੇ ਸਿਰਫ਼ ਕਾਵਿ-ਆਨੰਦ ਪ੍ਰਾਪਤ ਕਰ ਕੇ ਹੀ ਸਰਸ਼ਾਰ ਨਹੀਂ ਹੁੰਦਾ ਸਗੋਂ ਕਵਿਤਾ ਵਿਚਲੀ ਫਲਸਫ਼ਾਨਾ ਚੁੱਪ ਅਤੇ ਕੁਦਰਤ ਦਾ ਗੁਣਗਾਨ ਵੀ ਉਹ ਸਹਿਜ ਰੂਪ ਵਿਚ ਹੀ ਗੁਣਗੁਣਾਉਣ ਲੱਗ ਪੈਂਦਾ ਹੈ। ਕਵਿਤਾ ਵਿਚਲੀ ਕਾਵਿ 'ਮੈਂ' ਕਿਸੇ ਅਗੰਮੀ ਅਤੇ ਅਨੰਤ ਵਰਤਾਰੇ ਨਾਲ ਸੰਵਾਦੀ ਸੁਰ ਵਿਚ ਮੁਖ਼ਾਤਿਬ ਹੁੰਦਿਆਂ ਜ਼ਿੰਦਗੀ ਦੇ ਬਹੁਤ ਨਜ਼ਦੀਕ ਹੋਣ ਦੇ ਆਹਰ ਵਿਚ ਹੈ। ਆਪਣੇ ਪਿਆਰੇ ਦੀ ਛੋਹ ਨਾਲ ਉਸ ਅੰਦਰ ਸਿਰਜਣਾਤਮਕਤਾ ਦੇ ਅਹਿਸਾਸ ਉਜਾਗਰ ਹੋ ਉੱਠਦੇ ਹਨ। ਕਵਿਤਾ ਵਿਚਲੀ ਚੁੱਪ ਇਕ ਸੰਵੇਦਨਸ਼ੀਲ ਵਰਤਾਰੇ ਨੂੰ ਜਨਮ ਦਿੰਦੀ ਹੈ ਜਿੱਥੇ ਪਾਠਕ ਅਬੋਲ ਹੋ ਕੇ ਸਿਰਫ਼ ਵਾਹ-ਵਾਹ ਦੀ ਅਵਸਥਾ ਵਿਚ ਪਹੁੰਚ ਜਾਂਦਾ ਹੈ। ਨਦੀ ਇਸ ਪੁਸਤਕ ਵਿਚ ਅਜਿਹੇ ਚਿਹਨ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ ਜੋ ਕੁਦਰਤੀ ਵਰਤਾਰਾ ਵੀ ਹੈ ਅਤੇ ਚਿਹਨਕ ਰੂਪ ਵਿਚ ਸਮਾਜੀ ਰਿਸ਼ਤਿਆਂ ਦੀਆਂ ਵੀ ਬਹੁਪਰਤੀ ਤਹਿਆਂ ਦੀ ਨਿਸ਼ਾਨਦੇਹੀ ਕਰਦਾ ਹੈ।

ਕਵੀ ਲਈ ਰਿਸ਼ਤਿਆਂ ਦਾ ਨਿੱਘ 'ਕਿਉਂ' ਸ਼ਬਦ ਤੋਂ ਪਰੇ ਦਾ ਕੋਈ ਨਿੱਘਾ ਅਹਿਸਾਸ ਹੈ। ਉਸ ਲਈ ਰਿਸ਼ਤੇ ਕਿਸੇ ਪ੍ਰਸ਼ਨ ਚਿੰਨ੍ਹ ਦੇ ਮੁਹਤਾਜ ਨਹੀਂ ਹੁੰਦੇ ਸਗੋਂ ਰਿਸ਼ਤੇ ਤਾਂ ਬੇਤਰਤੀਬੀ ਜ਼ਿੰਦਗੀ ਨੂੰ ਤਰਤੀਬ ਵਿਚ ਕਰਨ ਦਾ ਨਾਂ ਹੈ। ਅਮਨ ਸੀ. ਸਿੰਘ ਦੀ ਇਕ ਕਾਵਿ ਪੁਸਤਕ ਵਿਚ ਪਿਆਰ ਦਾ ਅਹਿਸਾਸ ਵੀ ਕੋਈ ਤੀਖਣ ਵੇਗ ਨਹੀਂ ਸਗੋਂ ਇਹ ਅਹਿਸਾਸ ਕਿਸੇ ਸਹਿਜ ਵਿੱਚੋਂ ਉਪਜਿਆ ਹੈ ਜਿੱਥੇ ਰੂਪ ਪਾਕੀਜ਼ਗੀ ਦਾ ਲਿਬਾਸ ਪਹਿਨ ਕੇ ਆਪਣੇ ਪਿਆਰੇ ਨਾਲ ਇਕਮਿੱਕਤਾ ਹਾਸਲ ਕਰਨ ਲਈ ਬਿਹਬਲ ਹੋ ਉੱਠਦੀ ਹੈ। ਕਵੀ ਤਾਂ ਸ਼ਬਦਾਂ ਨੂੰ ਆਵਾਜ਼ਾਂ ਮਾਰਦਾ ਹੈ ਕਿ ਉਹ ਉਸ ਦੇ ਅੰਦਰੋਂ ਉਠ ਰਹੇ ਅਹਿਸਾਸਾਂ ਨੂੰ ਜ਼ੁਬਾਨ ਦੇਣ ਤਾਂ ਕਿ ਇਹ ਸੰਵਾਦ ਨਿਰੰਤਰਤਾ ਨਾਲ ਉਸ ਦੇ ਪਿਆਰੇ ਨਾਲ ਸਾਂਝੇ ਕਰਦਾ ਰਹੇ। ਅਮਨ ਦੀਆਂ ਕਵਿਤਾਵਾਂ ਪੜ੍ਹ ਕੇ ਇਕ ਗਹਿਰੇ ਹਕੀਕੀ ਪਰ ਅਦਭੁਤ ਜਹਾਨ ਵਿੱਚੋਂ ਲੰਘਣ ਜਿਹਾ ਅਨੁਭਵ ਹੁੰਦਾ ਹੈ। ਇਸ ਪੁਸਤਕ ਵਿਚਲੀ ਕਵਿਤਾ ਪੜ੍ਹਨਯੋਗ ਅਤੇ ਮਾਣਨਯੋਗ ਹੈ।





| | | | |
|---|---|---|---|
| ਪੁਸਤਕ | : ਇਹ ਜੋ ਨਦੀਆਂ | ਪੰਨੇ | : 196 |
| ਲੇਖਕ | : ਅਮਨ ਸੀ. ਸਿੰਘ | ਮੁੱਲ | : 300/- |
| ਪ੍ਰਕਾਸ਼ਕ | : ਅਸਥੈਟਿਕ ਪਬਲੀਕੇਸ਼ਨਜ਼, ਲੁਧਿਆਣਾ। | | |

ਮੇਹਰ ਮੁਹੰਮਦ ਮਲਿਕ ਦੀ 'ਭੋਲੀ ਦਾ ਕਰਵਾਚੌਥ' ਨਵੀਂ ਪੁਸਤਕ ਹੈ ਜਿਸ ਵਿਚ 10 ਕਹਾਣੀਆਂ ਹਨ ਜਿਨ੍ਹਾਂ ਦਾ ਅਧਿਐਨ ਕਰਨ ਤੋਂ ਬਾਅਦ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਮਲਿਕ ਜੀਵਨ ਯਥਾਰਥ ਦੇ ਉਨ੍ਹਾਂ ਮਸਲਿਆਂ ਨੂੰ ਆਪਣੀ ਕਹਾਣੀ ਦੇ ਬਿਰਤਾਂਤ ਸੂਤਰ ਵਿਚ ਪਰੋਂਦਾ ਹੈ, ਜਿਨ੍ਹਾਂ ਨਾਲ ਸਧਾਰਨ ਮਨੁੱਖ ਦੋ ਚਾਰ ਹੋ ਰਿਹਾ ਹੈ। ਕਿਉਂਕਿ ਉਹੋ ਹੀ ਸਾਹਿਤਕਾਰ ਲੋਕਾਂ ਦੇ ਜ਼ਿਆਦਾ ਨੇੜੇ ਹੋਵੇਗਾ ਜਿਹੜਾ ਉਨ੍ਹਾਂ ਦੀਆਂ ਗੱਲ ਕਰੇਗਾ। ਇਨ੍ਹਾਂ ਕਹਾਣੀਆਂ ਵਿੱਚੋਂ ਬੇਸ਼ੱਕ ਭ੍ਰਿਸ਼ਟਾਚਾਰੀ ਤਾਕਤਾਂ ਦਾ ਵੀ ਪਾਜ ਉਘਾੜਿਆ ਗਿਆ ਹੈ ਪਰ ਪਰਿਵਾਰਕ ਝਮੇਲਿਆਂ ਵਿਚ ਫਸਿਆ ਵਿਅਕਤੀ ਕਿਵੇਂ ਛਟਪਟਾ ਰਿਹਾ ਹੈ। ਉਸ ਦੇ ਬਹੁਤ ਹੀ ਖ਼ੂਬਸੂਰਤ ਵੇਰਵੇ ਇਨ੍ਹਾਂ ਕਹਾਣੀਆਂ ਵਿਚ ਮਿਲਦੇ ਹਨ। 'ਦਿੱਲੀ ਦੇ ਹਵਾਈ ਅੱਡੇ 'ਤੇ' ਕਹਾਣੀ ਭਾਵੇਂ ਕਹਾਣੀ ਵੱਖਰੀ ਕਿਸਮ ਦੀ ਹੈ। ਅਸਲ ਵਿਚ 'ਭੋਲੀ ਦਾ ਕਰਵਾਚੌਥ' ਪੁਸਤਕ ਵਿਚਲੀਆਂ ਕਹਾਣੀਆਂ ਮਾਨਵੀ ਨਜ਼ਰੀਏ ਤੋਂ ਲਿਖੀਆਂ ਗਈਆਂ ਹਨ ਅਤੇ ਕਿਤੇ-ਕਿਤੇ ਕਹਾਣੀਕਾਰ ਕਹਾਣੀ ਦੇ ਅੰਤ 'ਤੇ ਖ਼ੁਦ ਵੀ ਨਜ਼ਰ ਆਉਣ ਲੱਗਦਾ ਹੈ ਜਿੱਥੇ ਉਹ ਕਹਾਣੀ ਦੇ ਉਦੇਸ਼ ਨੂੰ ਸਪੱਸ਼ਟ ਕਰਦਾ ਹੈ ਪਰ ਪਾਠਕ ਇਸ ਪੱਖੋਂ ਸੁਚੇਤ ਹੈ ਕਿ ਕਹਾਣੀਕਾਰ ਕੀ ਕਹਿਣਾ ਚਾਹੁੰਦਾ ਹੈ। ਇਨ੍ਹਾਂ ਕਹਾਣੀਆਂ ਵਿਚਲੇ ਪਾਤਰ ਕਿਤੇ ਵੀ ਅਸਮਾਨੋਂ ਉਤਰੇ ਨਹੀਂ ਜਾਪਦੇ ਸਗੋਂ ਸਾਡੇ ਆਲੇ-ਦੁਆਲੇ ਵਿਚ ਵਿਚਰਦੇ ਨਿੱਤ ਮਿਲਦੇ ਹਨ। ਮੇਹਰ ਮਲਿਕ ਨੇ ਇਨ੍ਹਾਂ ਕਹਾਣੀਆਂ ਵਿਚ ਸਮਕਾਲੀ ਸਮਾਜ ਵਿਚ ਤਾਜ਼ਾ ਵਾਪਰੀਆਂ ਘਟਨਾਵਾਂ ਦੀ ਨਿਸ਼ਾਨਦੇਹੀ ਵੀ ਕੀਤੀ ਹੈ ਅਤੇ ਕਾਰਨ ਤਲਾਸ਼ ਕਰਨ ਦਾ ਯਤਨ ਵੀ ਕੀਤਾ ਹੈ, ਕਿਸੇ ਨਾ ਕਿਸੇ ਪਾਤਰ ਦੇ ਜ਼ਰੀਏ ਦੇਸ਼ ਅਤੇ ਸੰਸਾਰ ਵਿਚ ਬਣ ਰਹੇ ਅਸਾਵੇਂ ਅਤੇ ਗਲਘੋਟੂ ਵਾਤਾਵਰਨ ਦੇ ਦ੍ਰਿਸ਼ ਵੀ ਪੇਸ਼ ਕੀਤੇ ਹਨ। ਨਾਟਕੀ, ਫਲੈਸ਼ ਬੈਕ ਆਦਿ ਵਿਧੀਆਂ ਵਰਤਕੇ ਕਹਾਣੀਆਂ ਵਿਚ ਭਾਂਤ-ਸੁਭਾਂਤਾ ਬਿਰਤਾਂਤਕ ਢਾਂਚਾ ਸਿਰਜਿਆ ਹੈ। ਮੇਹਰ ਮਲਿਕ ਕਿਉਂਕਿ ਪੱਤਰਕਾਰੀ ਨਾਲ ਜੁੜਿਆ ਹੋਇਆ ਹੈ ਇਸ ਕਰਕੇ ਉਸ ਕੋਲ ਜਾਣਕਾਰੀ ਬਹੁਤ ਹੈ ਅਤੇ ਇਹੀ ਜਾਣਕਾਰੀ ਉਸਦੀਆਂ ਕਹਾਣੀਆਂ ਵਿੱਚ ਸਿਰਜਣਾਤਮਕ ਪਿੱਠ ਭੂਮੀ ਬਣਕੇ ਪੇਸ਼ ਹੋਈ ਹੈ। ਇਹ ਕਹਾਣੀ ਸੰਗ੍ਰਹਿ ਮੇਹਰ ਮਲਿਕ ਦੀ ਸਿਰਜਣਾਤਮਕ ਮਾਨਸਿਕਤਾ ਅਤੇ ਪ੍ਰਤਿਭਾਸ਼ਾਲੀ ਸ਼ਖ਼ਸੀਅਤ ਦੀ ਗਵਾਹੀ ਭਰਦਾ ਹੈ ਜਿਸ ਵਿਚ ਸਮਕਾਲੀ ਯਥਾਰਥ ਨੂੰ ਬੇਬਾਕੀ ਨਾਲ ਪੇਸ਼ ਕਰਨ ਦੀ ਸੂਝ ਹੈ। ਪੁਸਤਕ ਦਾ ਸੁਆਗਤ ਹੈ।





● ਡਾ. ਸਰਦੂਲ ਸਿੰਘ ਔਜਲਾ

| | | | |
|---|---|---|---|
| ਪੁਸਤਕ | : ਭੋਲੀ ਦਾ ਕਰਵਾਚੌਥ | ਪੰਨੇ | : 112 |
| ਲੇਖਕ | : ਮੇਹਰ ਮੁਹੰਮਦ ਮਲਿਕ | ਮੁੱਲ | : 150/- |
| ਪ੍ਰਕਾਸ਼ਕ | : ਸਾਂਝ ਪ੍ਰਕਾਸ਼ਨ, ਜਲੰਧਰ। | | |

## ਸੰਪਾਦਕੀ

### 62,500 ਕਰੋੜ ਰੁਪਏ ਦੀ ਮੋਬਾਈਲ ਫੋਨ ਮੈਨੂਫੈਕਚਰਿੰਗ ਸਕੀਮ

1.27 ਲੱਖ ਕਰੋੜ ਰੁਪਏ ਦੇ ਸੈਮੀਕਾਨ 2.0 ਪ੍ਰੋਗਰਾਮ ਅਤੇ 62,500 ਕਰੋੜ ਰੁਪਏ ਦੀ ਮੋਬਾਈਲ ਫੋਨ ਮੈਨੂਫੈਕਚਰਿੰਗ ਸਕੀਮ ਨੂੰ ਕੇਂਦਰੀ ਕੈਬਨਿਟ ਵੱਲੋਂ ਦਿੱਤੀ ਮਨਜ਼ੂਰੀ ਹਾਲੀਆ ਸਾਲਾਂ ਵਿੱਚ ਭਾਰਤ ਦੇ ਉਦਯੋਗਿਕ ਖੇਤਰ ਵਿੱਚ ਚੁੱਕਿਆ ਗਿਆ ਸਭ ਤੋਂ ਵੱਡਾ ਤੇ ਅਹਿਮ ਕਦਮ ਹੈ। ਕੁੱਲ ਮਿਲਾ ਕੇ ਲਗਪਗ 1.9 ਲੱਖ ਕਰੋੜ ਰੁਪਏ ਦੇ ਇਸ ਵੱਡੇ ਬਜਟ ਰਾਹੀਂ ਸਰਕਾਰ ਨੇ ਇੱਕ ਸਾਫ਼ ਸੁਨੇਹਾ ਦਿੱਤਾ ਹੈ ਕਿ ਹੁਣ ਸੈਮੀਕੰਡਕਟਰ ਅਤੇ ਇਲੈਕਟ੍ਰਾਨਿਕਸ ਦਾ ਉਤਪਾਦਨ ਸਿਰਫ਼ ਆਰਥਿਕ ਲੋੜ ਨਹੀਂ ਰਿਹਾ ਸਗੋਂ ਆਰਟੀਫੀਸ਼ੀਅਲ ਇੰਟੈਲੀਜੈਂਸ (ਮਸਨੂਈ ਬੁੱਧੀ), ਭੂ-ਸਿਆਸੀ ਦੁਸ਼ਮਣੀਆਂ ਅਤੇ ਆਲਮੀ ਪੱਧਰ 'ਤੇ ਡਾਵਾਂਡੋਲ ਹੋਈ ਸਪਲਾਈ ਲੜੀ ਦੇ ਮੌਜੂਦਾ ਦੌਰ ਵਿੱਚ ਇਹ ਦੇਸ਼ ਦੀ ਸੁਰੱਖਿਆ ਲਈ ਬੇਹੱਦ ਜ਼ਰੂਰੀ ਬਣ ਗਿਆ ਹੈ। ਕੋਰੋਨਾ ਕਾਲ ਦੌਰਾਨ ਚਿੱਪਾਂ ਦੀ ਆਈ ਕਿੱਲਤ ਤੋਂ ਲੈ ਕੇ ਬਰਾਮਦ 'ਤੇ ਲੱਗੀਆਂ ਪਾਬੰਦੀਆਂ ਅਤੇ ਪੱਛਮੀ ਏਸ਼ੀਆ ਦੇ ਤਣਾਅ ਕਾਰਨ ਹੀਲੀਅਮ ਗੈਸ ਦੀ ਸਪਲਾਈ ਵਿੱਚ ਆਈਆਂ ਰੁਕਾਵਟਾਂ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਚਿੱਪ ਬਣਾਉਣ ਵਾਲੇ ਗਿਣੇ-ਚੁਣੇ ਦੇਸ਼ਾਂ 'ਤੇ ਹੱਦੋਂ ਵੱਧ ਨਿਰਭਰ ਰਹਿਣਾ ਕਿੰਨਾ ਖ਼ਤਰਨਾਕ ਹੋ ਸਕਦਾ ਹੈ। ਅਮਰੀਕਾ, ਜਾਪਾਨ, ਦੱਖਣੀ ਕੋਰੀਆ ਅਤੇ ਚੀਨ ਵਰਗੇ ਦੇਸ਼ ਇਸ ਤਕਨਾਲੋਜੀ ਦੇ ਖੇਤਰ ਵਿੱਚ ਆਤਮ-ਨਿਰਭਰ ਬਣਨ ਲਈ ਅਰਬਾਂ ਰੁਪਏ ਪਾਣੀ ਵਾਂਗ ਵਹਾ ਰਹੇ ਹਨ। ਅਜਿਹੀ ਦੌੜ ਵਿੱਚ ਭਾਰਤ ਹੱਥ 'ਤੇ ਹੱਥ ਧਰ ਕੇ ਨਹੀਂ ਬੈਠ ਸਕਦਾ। ਹਾਲਾਂਕਿ, ਇਸ ਖੇਤਰ ਵਿੱਚ ਦੁਨੀਆ ਦਾ ਮੋਹਰੀ ਬਣਨ ਲਈ ਭਾਰਤ ਨੂੰ ਅਜੇ ਬਹੁਤ ਲੰਮਾ ਪੈਂਡਾ ਤੈਅ ਕਰਨਾ ਪੈਣਾ ਹੈ। ਅੰਕੜਿਆਂ ਮੁਤਾਬਿਕ ਜਿੱਥੇ ਇਸ ਸਾਲ ਦੁਨੀਆ ਭਰ ਦੀ ਸੈਮੀਕੰਡਕਟਰ ਮਾਰਕੀਟ ਲਗਪਗ 1 ਟ੍ਰਿਲੀਅਨ (ਇੱਕ ਲੱਖ ਕਰੋੜ) ਡਾਲਰ ਤੱਕ ਪਹੁੰਚਣ ਦੀ ਉਮੀਦ ਹੈ, ਉੱਥੇ ਹੀ ਸਾਲ 2024-25 ਵਿੱਚ ਭਾਰਤੀ ਚਿੱਪ ਮਾਰਕੀਟ ਦਾ ਆਕਾਰ ਮਹਿਜ਼ 45 ਤੋਂ 50 ਅਰਬ ਡਾਲਰ ਦੇ ਆਸ-ਪਾਸ ਸੀ। ਪਹਿਲੀ ਸਕੀਮ ਦੇ ਮੁਕਾਬਲੇ ਸੈਮੀਕਾਨ 2.0 ਵਿੱਚ ਭਾਰਤ ਦੇ ਆਪਣੇ ਚਿੱਪ ਡਿਜ਼ਾਈਨ, ਬੌਧਿਕ ਸੰਪਤੀ 'ਤੇ ਹੱਕ, ਖੋਜ ਤੇ ਵਿਕਾਸ, ਐਡਵਾਂਸਡ ਪੈਕੇਜਿੰਗ, ਮਸ਼ੀਨਰੀ ਦੇ ਨਿਰਮਾਣ ਅਤੇ ਮਾਹਿਰਾਂ ਦੀ ਫ਼ੌਜ ਤਿਆਰ ਕਰਨ 'ਤੇ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ। ਦੇਸ਼ ਦੇ ਅੰਦਰ ਹੀ ਚਿੱਪ ਉਦਯੋਗ ਦਾ ਪੂਰਾ ਤਾਣਾ-ਬਾਣਾ ਖੜ੍ਹਾ ਕਰਨ ਵੱਲ ਇਹ ਸ਼ਲਾਘਾਯੋਗ ਕਦਮ ਹੈ। ਇਸ ਦੇ ਨਾਲ ਹੀ ਸਰਕਾਰ ਵੱਲੋਂ ਭਾਰਤ ਵਿੱਚ ਡਿਜ਼ਾਈਨ ਕੀਤੀਆਂ ਅਤੇ ਭਾਰਤੀ ਮਾਲਕੀ ਵਾਲੀਆਂ ਚਿੱਪਾਂ ਨੂੰ ਉਤਸ਼ਾਹਿਤ ਕਰਨਾ ਵੀ ਬਹੁਤ ਅਹਿਮ ਹੈ, ਜੋ ਦੇਸ਼ ਨੂੰ ਸਿਰਫ਼ ਦੂਜਿਆਂ ਲਈ ਸਾਮਾਨ ਬਣਾਉਣ ਵਾਲੀ ਥਾਂ ਦੀ ਬਜਾਏ ਖ਼ੁਦ ਆਪਣੇ ਉਤਪਾਦ ਤਿਆਰ ਕਰਨ ਵਾਲਾ ਮੁਲਕ ਬਣਾਉਣ ਵੱਲ ਲੈ ਕੇ ਜਾਵੇਗਾ। ਅਖੀਰ ਵਿੱਚ ਭਾਰਤ ਦੀਆਂ ਸੈਮੀਕੰਡਕਟਰ ਨਾਲ ਜੁੜੀਆਂ ਉਮੀਦਾਂ ਦੀ ਸਫ਼ਲਤਾ ਇਸ ਗੱਲ ਤੋਂ ਨਹੀਂ ਨਾਪੀ ਜਾਵੇਗੀ ਕਿ ਸਰਕਾਰ ਨੇ ਕਿੰਨੀ ਵੱਡੀ ਸਬਸਿਡੀ ਦਿੱਤੀ ਹੈ ਸਗੋਂ ਇਸ ਗੱਲ ਤੋਂ ਨਾਪੀ ਜਾਵੇਗੀ ਕਿ ਉਹ ਸਪਲਾਈ ਚੇਨ ਦੀਆਂ ਰੁਕਾਵਟਾਂ ਨਾਲ ਨਜਿੱਠਣ, ਨਵੀਆਂ ਕਾਢਾਂ ਨੂੰ ਹੱਲਾਸ਼ੇਰੀ ਦੇਣ ਅਤੇ ਦੁਨੀਆ ਭਰ ਵਿੱਚ ਮੁਕਾਬਲਾ ਕਰਨ ਵਾਲੀਆਂ ਤਕਨਾਲੋਜੀ ਕੰਪਨੀਆਂ ਖੜ੍ਹੀਆਂ ਕਰਨ ਵਿੱਚ ਕਿੰਨੀ ਕਾਮਯਾਬ ਹੁੰਦੀ ਹੈ। ਇਸ ਲਈ ਨੀਤੀਆਂ ਵਿੱਚ ਲਗਾਤਾਰਤਾ ਅਤੇ ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਨੇਪਰੇ ਚਾੜ੍ਹਨਾ ਵੀ ਬੇਹੱਦ ਜ਼ਰੂਰੀ ਹੋਵੇਗਾ। ਅਸਲ ਚੁਣੌਤੀ ਤਾਂ ਇਨ੍ਹਾਂ ਵੱਡੇ-ਵੱਡੇ ਐਲਾਨਾਂ ਤੋਂ ਬਾਅਦ ਹੁਣ ਸ਼ੁਰੂ ਹੋਈ ਹੈ।

## ਡਿਪਟੀ ਕਮਿਸ਼ਨਰ ਵੱਲੋਂ ਪਰਾਲੀ ਸਾੜਨ ਦੀ ਰੋਕਥਾਮ ਲਈ ਜ਼ੀਰੋ ਟੋਲਰੈਂਸ ਨੀਤੀ ਦੇ ਨਿਰਦੇਸ਼



**ਮਲੇਰਕੋਟਲਾ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਵਿਰਾਜ ਐਸ. ਤਿੜਕੇ ਨੇ ਮਾਲੇਰਕੋਟਲਾ ਜ਼ਿਲ੍ਹੇ ਵਿੱਚ ਝੋਨੇ ਦੀ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਪੂਰੀ ਤਰ੍ਹਾਂ ਰੋਕਣ ਲਈ ਜ਼ੀਰੋ ਟੋਲਰੈਂਸ ਨੀਤੀ ਤਹਿਤ ਸਮੁੱਚੀ ਪ੍ਰਸ਼ਾਸਨਿਕ ਮਸ਼ੀਨਰੀ ਨੂੰ ਹੁਣ ਤੋਂ ਹੀ ਚੌਕਸ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਦੀ ਰੋਕਥਾਮ ਲਈ ਖੇਤ ਪੱਧਰ 'ਤੇ ਨਿਗਰਾਨੀ, ਪਰਾਲੀ ਪ੍ਰਬੰਧਨ ਮਸ਼ੀਨਰੀ ਦੀ ਉਪਲਬਧਤਾ ਅਤੇ ਕਿਸਾਨਾਂ ਨਾਲ ਲਗਾਤਾਰ ਤਾਲਮੇਲ ਯਕੀਨੀ ਬਣਾਇਆ ਜਾਵੇ।

ਡਿਪਟੀ ਕਮਿਸ਼ਨਰ ਨੇ ਸਮੂਹ ਐਸ.ਡੀ.ਐਮਜ਼, ਮੁੱਖ ਖੇਤੀਬਾੜੀ ਅਫ਼ਸਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਵਾਤਾਵਰਣ ਇੰਜੀਨੀਅਰ ਅਤੇ ਸਹਿਕਾਰਤਾ ਵਿਭਾਗ ਦੇ ਉਪ ਰਜਿਸਟਰਾਰ ਸਮੇਤ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਜ਼ਿਲ੍ਹੇ ਵਿੱਚ ਉਪਲਬਧ ਪਰਾਲੀ ਪ੍ਰਬੰਧਨ ਮਸ਼ੀਨਰੀ ਦੀ ਪਿੰਡ-ਵਾਰ ਮੈਪਿੰਗ ਕਰਵਾਉਣ ਦੇ ਆਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਜਿਨ੍ਹਾਂ ਪਿੰਡਾਂ ਵਿੱਚ ਲੋੜੀਂਦੀ ਮਸ਼ੀਨਰੀ ਉਪਲਬਧ ਨਹੀਂ ਹੈ, ਉੱਥੇ ਤੁਰੰਤ ਮਸ਼ੀਨਰੀ ਪਹੁੰਚਾਈ ਜਾਵੇ ਅਤੇ ਸਹਿਕਾਰੀ ਸਭਾਵਾਂ ਵੱਲੋਂ ਮੰਗੀ ਗਈ ਵਾਧੂ ਮਸ਼ੀਨਰੀ ਦੀ ਉਪਲਬਧਤਾ ਲਈ ਵੀ ਤੁਰੰਤ ਕਾਰਵਾਈ ਕੀਤੀ ਜਾਵੇ।

ਉਨ੍ਹਾਂ ਨਿੱਜੀ ਬੇਲਰ ਮਾਲਕਾਂ ਅਤੇ ਪਰਾਲੀ ਪ੍ਰਬੰਧਨ ਨਾਲ ਜੁੜੇ ਹੋਰ ਸੇਵਾ ਪ੍ਰਦਾਤਾਵਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਜ਼ਿਲ੍ਹੇ ਨਾਲ ਸਬੰਧਤ ਖੇਤਾਂ ਵਿੱਚ ਪਰਾਲੀ ਪ੍ਰਬੰਧਨ ਨੂੰ ਪਹਿਲ ਦੇਣ, ਤਾਂ ਜੋ ਵੱਧ ਤੋਂ ਵੱਧ ਕਿਸਾਨਾਂ ਨੂੰ ਸਮੇਂ ਸਿਰ ਸਹੂਲਤ ਮਿਲ ਸਕੇ ਅਤੇ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਿਆ ਜਾ ਸਕੇ।

ਡਿਪਟੀ ਕਮਿਸ਼ਨਰ ਨੇ ਸਬੰਧਤ ਅਧਿਕਾਰੀਆਂ ਨੂੰ ਮਾਣਯੋਗ ਸੁਪਰੀਮ ਕੋਰਟ ਦੇ ਆਦੇਸ਼ਾਂ ਅਤੇ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ ਦੇ ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ ਅਤੇ ਪਿੰਡ ਤੇ ਕਲਸਟਰ ਪੱਧਰ 'ਤੇ ਨੋਡਲ ਅਫ਼ਸਰਾਂ ਦੀਆਂ ਸੂਚੀਆਂ ਤਿਆਰ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਸਾਨਾਂ, ਕਿਸਾਨ ਜਥੇਬੰਦੀਆਂ, ਕੰਬਾਇਨ ਮੈਨੂਫੈਕਚਰਿੰਗ ਯੂਨਿਟਾਂ, ਬੇਲਰ ਮਾਲਕਾਂ ਅਤੇ ਹੋਰ ਸਬੰਧਤਾਂ ਨਾਲ ਲਗਾਤਾਰ ਮੀਟਿੰਗਾਂ ਕਰਨ ਲਈ ਵੀ ਕਿਹਾ।

ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਪਰਾਲੀ ਸਾੜਨ ਨਾਲ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ ਅਤੇ ਲੋਕਾਂ ਦੀ ਸਿਹਤ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਹੈਪੀ ਸੀਡਰ, ਸੁਪਰ ਸੀਡਰ, ਸਰਫੇਸ ਸੀਡਰ, ਬੇਲਰ ਆਦਿ ਮਸ਼ੀਨਰੀ ਦਾ ਲਾਭ ਲੈਣ।

ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਰਾਲੀ ਸਾੜਨ ਦੀਆਂ ਘਟਨਾਵਾਂ ਵਿਰੁੱਧ ਜ਼ੀਰੋ ਟੋਲਰੈਂਸ ਨੀਤੀ ਅਪਣਾਈ ਜਾਵੇਗੀ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਰਾਜਦੀਪ ਸਿੰਘ ਬਰਾੜ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿੰਪੀ ਗਰਗ, ਐਸ.ਡੀ.ਐਮ ਰਾਕੇਸ਼ ਕੁਮਾਰ ਸ਼ਰਮਾਂ, ਜ਼ਿਲਾ ਮਾਲ ਅਫਸਰ ਰਵਜੋਤ ਤਿਵਾੜੀ, ਬੀ.ਡੀ.ਪੀ.ਓ ਜਸਮਿੰਦਰ ਸਿੰਘ, ਬੀ.ਡੀ.ਪੀ.ਓ ਕਰਨਵੀਰ ਸਿੰਘ, ਬੀ.ਡੀ.ਪੀ.ਓ ਬਬਲਜੀਤ ਕੌਰ, ਮੁੱਖ ਖੇਤੀਬਾੜੀ ਅਫਸਰ ਹਰਬੰਸ ਸਿੰਘ, ਖੇਤੀਬਾੜੀ ਅਫਸਰ ਕੁਲਬੀਰ ਸਿੰਘ, ਡੀ.ਆਰ.ਸੀ.ਐਸ ਵਿਜੇਂਦਰ ਸੰਧੂ, ਸਹਾਇਕ ਇੰਜੀਨੀਅਰ ਸਰਤਾਜ ਸਿੰਘ, ਸਹਾਇਕ ਇੰਜੀਨੀਅਰ ਗੁਰਿੰਦਰ ਸਿੰਘ, ਏ.ਐਫ.ਐਸ.ਓ ਚਰਨਪਾਲ ਸਿੰਘ ਤੋਂ ਇਲਾਵਾ ਵੱਖ- ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਸੇਫ ਸਕੂਲ ਵਾਹਨ ਪਾਲਿਸੀ ਤਹਿਤ ਆਰ.ਟੀ.ਓ. ਪਟਿਆਲਾ ਵੱਲੋਂ ਸਕੂਲੀ ਵਾਹਨਾਂ ਦੀ ਸਖ਼ਤ ਚੈਕਿੰਗ

### ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਪਟਿਆਲਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਸ਼ੇਸ਼ ਐਨਫੋਰਸਮੈਂਟ ਮੁਹਿੰਮ ਚਲਾਈ ਗਈ: ਡੀ.ਐੱਸ.ਪੀ. (ਟਰੈਫਿਕ)

**ਪਟਿਆਲਾ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੇਫ ਸਕੂਲ ਵਾਹਨ ਪਾਲਿਸੀ ਤਹਿਤ ਚੱਲ ਰਹੀ ਵਿਸ਼ੇਸ਼ ਐਨਫੋਰਸਮੈਂਟ ਮੁਹਿੰਮ ਦੇ ਤਹਿਤ ਅੱਜ ਡਾ. ਪੂਨਮ ਪ੍ਰੀਤ ਕੌਰ, ਰੀਜਨਲ ਟਰਾਂਸਪੋਰਟ ਅਫ਼ਸਰ (ਆਰ.ਟੀ.ਓ.), ਪਟਿਆਲਾ ਵੱਲੋਂ ਸ਼੍ਰੀ ਪੁਨੀਤ ਸਿੰਘ ਚਾਹਲ, ਡੀ.ਐੱਸ.ਪੀ. (ਟਰੈਫਿਕ), ਸ਼੍ਰੀ ਮਨਜੋਤ ਸਿੰਘ, ਸਹਾਇਕ ਟਰਾਂਸਪੋਰਟ ਅਫ਼ਸਰ (ਏ.ਟੀ.ਓ.) ਪਟਿਆਲਾ, ਸ਼੍ਰੀਮਤੀ ਰੂਪਵੰਤ ਕੌਰ, ਚਾਈਲਡ ਪ੍ਰੋਟੈਕਸ਼ਨ ਅਫ਼ਸਰ (ਸੀ.ਪੀ.ਓ.) ਅਤੇ ਡਾ. ਰਵਿੰਦਰ ਪਾਲ ਸਿੰਘ, ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ (ਡਿਪਟੀ ਡੀ.ਈ.ਓ.) ਦੇ ਨਾਲ ਮਿਲ ਕੇ ਸਕੂਲੀ ਵਾਹਨਾਂ ਦੀ ਸਾਂਝੀ ਚੈਕਿੰਗ ਕੀਤੀ ਗਈ।

ਇਸ ਐਨਫੋਰਸਮੈਂਟ ਮੁਹਿੰਮ ਦੌਰਾਨ ਸਕੂਲੀ ਬੱਸਾਂ, ਵੈਨਾਂ, ਆਟੋ ਰਿਕਸ਼ਿਆਂ ਅਤੇ ਈ-ਰਿਕਸ਼ਿਆਂ ਦੀ ਜਾਂਚ ਕੀਤੀ ਗਈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਸੇਫ ਸਕੂਲ ਵਾਹਨ ਪਾਲਿਸੀ ਅਤੇ ਮੋਟਰ ਵਾਹਨ ਐਕਟ ਦੇ ਨਿਯਮਾਂ ਦੀ ਪਾਲਣਾ ਕਰ ਰਹੇ ਹਨ। ਸੁਰੱਖਿਆ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨਾਂ ਦੇ ਮੌਕੇ 'ਤੇ ਹੀ ਚਲਾਨ ਕੀਤੇ ਗਏ ਅਤੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਸਕੂਲੀ ਵਾਹਨਾਂ ਦੇ ਕੁੱਲ 15 ਚਲਾਨ ਕੀਤੇ ਗਏ, ਜਿਨ੍ਹਾਂ ਦੀ ਕੁੱਲ ਜੁਰਮਾਨਾ ਰਕਮ ?2,14,500/- ਬਣਦੀ ਹੈ। ਐਨਫੋਰਸਮੈਂਟ ਮੁਹਿੰਮ ਦੌਰਾਨ ਇੱਕ ਟਿੱਪਰ ਸਮੇਤ ਕੁੱਲ 8 ਹੋਰ ਵਾਹਨਾਂ ਦੇ ਵੀ ਚਲਾਨ ਕੀਤੇ ਗਏ, ਜਿਨ੍ਹਾਂ ਦੀ ਕੁੱਲ ਜੁਰਮਾਨਾ ਰਕਮ ?1,46,000/- ਬਣਦੀ ਹੈ।



ਡਾ. ਪੂਨਮ ਪ੍ਰੀਤ ਕੌਰ ਨੇ ਦੱਸਿਆ ਕਿ ਐਨਫੋਰਸਮੈਂਟ ਟੀਮਾਂ ਵੱਲੋਂ ਚੈਕਿੰਗ ਦੀ ਪ੍ਰਕਿਰਿਆ ਨੂੰ ਬਹੁਤ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਗਿਆ। ਈ-ਚਲਾਨ ਤੁਰੰਤ ਜਾਰੀ ਕੀਤੇ ਗਏ ਅਤੇ ਸਕੂਲੀ ਵਾਹਨਾਂ ਨੂੰ ਬੇਲੋੜੇ ਸਮੇਂ ਲਈ ਨਹੀਂ ਰੋਕਿਆ ਗਿਆ, ਜਿਸ ਨਾਲ ਵਿਦਿਆਰਥੀਆਂ ਨੂੰ ਕਿਸੇ ਕਿਸਮ ਦੀ ਅਸੁਵਿਧਾ ਨਹੀਂ ਹੋਈ ਅਤੇ ਆਵਾਜਾਈ ਵੀ ਸੁਚਾਰੂ ਢੰਗ ਨਾਲ ਚੱਲਦੀ ਰਹੀ।

ਮੁਹਿੰਮ ਦੌਰਾਨ ਇੱਕ ਸਕੂਲ ਬੱਸ ਅਤੇ ਇੱਕ ਈ-ਰਿਕਸ਼ਾ, ਜੋ ਸਕੂਲੀ ਬੱਚਿਆਂ ਨੂੰ ਸੁਰੱਖਿਆ ਨਿਯਮਾਂ ਦੀ ਉਲੰਘਣਾ ਕਰਦਿਆਂ ਲਿਜਾ ਰਹੇ ਸਨ, ਦਾ ਚਲਾਨ ਕੀਤਾ ਗਿਆ ਅਤੇ ਉਨ੍ਹਾਂ ਨੂੰ ਇੰਪਾਊਂਡ ਵੀ ਕੀਤਾ ਗਿਆ। ਬੱਚਿਆਂ ਦੀ ਸੁਰੱਖਿਆ ਨੂੰ ਸਭ ਤੋਂ ਵੱਧ ਤਰਜੀਹ ਦਿੰਦਿਆਂ, ਚਾਈਲਡ ਪ੍ਰੋਟੈਕਸ਼ਨ ਅਫ਼ਸਰ ਸ਼੍ਰੀਮਤੀ ਰੂਪਵੰਤ ਕੌਰ ਵੱਲੋਂ ਬੱਚਿਆਂ ਨੂੰ ਖੁਦ ਸੁਰੱਖਿਅਤ ਢੰਗ ਨਾਲ ਉਨ੍ਹਾਂ ਦੇ ਮੰਜ਼ਿਲ ਸਥਾਨ ਤੱਕ ਪਹੁੰਚਾਇਆ ਗਿਆ।

ਚੈਕਿੰਗ ਦੌਰਾਨ ਟੀਮ ਵੱਲੋਂ ਮੌਕੇ 'ਤੇ ਮੌਜੂਦ ਮਾਪਿਆਂ ਅਤੇ ਸਰਪ੍ਰਸਤਾਂ ਨਾਲ ਵੀ ਗੱਲਬਾਤ ਕੀਤੀ ਗਈ ਅਤੇ ਉਨ੍ਹਾਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਬੱਚਿਆਂ ਨੂੰ ਕੇਵਲ ਅਧਿਕਾਰਤ, ਸੁਰੱਖਿਅਤ ਅਤੇ ਨਿਯਮਾਂ ਅਨੁਸਾਰ ਚੱਲਣ ਵਾਲੇ ਸਕੂਲੀ ਵਾਹਨਾਂ ਵਿੱਚ ਹੀ ਭੇਜਣ। ਉਨ੍ਹਾਂ ਨੂੰ ਇਹ ਵੀ ਜਾਗਰੂਕ ਕੀਤਾ ਗਿਆ ਕਿ ਗੈਰ-ਅਧਿਕਾਰਤ ਜਾਂ ਅਸੁਰੱਖਿਅਤ ਵਾਹਨਾਂ ਵਿੱਚ ਬੱਚਿਆਂ ਨੂੰ ਭੇਜਣਾ ਉਨ੍ਹਾਂ ਦੀ ਜਾਨ ਲਈ ਗੰਭੀਰ ਖ਼ਤਰਾ ਬਣ ਸਕਦਾ ਹੈ।

ਅਧਿਕਾਰੀਆਂ ਨੇ ਦੁਹਰਾਇਆ ਕਿ ਸੇਫ ਸਕੂਲ ਵਾਹਨ ਪਾਲਿਸੀ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ ਅਤੇ ਸਕੂਲੀ ਬੱਚਿਆਂ ਲਈ ਸੁਰੱਖਿਅਤ ਆਵਾਜਾਈ ਦਾ ਮਾਹੌਲ ਮੁਹੱਈਆ ਕਰਵਾਉਣ ਲਈ ਅਜਿਹੀਆਂ ਚੈਕਿੰਗ ਮੁਹਿੰਮਾਂ ਜ਼ਿਲ੍ਹੇ ਭਰ ਵਿੱਚ ਨਿਯਮਿਤ ਤੌਰ 'ਤੇ ਜਾਰੀ ਰਹਿਣਗੀਆਂ। ਉਨ੍ਹਾਂ ਨੇ ਸਮੂਹ ਨਾਗਰਿਕਾਂ, ਸਕੂਲ ਪ੍ਰਬੰਧਕਾਂ ਅਤੇ ਵਾਹਨ ਚਾਲਕਾਂ ਨੂੰ ਬੱਚਿਆਂ ਦੀ ਸੜਕ ਸੁਰੱਖਿਆ ਦੇ ਮੱਦੇਨਜ਼ਰ ਪ੍ਰਸ਼ਾਸਨ ਅਤੇ ਐਨਫੋਰਸਮੈਂਟ ਏਜੰਸੀਆਂ ਦਾ ਪੂਰਾ ਸਹਿਯੋਗ ਦੇਣ ਦੀ ਅਪੀਲ ਕੀਤੀ।

## ਨੌਜਵਾਨਾਂ ਲਈ ਨਹੀਂ ਪੈਦਾ ਕੀਤੇ ਰੁਜ਼ਗਾਰ ਦੇ ਸਾਧਨ

**ਸੁਨਾਮ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਦੀ ਸੀਨੀਅਰ ਆਗੂ ਅਤੇ ਜ਼ਿਲ੍ਹਾ ਸੰਗਰੂਰ -2 ਦੀ ਪ੍ਰਧਾਨ ਦਾਮਨ ਬਾਜਵਾ ਨੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਘੇਰਦਿਆਂ ਆਖਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਸੁਨਾਮ ਇਲਾਕੇ ਨੂੰ ਮਿਲੇ ਵੱਡੇ ਰਾਜਸੀ ਪ੍ਰਭਾਵ ਦੇ ਚਲਦਿਆਂ ਇਲਾਕੇ ਵਿੱਚ ਕੋਈ ਵੱਡਾ ਉਦਯੋਗ ਸਥਾਪਤ ਨਹੀਂ ਕੀਤਾ। ਉਨ੍ਹਾਂ ਆਖਿਆ ਕਿ ਨੌਜਵਾਨਾਂ ਲਈ ਰੁਜ਼ਗਾਰ ਦੇ ਸਾਧਨ ਪੈਦਾ ਕਰਨ ਲਈ ਕੋਈ ਯਤਨ ਨਹੀਂ ਕੀਤੇ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦਾ ਸੁਨਾਮ ਇਲਾਕੇ ਨਾਲ ਗੂੜ੍ਹਾ ਰਿਸ਼ਤਾ ਹੈ ਜਿਸ ਦਾ ਉਹ ਖੁਦ ਆਪ ਵੀ ਜ਼ਿਕਰ ਕਰਦੇ ਹਨ। ਬੁੱਧਵਾਰ ਨੂੰ ਸੁਨਾਮ ਵਿਖੇ ਆਪਣੀ ਰਿਹਾਇਸ਼ ਬਾਜਵਾ ਫ਼ਾਰਮ ਤੇ ਸੱਦੀ ਪ੍ਰੈਸ ਕਾਨਫਰੰਸ ਦੌਰਾਨ ਭਾਜਪਾ ਆਗੂ ਦਾਮਨ ਬਾਜਵਾ ਨੇ ਆਮ ਆਦਮੀ ਪਾਰਟੀ ਦੀ ਸਥਾਨਕ ਲੀਡਰਸ਼ਿਪ ਅਤੇ ਮੁੱਖ ਮੰਤਰੀ ਤੇ ਸਿਆਸੀ ਸ਼ਬਦੀ ਵਾਰ ਕਰਦਿਆਂ ਆਖਿਆ ਕਿ ਅਮਨ ਅਰੋੜਾ ਸੂਬਾ ਸਰਕਾਰ ਵਿੱਚ ਕੈਬਨਿਟ ਮੰਤਰੀ ਅਤੇ 'ਆਪ' ਦੇ ਸੂਬਾ ਪ੍ਰਧਾਨ ਹਨ ਦੀ ਭੂਮਿਕਾ 'ਤੇ ਸਿੱਧੇ ਤੌਰ 'ਤੇ ਸਵਾਲ ਖੜ੍ਹੇ ਕਰਦਿਆਂ ਦੋਸ਼ ਲਗਾਇਆ ਕਿ ਪਾਰਟੀ ਚ, ਵੱਡੇ ਰਾਜਨੀਤਿਕ ਪ੍ਰਭਾਵ ਦੇ ਬਾਵਜੂਦ, ਸੁਨਾਮ ਅਤੇ ਸੰਗਰੂਰ ਖੇਤਰ ਉਦਯੋਗ ਦੇ ਮਾਮਲੇ ਵਿੱਚ ਅਣਗੌਲਿਆ ਰਿਹਾ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀਆਂ ਅਤੇ ਪ੍ਰਮੁੱਖ ਆਗੂਆਂ ਦੀਆਂ ਉਦਾਹਰਨਾਂ ਦਿੰਦੇ ਹੋਏ, ਦਾਮਨ ਬਾਜਵਾ ਨੇ ਦੱਸਿਆ ਕਿ ਜਦੋਂ ਵੀ ਕਿਸੇ ਖੇਤਰ ਵਿੱਚੋਂ ਵੱਡੇ ਨੇਤਾ ਉੱਭਰੇ, ਉਨ੍ਹਾਂ ਨੇ ਆਪਣੇ ਖੇਤਰ ਦਾ ਮੁਹਾਂਦਰਾ ਬਦਲ ਦਿੱਤਾ ਹੈ।



ਬਠਿੰਡਾ ਅਤੇ ਲੰਬੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਆਪਣੇ ਕਾਰਜਕਾਲ ਦੌਰਾਨ, ਪ੍ਰਕਾਸ਼ ਸਿੰਘ ਬਾਦਲ ਨੇ ਰਿਫਾਇਨਰੀ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਐਡਵਾਂਸਡ ਕੈਂਸਰ ਇੰਸਟੀਚਿਊਟ ਅਤੇ ਕੇਂਦਰੀ ਯੂਨੀਵਰਸਿਟੀ ਵਰਗੀਆਂ ਵੱਡੀਆਂ ਸੰਸਥਾਵਾਂ ਪ੍ਰਦਾਨ ਕੀਤੀਆਂ। ਕੈਪਟਨ ਅਮਰਿੰਦਰ ਸਿੰਘ ਨੇ ਸਮਾਰਟ ਸਿਟੀ ਪ੍ਰੋਜੈਕਟਾਂ, ਰਾਜਿੰਦਰਾ ਹਸਪਤਾਲ ਦੇ ਨਵੀਨੀਕਰਨ ਅਤੇ ਖੇਡ ਯੂਨੀਵਰਸਿਟੀ ਦੀ ਸਥਾਪਨਾ ਰਾਹੀਂ ਪਟਿਆਲਾ ਨੂੰ ਬਦਲ ਦਿੱਤਾ। ਸਾਬਕਾ ਸੰਸਦ ਮੈਂਬਰ ਵਿਜੇ ਇੰਦਰ ਸਿੰਗਲਾ ਨੇ ਪੀਜੀਆਈ ਸੈਟੇਲਾਈਟ ਸੈਂਟਰ ਅਤੇ ਕੈਂਸਰ ਇੰਸਟੀਚਿਊਟ ਲਿਆ ਕੇ ਇਸ ਖੇਤਰ ਨੂੰ ਇੱਕ ਨਵੀਂ ਪਛਾਣ ਦਿੱਤੀ। ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ (ਗੋਰਖਪੁਰ) ਅਤੇ ਓਡੀਸ਼ਾ ਦੇ ਸਾਬਕਾ ਮੁੱਖ ਮੰਤਰੀ ਨਵੀਨ ਪਟਨਾਇਕ (ਭੁਵਨੇਸ਼ਵਰ) ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੇ ਆਪਣੇ ਗ੍ਰਹਿ ਖੇਤਰਾਂ ਦੀ ਦਿੱਖ ਅਤੇ ਕਿਸਮਤ ਦੋਵਾਂ ਨੂੰ ਬਦਲ ਦਿੱਤਾ।

ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਤਿੱਖਾ ਸ਼ਬਦੀ ਵਾਰ ਕਰਦਿਆਂ, ਭਾਜਪਾ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਸੁਨਾਮ-ਸੰਗਰੂਰ ਖੇਤਰ ਨੇ ਪੰਜਾਬ ਦੇ ਇਤਿਹਾਸ ਵਿੱਚ ਪਹਿਲਾਂ ਕਦੇ ਵੀ ਇੰਨੀ ਵੱਡੀ ਰਾਜਨੀਤਿਕ ਸ਼ਕਤੀ ਨਹੀਂ ਦਿੱਤੀ। ਉਨ੍ਹਾਂ ਆਖਿਆ ਮੁੱਖ ਮੰਤਰੀ ਦਾ ਆਪਣਾ ਇਲਾਕਾ ਸੁਨਾਮ , ਆਪ ਦੇ ਸੂਬਾ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਸੁਨਾਮ ਤੋਂ ਹਨ, ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੀ ਸਾਡੇ ਗੁਆਂਢੀ ਹਲਕਾ ਦਿੜ੍ਹਬਾ ਤੋਂ ਹਨ। ਇੰਨੀ ਸ਼ਕਤੀ ਹੋਣ ਦੇ ਬਾਵਜੂਦ, ਸੁਨਾਮ-ਸੰਗਰੂਰ ਨੂੰ ਅਸਲ ਵਿੱਚ ਕੁੱਝ ਨਹੀਂ ਮਿਲਿਆ ਹੈ ?

ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਨੇ ਦੋਸ਼ ਲਗਾਇਆ ਕਿ ਅਮਨ ਅਰੋੜਾ ਦੇ ਪੜ੍ਹੇ-ਲਿਖੇ ਅਤੇ ਸਮਝਦਾਰ ਅਕਸ ਨੂੰ ਦੇਖਦੇ ਹੋਏ, ਸਥਾਨਕ ਨਿਵਾਸੀਆਂ ਨੂੰ ਬਹੁਤ ਉਮੀਦਾਂ ਸਨ ਕਿ ਉਹ ਇਲਾਕੇ ਵਿੱਚ ਵੱਡੇ ਪ੍ਰੋਜੈਕਟ ਲਿਆਉਣ ਲਈ ਲੜਨਗੇ, ਹਾਲਾਂਕਿ, ਇਹ ਸੁਨਹਿਰੀ ਮੌਕਾ ਗੁਆ ਦਿੱਤਾ ਗਿਆ।

ਮੀਡੀਆ ਰਾਹੀਂ ਬੋਲਦਿਆਂ, ਉਨ੍ਹਾਂ ਸਰਕਾਰ ਨੂੰ ਸਵਾਲ ਕੀਤਾ ਕਿ ਸੁਨਾਮ-ਸੰਗਰੂਰ ਵਿੱਚ ਕੋਈ ਵੱਡਾ ਉਦਯੋਗਿਕ ਹੱਬ ਜਾਂ ਮਹੱਤਵਪੂਰਨ ਨਿਵੇਸ਼ ਕਿਉਂ ਨਹੀਂ ਆਇਆ? ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਕਿਉਂ ਨਹੀਂ ਬਣਾਏ ਗਏ ?

ਸਾਡੇ ਖੇਤਰ ਨੂੰ ਮੈਡੀਕਲ ਕਾਲਜ ਅਤੇ ਯੂਨੀਵਰਸਿਟੀ ਕਿੱਥੇ ਅਲਾਟ ਕੀਤੀ ਗਈ ਹੈ ? ਭਾਜਪਾ ਨੇਤਾ ਨੇ ਸਪੱਸ਼ਟ ਕੀਤਾ ਕਿ ਉਹ ਇਹ ਮੁੱਦਾ ਕਿਸੇ ਖਾਸ ਪਾਰਟੀ ਨੂੰ ਨਿਸ਼ਾਨਾ ਬਣਾਉਣ ਲਈ ਨਹੀਂ, ਸਗੋਂ ਖੇਤਰ ਦੇ ਪ੍ਰਗਤੀਸ਼ੀਲ ਦ੍ਰਿਸ਼ਟੀਕੋਣ ਅਤੇ ਇਸਦੇ ਨੌਜਵਾਨਾਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖ ਕੇ ਉਠਾ ਰਹੀ ਹੈ।

## ਨਵੇਂ ਰਾਸ਼ਨ ਕਾਰਡ ਬਣਾਉਣ ਅਤੇ ਮੌਜੂਦਾ ਰਾਸ਼ਨ ਕਾਰਡਾਂ ਵਿੱਚ ਮੈਂਬਰ ਸ਼ਾਮਲ ਕਰਨ ਲਈ ਅਰਜ਼ੀਆਂ 11 ਅਗਸਤ ਤੱਕ ਸਵੀਕਾਰ ਕੀਤੀਆਂ ਜਾਣਗੀਆਂ: ਮੁਨੀਸ ਪਜਨੀ

**ਮਲੇਰਕੋਟਲਾ, 26 ਜੁਲਾਈ**
**-ਰਾਜੇਸ਼ ਸ਼ਰਮਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਪੰਜਾਬ ਦੀ ਘੋਸ਼ਣਾ ਅਤੇ ਰਾਜ ਸਰਕਾਰ ਦੇ ਫੈਸਲੇ ਅਨੁਸਾਰ ਨੈਸ਼ਨਲ ਫੂਡ ਸਿਕਿਉਰਿਟੀ ਐਕਟ, 2013 ਅਤੇ ਸਮਾਰਟ ਰਾਸ਼ਨ ਕਾਰਡ ਸਕੀਮ ਅਧੀਨ ਨਵੇਂ ਰਾਸ਼ਨ ਕਾਰਡ ਬਣਾਉਣ ਅਤੇ ਮੌਜੂਦਾ ਰਾਸ਼ਨ ਕਾਰਡਾਂ ਵਿੱਚ ਯੋਗ ਮੈਂਬਰਾਂ ਨੂੰ ਸ਼ਾਮਲ ਕਰਨ ਲਈ ਆਨਲਾਈਨ ਅਰਜ਼ੀਆਂ 26 ਜੁਲਾਈ 2026 ਤੋਂ 11 ਅਗਸਤ 2026 ਤੱਕ ਸਵੀਕਾਰ ਕੀਤੀਆਂ ਜਾਣਗੀਆਂ। ਜ਼ਿਲ੍ਹਾ ਕੰਟਰੋਲਰ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਸ੍ਰੀ ਮੁਨੀਸ ਪਜਨੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪਹਿਲਕਦਮੀ ਦਾ ਉਦੇਸ਼ ਯੋਗ ਪਰਿਵਾਰਾਂ ਅਤੇ ਲਾਭਪਾਤਰੀਆਂ ਨੂੰ ਪਾਰਦਰਸ਼ੀ, ਨਿਰਪੱਖ ਅਤੇ ਤਕਨਾਲੋਜੀ ਆਧਾਰਿਤ ਪ੍ਰਕਿਰਿਆ ਰਾਹੀਂ ਸਰਕਾਰੀ ਯੋਜਨਾ ਦਾ ਲਾਭ ਮੁਹੱਈਆ ਕਰਵਾਉਣਾ ਹੈ।

ਉਨ੍ਹਾਂ ਦੱਸਿਆ ਕਿ ਨਵਾਂ ਰਾਸ਼ਨ ਕਾਰਡ ਬਣਵਾਉਣ ਜਾਂ ਮੌਜੂਦਾ ਰਾਸ਼ਨ ਕਾਰਡ ਵਿੱਚ ਯੋਗ ਮੈਂਬਰ ਸ਼ਾਮਲ ਕਰਨ ਲਈ ਅਰਜ਼ੀ ਫਾਰਮ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ ਦੀ ਵੈੱਬਸਾਈਟ ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ। ਬਿਨੈਕਾਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਫਾਰਮ ਭਰਨ ਤੋਂ ਪਹਿਲਾਂ ਸਾਰੀਆਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹਿਆ ਜਾਵੇ ਅਤੇ ਲੋੜੀਂਦੇ ਦਸਤਾਵੇਜ਼ਾਂ ਸਮੇਤ ਹੀ ਅਰਜ਼ੀ ਜਮ੍ਹਾਂ ਕਰਵਾਈ ਜਾਵੇ।

ਉਨ੍ਹਾਂ ਦੱਸਿਆ ਕਿ ਬਿਨੈਕਾਰ ਆਪਣੀ ਅਰਜ਼ੀ ਨਜ਼ਦੀਕੀ ਸੇਵਾ ਕੇਂਦਰ ਜਾਂ ਕਾਮਨ ਸਰਵਿਸ ਸੈਂਟਰ (CSC) ਰਾਹੀਂ ਆਨਲਾਈਨ ਜਮ੍ਹਾਂ ਕਰਵਾ ਸਕਦੇ ਹਨ। ਇਸ ਸਥਿਤੀ ਵਿੱਚ 100 ਰੁਪਏ ਪ੍ਰਤੀ ਫਾਰਮ ਪ੍ਰੋਸੈਸਿੰਗ ਫੀਸ ਅਦਾ ਕਰਨੀ ਹੋਵੇਗੀ। ਇਸ ਤੋਂ ਇਲਾਵਾ ਬਿਨੈਕਾਰ ਆਪਣੀ ਅਰਜ਼ੀ ਖੁਦ ਆਨਲਾਈਨ ਪੋਰਟਲ https://ercms. punjab. gov.in ਰਾਹੀਂ ਵੀ ਜਮ੍ਹਾਂ ਕਰਵਾ ਸਕਦੇ ਹਨ, ਜਿਸ ਲਈ ਕੋਈ ਫੀਸ ਨਹੀਂ ਲਈ ਜਾਵੇਗੀ।

ਉਨ੍ਹਾਂ ਹੋਰ ਦੱਸਿਆ ਕਿ ਬਿਨੈਕਾਰ ਆਪਣੇ ਦਸਤਾਵੇਜ਼ਾਂ ਸਮੇਤ ਭਰਿਆ ਹੋਇਆ ਫਾਰਮ ਅਤੇ 100 ਰੁਪਏ ਪ੍ਰਤੀ ਫਾਰਮ ਫੀਸ ਸਬੰਧਤ ਜ਼ਿਲ੍ਹਾ ਕੰਟਰੋਲਰ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਦੇ ਦਫ਼ਤਰ ਵਿਖੇ ਵੀ ਜਮ੍ਹਾਂ ਕਰਵਾ ਸਕਦੇ ਹਨ। ਅਰਜ਼ੀ ਸਫਲਤਾਪੂਰਵਕ ਜਮ੍ਹਾਂ ਹੋਣ ਤੋਂ ਬਾਅਦ ਬਿਨੈਕਾਰ ਨੂੰ ਉਸਦੇ ਰਜਿਸਟਰਡ ਮੋਬਾਈਲ ਨੰਬਰ 'ਤੇ ਰਸੀਦ ਨੰਬਰ ਸਮੇਤ ਪੁਸ਼ਟੀ ਸੰਦੇਸ਼ ਪ੍ਰਾਪਤ ਹੋਵੇਗਾ। ਅਰਜ਼ੀਆਂ ਕਿਸੇ ਵੀ ਕੰਮਕਾਜੀ ਦਿਨ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਸੇਵਾ ਕੇਂਦਰ/ਸੀ.ਐੱਸ.ਸੀ. ਜਾਂ ਜ਼ਿਲ੍ਹਾ ਦਫ਼ਤਰ ਵਿਖੇ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ।

ਜ਼ਿਲ੍ਹਾ ਕੰਟਰੋਲਰ ਮੁਨੀਸ ਪਜਨੀ ਨੇ ਯੋਗ ਪਰਿਵਾਰਾਂ ਨੂੰ ਅਪੀਲ ਕੀਤੀ ਕਿ ਉਹ ਨਿਰਧਾਰਿਤ ਸਮੇਂ ਅੰਦਰ ਆਪਣੀਆਂ ਅਰਜ਼ੀਆਂ ਜਮ੍ਹਾਂ ਕਰਵਾ ਕੇ ਇਸ ਯੋਜਨਾ ਦਾ ਲਾਭ ਪ੍ਰਾਪਤ ਕਰਨ। ਵਧੇਰੇ ਜਾਣਕਾਰੀ ਲਈ ਬਿਨੈਕਾਰ ਆਪਣੇ ਜ਼ਿਲ੍ਹਾ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਦਫ਼ਤਰ ਜਾਂ ਨਜ਼ਦੀਕੀ ਸੇਵਾ ਕੇਂਦਰ/ ਕਾਮਨ ਸਰਵਿਸ ਸੈਂਟਰ ਨਾਲ ਸੰਪਰਕ ਕਰ ਸਕਦੇ ਹਨ।

## ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪੀਐੱਮ ਵਿਸ਼ਵਕਰਮਾ ਲਾਭਾਰਥੀਆਂ ਲਈ ਓਏਓਪੀ /ਏਵੀਐੱਸਏਆਰ ਸਟਾਲ ਦਾ ਉਦਘਾਟਨ



**ਚੰਡੀਗੜ੍ਹ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂ.ਟੀ. ਚੰਡੀਗੜ੍ਹ ਦੇ ਪ੍ਰਧਾਨ ਮੰਤਰੀ ਵਿਸ਼ਵਕਰਮਾ ਲਾਭਾਰਥੀਆਂ ਲਈ ਇੱਕ ਹਵਾਈ ਅੱਡਾ ਇੱਕ ਉਤਪਾਦ (ਵੰਨ ਏਅਰਪੋਰਟ ਵੰਨ ਪ੍ਰੋਡਕਟ/ਓਏਓਪੀ)/ ਏਵੀਐੱਸਏਆਰ ਯੋਜਨਾ ਦੇ ਤਹਿਤ ਇੱਕ ਸਟਾਲ ਦਾ ਅੱਜ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ, ਚੰਡੀਗੜ੍ਹ ਵਿਖੇ ਨਾਬਾਰਡ ਦੁਆਰਾ ਸਮਰਥਿਤ ਇੱਕ ਸਵੈ-ਸਹਾਇਤਾ ਸਮੂਹ (ਐੱਸਐੱਚਜੀ) ਦੇ ਸਹਿਯੋਗ ਨਾਲ ਉਦਘਾਟਨ ਕੀਤਾ ਗਿਆ।

ਇਸ ਸਟਾਲ ਦਾ ਉਦਘਾਟਨ ਐੱਮਐੱਸਐੱਮਈ-ਵਿਕਾਸ ਅਤੇ ਸੁਵਿਧਾ ਦਫ਼ਤਰ, ਲੁਧਿਆਣਾ ਦੇ ਜੁਆਇੰਟ ਡਾਇਰੈਕਟਰ ਸ਼੍ਰੀ ਪੰਕਜ ਕੁਮਾਰ ਝਾਅ ਅਤੇ ਉਦਯੋਗ ਵਿਭਾਗ, ਯੂ.ਟੀ. ਚੰਡੀਗੜ੍ਹ ਦੇ ਦਫ਼ਤਰ ਸੁਪਰਡੈਂਟ, ਸ਼੍ਰੀ ਵਿਸ਼ਾਲ ਸੱਭਰਵਾਲ, ਨੇ ਉਦਯੋਗ ਵਿਭਾਗ ਯੂ.ਟੀ. ਚੰਡੀਗੜ੍ਹ ਅਤੇ ਐੱਮਐੱਸਐੱਮਈ-ਵਿਕਾਸ ਅਤੇ ਸੁਵਿਧਾ ਦਫ਼ਤਰ, ਲੁਧਿਆਣਾ ਦੇ ਅਧਿਕਾਰੀਆਂ ਦੀ ਉਪਸਥਿਤੀ ਵਿੱਚ ਕੀਤਾ।

ਇਸ ਪਹਿਲ ਦਾ ਉਦੇਸ਼ ਪ੍ਰਧਾਨ ਮੰਤਰੀ ਵਿਸ਼ਵਕਰਮਾ ਦੇ ਲਾਭਾਰਥੀਆਂ ਨੂੰ ਆਪਣੇ ਉਤਪਾਦਾਂ ਦੇ ਪ੍ਰਦਰਸ਼ਨ ਅਤੇ ਮਾਰਕਿਟਿੰਗ ਲਈ ਇੱਕ ਸਮਰਪਿਤ ਮੰਚ ਉਪਲਬਧ ਕਰਵਾਉਣਾ ਹੈ, ਜਿਸ ਨਾਲ ਰਵਾਇਤੀ ਕਾਰੀਗਰਾਂ ਨੂੰ ਵਿਆਪਕ ਬਜ਼ਾਰ ਤੱਕ ਪਹੁੰਚ ਮਿਲੇਗੀ ਅਤੇ ਚੰਡੀਗੜ੍ਹ ਦੀ ਸਮ੍ਰਿੱਧ ਸਥਾਨਕ ਹਸਤਸ਼ਿਲਪ ਪਰੰਪਰਾ ਨੂੰ ਹੁਲਾਰਾ ਮਿਲੇਗਾ। ਇਹ ਸਟਾਲ ਬਜ਼ਾਰ ਤੱਕ ਪਹੁੰਚ ਨੂੰ ਬਿਹਤਰ ਬਣਾਉਣ, ਰਵਾਇਤੀ ਕਾਰੀਗਰਾਂ ਲਈ ਟਿਕਾਊ ਆਜੀਵਿਕਾ ਦੇ ਅਵਸਰ ਸਿਰਜਣ ਅਤੇ ਸਵਦੇਸ਼ੀ ਉਤਪਾਦਾਂ ਦੀ ਪਹਿਚਾਣ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਵੇਗਾ।

ਖੇਤਰ ਦੇ ਸਭ ਤੋਂ ਵਿਅਸਤ ਹਵਾਈ ਅੱਡਿਆਂ ਵਿੱਚੋਂ ਇੱਕ 'ਤੇ ਸਥਾਪਿਤ ਇਹ ਇੱਕ ਹਵਾਈ ਅੱਡਾ ਇੱਕ ਉਤਪਾਦ (ਵੰਨ ਏਅਰਪੋਰਟ ਵੰਨ ਪ੍ਰੋਡਕਟ/ ਓਏਓਪੀ)/ਏਵੀਐੱਸਏਆਰ ਸਟਾਲ ਯਾਤਰੀਆਂ ਅਤੇ ਸੈਲਾਨੀਆਂ ਨੂੰ ਸਥਾਨਕ ਪੱਧਰ 'ਤੇ ਨਿਰਮਿਤ ਉਤਪਾਦਾਂ ਨੂੰ ਦੇਖਣ ਅਤੇ ਖਰੀਦਣ ਦਾ ਅਵਸਰ ਪ੍ਰਦਾਨ ਕਰੇਗਾ।

ਇਸ ਨਾਲ ਕਾਰੀਗਰਾਂ ਲਈ ਬਜ਼ਾਰ ਸੰਪਰਕ ਮਜ਼ਬੂਤ ਹੋਣਗੇ, ਸੂਖਮ-ਉੱਦਮਾਂ ਨੂੰ ਹੁਲਾਰਾ ਮਿਲੇਗਾ ਅਤੇ 'ਵੋਕਲ ਫੌਰ ਲੋਕਲ' ਦੇ ਵਿਜ਼ਨ ਨੂੰ ਅੱਗੇ ਵਧਾਉਣ ਵਿੱਚ ਸਹਾਇਤਾ ਮਿਲੇਗੀ।

## ਚੇਅਰਮੈਨ ਮਾਨਿਕ ਮਹਿਤਾ ਨੇ ਮੇਰੀ ਰਸੋਈ ਯੋਜਨਾ ਤਹਿਤ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ



**ਬਟਾਲਾ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਰਕਿਟ ਕਮੇਟੀ ਬਟਾਲਾ ਦੇ ਚੇਅਰਮੈਨ ਮਾਨਿਕ ਮਹਿਤਾ ਵਲੋਂ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੁਆਰਾ ਸ਼ੁਰੂ ਕੀਤੀ ਗਈ ਮੇਰੀ ਰਸੋਈ ਯੋਜਨਾ ਤਹਿਤ ਨਹਿਰੂ ਗੇਟ ਵਿਖੇ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਗਈਆਂ।

ਇਸ ਮੌਕੇ ਗੱਲਬਾਤ ਕਰਦਿਆਂ ਚੇਅਰਮੈਨ ਮਾਨਿਕ ਮਹਿਤਾ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮਕਸਦ ਹੈ ਕਿ ਹਰ ਘਰ ਤੱਕ ਸਰਕਾਰੀ ਯੋਜਨਾਵਾਂ ਦਾ ਲਾਭ ਪਹੁੰਚੇ ਅਤੇ ਹਰ ਪਰਿਵਾਰ ਨੂੰ ਬਣਦਾ ਹੱਕ ਮਿਲੇ। ਲੋਕ ਸੇਵਾ ਅਤੇ ਸਮਾਜ ਭਲਾਈ ਲਈ ਅਜਿਹੇ ਉਪਰਾਲੇ ਅੱਗੇ ਵੀ ਨਿਰੰਤਰ ਜਾਰੀ ਰਹਿਣਗੇ। ਉਨ੍ਹਾਂ ਅੱਗੇ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਬਟਾਲਾ ਸ਼ਹਿਰ ਅੰਦਰ ਵੱਖ ਵੱਖ ਵਿਕਾਸ ਕਾਰਜ ਜਾਰੀ ਹਨ ਅਤੇ ਉਨ੍ਹਾਂ ਵਲੋਂ ਖੁਦ ਲੋਕਾਂ ਨੂੰ ਮਿਲਕੇ ਉਨ੍ਹਾਂ ਦੀਆਂ ਮੁਸ਼ਕਲਾਂ ਹੱਲ ਕੀਤੀਆਂ ਜਾ ਰਹੀਆਂ ਹਨ।

ਉਨ੍ਹਾਂ ਨੇ ਕਿਹਾ ਕਿ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਲੋਕ ਹਿੱਤ ਵਿੱਚ ਵੱਡੇ ਉਪਰਾਲੇ ਕੀਤੇ ਗਏ ਹਨ ਅਤੇ ਲੋਕਾਂ ਦੀ ਸਿਹਤ ਸਹੂਲਤ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਲਾਗੂ ਕੀਤੀ ਗਈ ਹੈ, ਜਿਸ ਤਹਿਤ ਬਿਮਾਰੀ ਦਾ ਇਲਾਜ ਕਰਵਾਉਣ ਲਈ 10 ਲੱਖ ਰੁਪਏ ਤੱਕ ਦੀ ਕੈਸ਼ਲੈੱਸ ਸਹੂਲਤ ਮੁਹੱਈਆ ਕਰਵਾਈ ਗਈ ਹੈ ਅਤੇ ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਲਾਗੂ ਕੀਤੀ ਗਈ ਹੈ।

## ਪਰਾਲੀ ਦੀ ਸਾਂਭ-ਸੰਭਾਲ ਲਈ ਖੇਤੀ ਮਸ਼ੀਨਾਂ ਤੇ ਮੁਹੱਈਆ ਕਰਵਾਈ ਜਾਵੇਗੀ ਸਬਸਿਡੀ

**ਬਠਿੰਡਾ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਵੱਲੋਂ ਝੋਨੇ ਦੀ ਪਰਾਲੀ ਦੀ ਸੁਚੱਜੀ ਸਾਂਭ-ਸੰਭਾਲ ਨੂੰ ਉਤਸ਼ਾਹਿਤ ਕਰਨ ਲਈ ਸਾਲ 2026-27 ਦੌਰਾਨ ਸੀ.ਆਰ.ਐਮ. ਸਕੀਮ ਅਧੀਨ ਸਕੀਮ ਅਧੀਨ ਖੇਤੀ ਮਸ਼ੀਨਾਂ ਤੇ ਸਬਸਿਡੀ ਮੁਹੱਈਆ ਕਰਵਾਈ ਜਾਵੇਗੀ। ਇਹ ਜਾਣਕਾਰੀ ਡਾ. ਹਰਪ੍ਰੀਤਪਾਲ ਕੌਰ, ਮੁੱਖ ਖੇਤੀਬਾੜੀ ਅਫਸਰ, ਬਠਿੰਡਾ ਨੇ ਸਾਂਝੀ ਕੀਤੀ।

ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਮਸ਼ੀਨਾਂ ਤੇ ਸਬਸਿਡੀ ਪ੍ਰਾਪਤ ਕਰਨ ਲਈ ਕਿਸਾਨਾਂ ਤੋਂ ਆਨਲਾਈਨ ਅਰਜ਼ੀਆਂ 3 ਅਗਸਤ 2026 ਸ਼ਾਮ 5 ਵਜੇ ਤੱਕ ਪ੍ਰਾਪਤ ਕੀਤੀਆਂ ਜਾਣਗੀਆਂ। ਇਨ੍ਹਾਂ ਅਰਜੀਆਂ ਨੂੰ ਪੋਰਟਲ ਰਾਹੀਂ ਅਪਲਾਈ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਹਿਕਾਰੀ ਸਭਾਵਾਂ ਬਤੌਰ ਕਸਟਮ ਹਾਇਰਿੰਗ ਸੈਂਟਰ ਅਤੇ ਪੈਡੀ ਸਪਲਾਈ ਚੈਨ ਗਰੁੱਪ ਨਿਰਧਾਰਤ ਸ਼ਰਤਾਂ ਅਨੁਸਾਰ ਇਸ ਸਕੀਮ ਦਾ ਲਾਭ ਲੈਣ ਲਈ ਅਪਣੀਆਂ ਅਰਜੀਆਂ ਆਨਲਾਈਨ ਦੇ ਸਕਦੀਆਂ ਹਨ।

ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਸੁਪਰ ਐੱਸ.ਐੱਮ.ਐੱਸ., ਹੈਪੀ ਸੀਡਰ, ਸੁਪਰ ਸੀਡਰ, ਸਮਾਰਟ ਸੀਡਰ, ਜੀਰੋ ਟਿੱਲ ਡਰਿੱਲ, ਬੇਲਰ, ਰੇਕ, ਮਲਟੀ-ਕਰਾਪ ਸੁਪਰ ਸੀਡਰ, ਮਲਚਰ ਅਤੇ ਉਲਟਵਾਂ ਪਲਾਓ ਆਦਿ ਮਸ਼ੀਨਾਂ ਤੇ ਸਬਸਿਡੀ ਦਾ ਲਾਭ ਦਿੱਤਾ ਜਾ ਰਿਹਾ ਹੈ।

ਮੁੱਖ ਖੇਤੀਬਾੜੀ ਅਫ਼ਸਰ ਨੇ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸਮੇਂ-ਸਿਰ ਆਪਣੀਆਂ ਅਰਜ਼ੀਆਂ ਜਮ੍ਹਾਂ ਕਰਵਾ ਕੇ ਸਰਕਾਰ ਵੱਲੋਂ ਦਿੱਤੀ ਜਾ ਰਹੀ ਸਬਸਿਡੀ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਖੇਤੀ ਮਸ਼ੀਨਾਂ ਦੀ ਵਰਤੋਂ ਕਰਕੇ ਵਾਤਾਵਰਣ ਨੂੰ ਪ੍ਰਦੂਸ਼ਣ ਰਹਿਤ ਕਰਨ ਵਿੱਚ ਸਹਿਯੋਗ ਕਰਨ।

ਇਸ ਸਬੰਧੀ ਜਾਂਣਕਾਰੀ ਲੈਣ ਲਈ ਸਬੰਧਤ ਦਫਤਰ, ਬਲਾਕ ਖੇਤੀਬਾੜੀ ਅਫਸਰ ਵਿਖੇ ਸੰਪਰਕ ਕੀਤਾ ਜਾਵੇ।

## ਠੋਸ ਅਤੇ ਪਲਾਸਟਿਕ ਰਹਿੰਦ-ਖੂੰਹਦ ਪ੍ਰਬੰਧਨ ਸਬੰਧੀ ਸਮੀਖਿਆ ਮੀਟਿੰਗ

**ਤਰਨਤਾਰਨ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਤਰਨ ਤਾਰਨ ਸੰਜੀਵ ਕੁਮਾਰ ਦੀ ਪ੍ਰਧਾਨਗੀ ਹੇਠ ਅੱਜ ਠੋਸ ਰਹਿੰਦ-ਖੂੰਹਦ ਪ੍ਰਬੰਧਨ ਅਤੇ ਪਲਾਸਟਿਕ ਰਹਿੰਦ-ਖੂੰਹਦ ਪ੍ਰਬੰਧਨ ਗਤੀਵਿਧੀਆਂ ਨੂੰ ਲਾਗੂ ਕਰਨ ਸਬੰਧੀ ਇਕ ਸਮੀਖਿਆ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਇਕ ਸਾਫ਼-ਸੁਥਰਾ ਅਤੇ ਵਧੀਆ ਤਰਨ ਤਾਰਨ ਬਣਾਉਣ ਦੇ ਉਦੇਸ਼ ਨਾਲ ਠੋਸ ਰਹਿੰਦ-ਖੂੰਹਦ ਪ੍ਰਬੰਧ ਅਤੇ ਪਲਾਸਟਿਕ ਰਹਿੰਦ-ਖੂੰਹਦ ਪ੍ਰਬੰਧਨ ਪ੍ਰੋਜੈਕਟਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ, ਪਲਾਸਟਿਕ ਵੱਖਰਾ ਕਰਨ ਵਾਲੇ ਸ਼ੈੱਡ ਸਥਾਪਿਤ ਕਰਨ, ਕੂੜੇ ਨੂੰ ਸਹੀ ਢੰਗ ਨਾਲ ਵੱਖ-ਵੱਖ ਕਰਨ, ਫੰਡਾਂ ਦੀ ਸੁਚੱਜੀ ਵਰਤੋਂ ਕਰਨ ਅਤੇ ਸਾਰੇ ਸਬੰਧਤ ਵਿਭਾਗਾਂ ਵਿਚਕਾਰ ਨੇੜ੍ਹਲੇ ਤਾਲਮੇਲ ਬਾਰੇ ਵਿਸਥਾਰਤ ਹਦਾਇਤਾਂ ਜਾਰੀ ਕੀਤੀਆਂ ਗਈਆਂ।ਇਸ ਮੌਕੇ ਜ਼ਿਲਾ ਵਿਕਾਸ ਤੇ ਪੰਚਾਇਤ ਅਫਸਰ ਦੇਵਿੰਦਰ ਸਿੰਘ, ਜ਼ਿਲ੍ਹਾ ਸੈਨੀਟੇਸ਼ਨ ਅਫ਼ਸਰ (ਜਲ ਸਪਲਾਈ ਅਤੇ ਸੈਨੀਟੇਸ਼ਨ) ਸੁਖਮਿੰਦਰ ਸਿੰਘ, ਸਮੂਹ ਬੀ.ਡੀ.ਪੀ.ਓਜ਼ ਅਤੇ ਕਾਰਜਕਾਰੀ ਇੰਜੀਨੀਅਰ ਪੰਚਾਇਤੀ ਹੈ।

## ਸੇਵਾ ਸਹਿਕਾਰੀ ਸਭਾਵਾਂ ਨੂੰ ਹੁਲਾਰਾ ਦੇਣ ਅਤੇ ਰੋਜ਼ਗਾਰ ਸਿਰਜਣਾ ਲਈ ਪ੍ਰਸ਼ਾਸਕ ਨੇ ਚੰਡੀਗੜ੍ਹ ਸਹਿਕਾਰਤਾ ਨੀਤੀ-2026 ਦੀ ਸ਼ੁਰੂਆਤ ਕੀਤੀ



**ਚੰਡੀਗੜ੍ਹ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਚੰਡੀਗੜ੍ਹ ਸਹਿਕਾਰਤਾ ਨੀਤੀ-2026 ਦੀ ਸ਼ੁਰੂਆਤ ਕੀਤੀ। ਇਸ ਨੀਤੀ ਦਾ ਉਦੇਸ਼ ਸਹਿਕਾਰੀ ਅੰਦੋਲਨ ਨੂੰ ਸਸ਼ਕਤ ਬਣਾਉਣਾ, ਜਨ ਸੇਵਾਵਾਂ ਵਿੱਚ ਸੁਧਾਰ ਲਿਆਉਣਾ ਅਤੇ ਸਥਾਨਕ ਪੱਧਰ 'ਤੇ ਰੋਜ਼ਗਾਰ ਦੇ ਅਵਸਰਾਂ ਦੀ ਸਿਰਜਣਾ ਕਰਨਾ ਹੈ। ਇਸ ਅਵਸਰ 'ਤੇ ਯੂ.ਟੀ. ਚੰਡੀਗੜ੍ਹ ਦੇ ਮੁੱਖ ਸਕੱਤਰ ਸ਼੍ਰੀ ਐੱਚ. ਰਾਜੇਸ਼ ਪ੍ਰਸਾਦ; ਪੰਜਾਬ ਦੇ ਰਾਜਪਾਲ ਦੇ ਐਡੀਸ਼ਨਲ ਮੁੱਖ ਸਕੱਤਰ ਸ਼੍ਰੀ ਵਿਵੇਕ ਪ੍ਰਤਾਪ ਸਿੰਘ; ਗ੍ਰਹਿ ਸਕੱਤਰ ਸ਼੍ਰੀ ਮਨਦੀਪ ਸਿੰਘ ਬਰਾੜ; ਸਕੱਤਰ ਪ੍ਰਾਹੁਣਾਚਾਰੀ, ਸ਼੍ਰੀ ਸਵਪਨਿਲ ਐੱਮ. ਨਾਇਕ; ਐਡੀਸ਼ਨਲ ਡਿਪਟੀ ਕਮਿਸ਼ਨਰ ਸ਼੍ਰੀ ਅਮਨਦੀਪ ਸਿੰਘ ਭੱਟੀ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਹੋਰ ਸੀਨੀਅਰ ਅਧਿਕਾਰੀ ਉਪਸਥਿਤ ਰਹੇ।

ਚੰਡੀਗੜ੍ਹ ਦੇ ਮੁੱਖ ਤੌਰ 'ਤੇ ਸ਼ਹਿਰੀ ਸਰੂਪ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਨੀਤੀ ਵਿੱਚ ਸੇਵਾ ਸਹਿਕਾਰੀ ਸਭਾਵਾਂ 'ਤੇ ਵਿਸ਼ੇਸ਼ ਬਲ ਦਿੱਤਾ ਗਿਆ ਹੈ, ਜੋ ਬਿਜਲੀ ਦੀ ਮੁਰੰਮਤ, ਪਲੰਬਿੰਗ, ਪੇਂਟਿੰਗ, ਸਫ਼ਾਈ, ਸੌਰ ਊਰਜਾ ਸਥਾਪਨਾ ਅਤੇ ਛੋਟੇ-ਮੋਟੇ ਮੁਰੰਮਤ ਕਾਰਜ ਜਿਹੇ ਖੇਤਰਾਂ ਵਿੱਚ ਕਾਰਜ ਕਰਨਗੀਆਂ। ਇਹ ਸਹਿਕਾਰੀ ਸਭਾਵਾਂ ਹਾਊਸਿੰਗ ਸੋਸਾਇਟੀਆਂ ਅਤੇ ਨਾਗਰਿਕਾਂ ਨੂੰ ਭਰੋਸੇਯੋਗ, ਗੁਣਵੱਤਾਪੂਰਨ ਅਤੇ ਕਿਫ਼ਾਇਤੀ ਸੇਵਾਵਾਂ ਉਪਲਬਧ ਕਰਵਾਉਣਗੀਆਂ, ਨਾਲ ਹੀ ਨੌਜਵਾਨਾਂ, ਮਹਿਲਾਵਾਂ ਅਤੇ ਕਮਜ਼ੋਰ ਵਰਗਾਂ ਲਈ ਸਨਮਾਨਜਨਕ ਰੋਜ਼ਗਾਰ ਦੇ ਅਵਸਰ ਵੀ ਸਿਰਜਣਗੀਆਂ। ਇਸ ਨੀਤੀ ਦੇ ਤਹਿਤ ਕੁਸ਼ਲ ਕਾਮਿਆਂ ਅਤੇ ਆਈਟੀਆਈ ਤੋਂ ਟ੍ਰੇਨਿੰਗ ਪ੍ਰਾਪਤ ਨੌਜਵਾਨਾਂ ਨੂੰ ਸੇਵਾ ਸਹਿਕਾਰੀ ਸਭਾਵਾਂ ਨਾਲ ਜੁੜ ਕੇ ਟ੍ਰੇਨਿੰਗ ਦੇ ਤੁਰੰਤ ਬਾਅਦ ਆਤਮਨਿਰਭਰ ਬਣਨ ਲਈ ਪ੍ਰੋਤਸਾਹਿਤ ਕੀਤਾ ਜਾਵੇਗਾ। ਇਸ ਨੀਤੀ ਦੇ ਤਹਿਤ 31 ਦਸੰਬਰ, 2027 ਤੱਕ ਲਗਭਗ 50 ਨਵੀਆਂ ਸਹਿਕਾਰੀ ਸਭਾਵਾਂ ਦੇ ਗਠਨ ਦਾ ਲਕਸ਼ ਰੱਖਿਆ ਗਿਆ ਹੈ। ਇਸ ਵਾਸਤੇ ਸਰਲ ਰਜਿਸਟ੍ਰੇਸ਼ਨ ਪ੍ਰਕਿਰਿਆ, ਟ੍ਰੇਨਿੰਗ, ਬੈਂਕ ਰਿਣ ਉਪਲਬਧ ਕਰਵਾਉਣ ਵਿੱਚ ਸਹਾਇਤਾ ਅਤੇ ਥੋਕ ਖਰੀਦ ਦੀਆਂ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਨੀਤੀ ਦੇ ਪ੍ਰਭਾਵੀ ਲਾਗੂਕਰਨ ਲਈ ਚੰਡੀਗੜ੍ਹ ਸਹਿਕਾਰੀ ਵਿਕਾਸ ਅਥਾਰਿਟੀ ਦਾ ਗਠਨ ਕੀਤਾ ਜਾਵੇਗਾ, ਜੋ ਇਸ ਦੇ ਲਾਗੂਕਰਨ ਦਾ ਮਾਰਗਦਰਸ਼ਨ ਅਤੇ ਨਿਗਰਾਨੀ ਕਰੇਗੀ। ਇਹ ਪਹਿਲ ਸੇਵਾ ਅਧਾਰਿਤ ਸਹਿਕਾਰੀ ਸਭਾਵਾਂ ਨੂੰ ਸਸ਼ਕਤ ਬਣਾਉਣ, ਨਾਗਰਿਕਾਂ ਨੂੰ ਉਪਲਬਧ ਹੋਣ ਵਾਲੀਆਂ ਰੋਜ਼ਾਨਾ ਸੇਵਾਵਾਂ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਅਤੇ ਚੰਡੀਗੜ੍ਹ ਵਿੱਚ ਸਥਾਨਕ ਰੋਜ਼ਗਾਰ ਦੇ ਅਵਸਰਾਂ ਨੂੰ ਹੁਲਾਰਾ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਵੇਗੀ।

*ਆਪਣੇ ਮਨ ਦੀ ਗੱਲ ਬੜੇ ਠਰ੍ਹੰਮੇ ਨਾਲ ਹੌਲੀ-ਹੌਲੀ ਕਰਨੀ ਚਾਹੀਦੀ ਹੈ ਤਾਂ ਜੋ ਸੁਣਨ ਵਾਲਾ ਉਸ ਨੂੰ ਕਬੂਲਣ ਲਈ ਤਿਆਰ ਹੋ ਜਾਵੇ। ਪਰ ਕਈਆਂ ਦਾ ਵਿਚਾਰ ਹੈ ਕਿ ਜੇ ਗੱਲ ਬੜੇ ਜ਼ੋਰ-ਸ਼ੋਰ ਨਾਲ ਅਤੇ ਤੱਥਾਂ ਭਰਪੂਰ ਕੀਤੀ ਜਾਵੇ ਤਾਂ ਦੂਜੇ ਛੇਤੀ ਪ੍ਰਭਾਵਿਤ ਹੁੰਦੇ ਹਨ...*



# ਵਿਚਾਰਾਂ ਦੀ ਵਿਕਰੀ ਵੀ ਇਕ ਕਲਾ ਹੈ

ਇਸ ਸਦੀ ਨੂੰ ਸੰਚਾਰ ਅਤੇ ਸੂਚਨਾ ਤਕਨਾਲੋਜੀ ਦੀ ਸਦੀ ਆਖਿਆ ਜਾਂਦਾ ਹੈ। ਜੀਵਨ ਵਿਚ ਸਫਲਤਾ ਲਈ ਜਿੱਥੇ ਹੋਰ ਗੁਣਾਂ ਦੀ ਲੋੜ ਹੈ ਉੱਥੇ ਗੱਲਬਾਤ ਕਰਨ ਦੀ ਜਾਚ ਆਉਣੀ ਵੀ ਜ਼ਰੂਰੀ ਹੈ। ਆਪਣੇ ਵਿਚਾਰਾਂ ਨੂੰ ਦੂਜਿਆਂ ਤੀਕ ਇਸ ਢੰਗ ਨਾਲ ਪਹੁੰਚਾਉਣਾ ਕਿ ਉਹ ਇਨ੍ਹਾਂ ਨੂੰ ਕਬੂਲ ਕਰ ਲੈਣ ਇਸ ਨੂੰ ਬੋਲਣ ਦੀ ਜਾਚ ਮੰਨਿਆ ਜਾਂਦਾ ਹੈ। ਅਸਲ 'ਚ ਇਸ ਨੂੰ ਵਿਚਾਰਾਂ ਦੀ ਵਿਕਰੀ ਵੀ ਆਖਿਆ ਜਾਂਦਾ ਹੈ। ਜਿਸ ਇਨਸਾਨ ਨੂੰ ਆਪਣੇ ਵਿਚਾਰ ਵੇਚਣੇ ਆਉਂਦੇ ਹਨ ਉਹ ਹੀ ਆਪਣੇ ਮੰਤਵ ਵਿਚ ਸਫਲ ਹੋ ਸਕਦਾ ਹੈ। ਜੀਵਨ ਦਾ ਬਹੁਤਾ ਸਮਾਂ ਹਰ ਮਨੁੱਖ ਆਪਣੇ ਵਿਚਾਰਾਂ ਨੂੰ ਵੇਚਣ ਦਾ ਯਤਨ ਕਰਦਾ ਹੈ। ਭਾਵੇਂ ਅਸੀਂ ਘਰ ਵਿਚ ਜਾਂ ਦਫ਼ਤਰ ਵਿਚ ਗੱਲਬਾਤ ਕਰ ਰਹੇ ਹੋਈਏ, ਆਪਣੇ ਵਿਚਾਰਾਂ ਨਾਲ ਦੂਜਿਆਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਸਾਡੀ ਗੱਲ ਮੰਨੀ ਜਾਵੇ ਅਤੇ ਸਾਡੇ ਵਿਚਾਰਾਂ ਦਾ ਮੁੱਲ ਪਵੇ। ਜਿਹੜੇ ਘਰਾਂ ਦਾ ਮਾਹੌਲ ਖ਼ੁਸ਼ਗਵਾਰ ਹੁੰਦਾ ਹੈ, ਜਿਨ੍ਹਾਂ ਦੀ ਕੰਮਕਾਜੀ ਅਦਾਰਿਆਂ ਵਿਚ ਕਦਰ ਪੈਂਦੀ ਹੈ, ਜਿਨ੍ਹਾਂ ਦਾ ਭਾਈਚਾਰੇ ਵਿਚ ਸਤਿਕਾਰ ਹੁੰਦਾ ਹੈ ਉਨ੍ਹਾਂ ਵਿੱਚੋਂ ਬਹੁਤਿਆਂ ਵਿਚ ਇਹ ਹੀ ਗੁਣ ਹੁੰਦਾ ਹੈ ਕਿ ਉਨ੍ਹਾਂ ਨੂੰ ਆਪਣੇ ਵਿਚਾਰਾਂ ਦੀ ਸਾਂਝ ਕਰਨੀ ਆਉਂਦੀ ਹੈ।

ਗੱਲਬਾਤ, ਵਿਚਾਰ ਵਟਾਂਦਰੇ ਜਾਂ ਭਾਸ਼ਣ ਦਾ ਮੰਤਵ ਬਿਲਕੁਲ ਸਪਸ਼ਟ ਹੋਣਾ ਚਾਹੀਦਾ ਹੈ। ਬੁਲਾਰੇ ਨੂੰ ਪਤਾ ਹੋਵੇ ਕਿ ਕਿਹੜੇ ਵਿਚਾਰ ਉਹ ਸਰੋਤਿਆਂ ਨਾਲ ਸਾਂਝੇ ਕਰਨਾ ਚਾਹੁੰਦਾ ਹੈ। ਜੇ ਉਹ ਵਿਚਾਰਾਂ ਅਤੇ ਮੰਤਵ ਬਾਰੇ ਸਪੱਸ਼ਟ ਨਾ ਹੋਵੇ ਤਾਂ ਦੂਜਿਆਂ ਨੂੰ ਪ੍ਰਭਾਵਿਤ ਨਹੀਂ ਕੀਤਾ ਜਾ ਸਕਦਾ। ਸਰੋਤੇ ਵੀ ਫ਼ਜ਼ੂਲ ਦੀਆਂ ਗੱਲਾਂ ਸੁਣਨ ਲਈ ਤਿਆਰ ਨਹੀਂ ਹੁੰਦੇ। ਜਦੋਂ ਪਤਾ ਹੋਵੇ ਕਿ ਕੀ ਕਹਿਣਾ ਹੈ ਅਤੇ ਕਿਵੇਂ ਕਹਿਣਾ ਹੈ ਤਾਂ ਉਸੇ ਅਨੁਸਾਰ ਤਿਆਰੀ ਹੋ ਸਕੇਗੀ। ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤੀ ਅਮਲੀ ਅਤੇ ਲਾਹੇਵੰਦੀ ਜਾਣਕਾਰੀ ਨੂੰ ਹੀ ਸਰੋਤੇ ਕਬੂਲ ਕਰਦੇ ਹਨ।

ਜਦੋਂ ਤੁਸੀਂ ਕੁਝ ਕਹਿਣਾ ਹੈ ਤਾਂ ਇਸ ਵਿਚ ਤੁਹਾਡਾ ਸਵਾਰਥ ਹੈ। ਇਸ ਲਈ ਇਹ ਸੋਚਣਾ ਬਹੁਤ ਜ਼ਰੂਰੀ ਹੈ ਕਿ ਅਗਲਾ ਤੁਹਾਡੇ ਵਿਚਾਰ ਕਿਉਂ ਮੰਨੇ? ਉਸ ਨੂੰ ਕੀ ਲਾਭ ਹੋਵੇਗਾ? ਇਹ ਜਾਣਨ ਲਈ ਜ਼ਰੂਰੀ ਹੈ ਕਿ ਵਿਕ੍ਰੇਤਾ ਆਪਣੇ ਗਾਹਕਾਂ ਦੀਆਂ ਲੋੜਾਂ ਦੀ ਘੋਖ ਕਰੇ ਅਤੇ ਆਪਣੇ ਵਿਚਾਰਾਂ ਨੂੰ ਉਸੇ ਮੁਤਾਬਿਕ ਢਾਲੇ। ਇਸ ਤਰ੍ਹਾਂ ਨਾਲ ਸੰਵਾਰੇ ਵਿਚਾਰ ਦੂਜੇ ਨੂੰ ਪ੍ਰਭਾਵਿਤ ਕਰ ਸਕਣਗੇ। ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਕਹਿਣ ਵਾਲਾ ਆਪਣੇ ਵਿਚਾਰ ਸੰਖੇਪ ਵਿਚ ਪਰ ਭਾਵਪੂਰਨ ਢੰਗ ਨਾਲ ਆਖੇ। ਖਿਆਲਾਂ ਦੀ ਸਾਂਝ ਪਾਉਣ ਲਈ ਕੋਈ ਭਾਸ਼ਣ ਨਹੀਂ ਦੇਣਾ ਹੁੰਦਾ, ਸਗੋਂ ਦੂਜੇ ਨਾਲ ਇਸ ਤਰ੍ਹਾਂ ਵਿਚਾਰ ਵਟਾਂਦਰਾ ਕਰਨਾ ਚਾਹੀਦਾ ਹੈ ਕਿ ਤੁਹਾਡੇ ਵਿਚਾਰ ਉਸ ਨੂੰ ਪ੍ਰਭਾਵਿਤ ਕਰ ਸਕਣ। ਇਹ ਤਾਂ ਹੀ ਹੋ ਸਕਦਾ ਹੈ ਜੇ ਆਪਣੇ ਵਿਚਾਰਾਂ ਬਾਰੇ ਤੁਹਾਨੂੰ ਪੂਰੀ ਜਾਣਕਾਰੀ ਹੈ। ਗੱਲਬਾਤ ਨੂੰ ਇਸ ਢੰਗ ਨਾਲ ਕਰੋ ਕਿ ਇਹ ਸੁਭਾਵਿਕ ਜਾਪੇ। ਗੱਲਬਾਤ ਵਿਚ ਅਜਿਹੇ ਪੜਾਅ ਹੋਣੇ ਚਾਹੀਦੇ ਹਨ ਜਿੱਥੇ ਕਿ ਸੁਣਨ ਵਾਲਾ ਹੁੰਗਾਰਾ ਦੇ ਸਕੇ। ਜੇ ਸੁਣਨ ਵਾਲਾ ਕੋਈ ਹੁੰਗਾਰਾ ਨਹੀਂ ਦਿੰਦਾ ਤਾਂ ਹੁੰਗਾਰਾ ਲੈਣ ਦਾ ਯਤਨ ਕਰਨਾ ਚਾਹੀਦਾ ਹੈ। ਅਜਿਹਾ ਹੁੰਗਾਰਾ ਦਿਸ਼ਾ ਸੂਚਕ ਦਾ ਕੰਮ ਦੇਵੇਗਾ ਕਿ ਗੱਲਬਾਤ ਦਾ ਕੀ ਪ੍ਰਭਾਵ ਪੈ ਰਿਹਾ ਹੈ ਅਤੇ ਉਸ ਨੂੰ ਕਿਹੜਾ ਮੋੜ ਦੇਣ ਦੀ ਲੋੜ ਹੈ। ਵਿਚਾਰ ਸਹੀ ਅਤੇ ਅਤੇ ਠੋਸ ਤੱਥਾਂ ਉਤੇ ਆਧਾਰਿਤ ਹੋਣੇ ਚਾਹੀਦੇ ਹਨ, ਨਾਲ ਹੀ ਇਹ ਇਤਨੇ ਦਿਲਕਸ਼ ਹੋਣ ਕਿ ਸੁਣਨ ਵਾਲਾ ਉਨ੍ਹਾਂ ਵੱਲ ਖਿੱਚਿਆ ਜਾਵੇ। ਜੇਕਰ ਤੁਹਾਡੇ ਵਿਚਾਰ ਅਗਲੇ ਨੂੰ ਪ੍ਰਭਾਵਿਤ ਕਰ ਗਏ ਤਾਂ ਉਹ ਆਪਣੇ ਆਪ ਤੁਹਾਡੇ ਨਾਲ ਸਹਿਮਤੀ ਪ੍ਰਗਟ ਕਰੇਗਾ।

ਗੱਲ ਕਰਦੇ ਸਮੇਂ ਲਗਨ, ਜਿਗਰਾ ਅਤੇ ਖੁੱਲ੍ਹੇ ਦਿਮਾਗ਼ ਦੀ ਲੋੜ ਹੈ। ਜਦੋਂ ਤੁਸੀਂ ਕਿਸੇ ਨਾਲ ਕੋਈ ਮਹੱਤਵਪੂਰਨ ਗੱਲ ਕਰ ਰਹੇ ਹੋਵੋ ਤਾਂ ਕੋਸ਼ਿਸ਼ ਕਰੋ ਕਿ ਕੋਈ ਬਾਹਰੀ ਸ਼ੋਰ ਸ਼ਰਾਬਾ ਗੱਲਬਾਤ ਦੀ ਲੜੀ ਨਾ ਤੋੜੇ। ਪੂਰੇ ਆਤਮ-ਵਿਸ਼ਵਾਸ ਨਾਲ ਗੱਲ ਕਰੋ। ਗੱਲ ਕਰਦੇ ਸਮੇਂ ਆਪਣੀਆਂ ਅੱਖਾਂ ਸੁਣਨ ਵਾਲੇ ਉੱਤੇ ਕੇਂਦਰਿਤ ਰੱਖੋ। ਐਵੇਂ ਇਧਰ ਉਧਰ ਝਾਕਣਾ ਠੀਕ ਨਹੀਂ ਹੈ। ਜੇਕਰ ਤੁਹਾਡੀਆਂ ਅੱਖਾਂ ਇਧਰ ਉਧਰ ਘੁੰਮਦੀਆਂ ਹਨ ਤਾਂ ਦਿਮਾਗ਼ ਵੀ ਘੁੰਮੇਗਾ। ਜਿਸ ਸਦਕਾ ਤੁਸੀਂ ਗੱਲਬਾਤ ਵਿਚ ਪੂਰਾ ਧਿਆਨ ਨਹੀਂ ਦੇ ਸਕੋਗੇ। ਕਾਇਮ ਹੋ ਕੇ ਬੈਠੋ। ਐਵੇਂ ਸੁਸਤ ਜਾਂ ਉਦਾਸ ਜਿਹੇ ਨਾ ਲੱਗੋ। ਜਿਸਮਾਨੀ ਤੌਰ 'ਤੇ ਤਾਜ਼ਗੀ ਦਿਮਾਗ਼ੀ ਤਰੋਤਾਜ਼ਗੀ ਲਈ ਬੜੀ ਜ਼ਰੂਰੀ ਹੈ। ਸਰੋਤੇ ਦੇ ਸਵਾਲਾਂ ਦੀ ਸਾਰੇ ਪਾਸਿਓਂ ਘੋਖ ਕਰੋ ਤਾਂ ਜੋ ਤੁਸੀਂ ਠੀਕ ਜਵਾਬ ਦੇ ਸਕੋ। ਗੱਲ ਸੁਣਦੇ ਸਮੇਂ ਤੁਹਾਡਾ ਧਿਆਨ ਅਗਲੇ ਦੇ ਵਿਚਾਰਾਂ ਵੱਲ ਹੋਣਾ ਚਾਹੀਦਾ ਹੈ ਨਾ ਕਿ ਕਹੇ ਗਏ ਸ਼ਬਦਾਂ ਵੱਲ। ਜਿਹੜੀ ਗੱਲ ਉਹ ਕਹਿਣੋਂ ਝਿਜਕ ਰਿਹਾ ਹੈ ਉਸ ਨੂੰ ਸਮਝਣ ਦੀ ਕੋਸ਼ਿਸ਼ ਕਰੋ, ਉਸ ਦੇ ਵਿਚਾਰਾਂ ਨੂੰ ਦੁਹਰਾਵੋ ਤਾਂ ਜੋ ਉਸ ਨੂੰ ਤਸੱਲੀ ਹੋ ਜਾਵੇ ਕਿ ਤੁਸੀਂ ਉਸ ਦੀ ਗੱਲ ਧਿਆਨ ਨਾਲ ਸੁਣੀ ਹੈ। ਇਸ ਤਰ੍ਹਾਂ ਤੁਹਾਨੂੰ ਆਪਣੇ ਸਰੋਤੇ ਦੀ ਮਨੋਦਿਸ਼ਾ ਦਾ ਪਤਾ ਲੱਗ ਸਕੇਗਾ। ਉਸ ਦੀ ਦਿਲਚਸਪੀ ਦਾ ਧਿਆਨ ਉਸ ਦੇ ਹਾਵਭਾਵ ਤੋਂ ਵੀ ਲੱਗ ਜਾਂਦਾ ਹੈ। ਜੇਕਰ ਉਹ ਉਬਾਸੀਆਂ ਲੈ ਰਿਹਾ ਹੈ, ਸੁਸਤ ਹੋ ਗਿਆ ਹੈ, ਇਧਰ-ਉਧਰ ਝਾਕ ਰਿਹਾ ਹੈ ਜਾਂ ਉਂਗਲਾਂ ਦੇ ਪਟਾਕੇ ਹੀ ਵਜਾਈ ਜਾ ਰਿਹਾ ਹੈ ਤਾਂ ਤੁਹਾਨੂੰ ਸੁਚੇਤ ਹੋ ਜਾਣਾ ਚਾਹੀਦਾ ਹੈ। ਇਸ ਤੋਂ ਪਤਾ ਚੱਲਦਾ ਹੈ ਕਿ ਉਹ ਤੁਹਾਡੀ ਗੱਲ ਵਿਚ ਕੋਈ ਖ਼ਾਸ ਦਿਲਚਸਪੀ ਨਹੀਂ ਲੈ ਰਿਹਾ। ਤੁਹਾਡੀ ਗੱਲ ਜਾਂ ਤਾਂ ਉਸ ਨੂੰ ਪ੍ਰਭਾਵਿਤ ਨਹੀਂ ਕਰ ਸਕੀ ਜਾਂ ਫਿਰ ਉਹ ਕਾਹਲੀ ਵਿਚ ਹੈ। ਇਹ ਇਕ ਇਸ਼ਾਰਾ ਹੈ ਕਿ ਤੁਸੀਂ ਆਪਣੇ ਆਪ ਨੂੰ ਸੰਭਾਲੋ।

ਜਦੋਂ ਤੁਸੀਂ ਕਿਸੇ ਨਾਲ ਗੱਲ ਕਰ ਰਹੇ ਹੋਵੋ ਤਾਂ ਇਸ ਗੱਲ ਨੂੰ ਚੇਤੇ ਰੱਖੋ ਕਿ ਸੁਣਨ ਵਾਲੇ ਦੀ ਓਨੀ ਹੀ ਮਹੱਤਤਾ ਹੈ ਜਿੰਨੀ ਕੀ ਤੁਹਾਡੀ। ਉਸ ਦੇ ਵਿਚਾਰਾਂ ਦਾ ਸਤਿਕਾਰ ਕਰਨਾ ਤੁਹਾਡਾ ਫਰਜ਼ ਹੈ। ਇਨਸਾਨ ਭਾਵੇਂ ਉਹ ਕਿਸੇ ਵੀ ਉਮਰ ਜਾਂ ਕਿਸੇ ਵੀ ਪੱਧਰ ਦਾ ਕਿਉਂ ਨਾ ਹੋਵੇ ਆਪਣੀ ਗੱਲ ਦੀ ਕਾਟ ਪਸੰਦ ਨਹੀਂ ਕਰਦਾ। ਇਸੇ ਤਰ੍ਹਾਂ ਹੀ ਦੂਜੇ ਦੇ ਵਿਚਾਰਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਜੇਕਰ ਉਸ ਦੇ ਵਿਚਾਰਾਂ ਵੱਲ ਧਿਆਨ ਨਾ ਦਿੱਤਾ ਜਾਵੇ ਜਾਂ ਉਨ੍ਹਾਂ ਦਾ ਤ੍ਰਿਸਕਾਰ ਕੀਤਾ ਜਾਵੇ ਤਾਂ ਸਮਝੋ ਉਹ ਕਦੇ ਵੀ ਤੁਹਾਡੇ ਵਿਚਾਰ ਨਹੀਂ ਖਰੀਦੇਗਾ। ਇਸ ਤਰ੍ਹਾਂ ਆਪਣੇ ਹੱਥੀਂ ਤੁਸੀਂ ਆਪਣਾ ਇਕ ਪ੍ਰਸ਼ੰਸਕ ਘਟਾ ਲਿਆ ਹੈ। ਕਈਆਂ ਨੂੰ ਦੂਸਦੇ ਦੀ ਗੱਲ ਟੋਕਣ ਦੀ ਭੈੜੀ ਆਦਤ ਹੁੰਦੀ ਹੈ। ਉਹ ਹਮੇਸ਼ਾ ਇਸ ਮੌਕੇ ਦੀ ਭਾਲ ਵਿਚ ਰਹਿੰਦੇ ਹਨ। ਅਜਿਹੇ ਵਿਅਕਤੀ ਕਦੇ ਵੀ ਆਪਣੇ ਵਿਚਾਰਾਂ ਦਾ ਪ੍ਰਭਾਵ ਦੂਜਿਆਂ ਉੱਤੇ ਨਹੀਂ ਪਾ ਸਕਦੇ। ਅਜਿਹੀ ਸਥਿਤੀ ਵਿਚ ਬੜੇ ਠਰ੍ਹੰਮੇ ਦੀ ਲੋੜ ਹੈ ਨਾ ਕਿ ਅਗਲੇ ਦੀ ਗੱਲ ਕੱਟ ਕੇ ਵਾਦ ਵਿਵਾਦ ਛੇੜਨ ਦੀ। ਦੂਜਰੇ ਦੇ ਵਿਚਾਰਾਂ ਨੂੰ ਬਦਲਣਾ ਜਾਂ ਆਪਣੇ ਵਿਚਾਰਾਂ ਨੂੰ ਮਨਵਾਉਣਾ ਕੋਈ ਸੌਖਾ ਕੰਮ ਨਹੀਂ ਹੈ।



• ਡਾ. ਰਣਜੀਤ ਸਿੰਘ
94170-87328

ਆਪਣੇ ਮਨ ਦੀ ਗੱਲ ਬੜੇ ਠਰ੍ਹੰਮੇ ਨਾਲ ਹੌਲੀ ਹੌਲੀ ਕਰਨੀ ਚਾਹੀਦੀ ਹੈ ਤਾਂ ਜੋ ਸੁਣਨ ਵਾਲਾ ਉਸ ਨੂੰ ਕਬੂਲਣ ਲਈ ਦਿਮਾਗ਼ੀ ਤੌਰ 'ਤੇ ਤਿਆਰ ਹੋ ਜਾਵੇ। ਪਰ ਕਈਆਂ ਦਾ ਵਿਚਾਰ ਹੈ ਕਿ ਜੇ ਗੱਲ ਬੜੇ ਜ਼ੋਰ ਸ਼ੋਰ ਨਾਲ ਅਤੇ ਤੱਥਾਂ ਭਰਪੂਰ ਕੀਤੀ ਜਾਵੇ ਤਾਂ ਦੂਜੇ ਛੇਤੀ ਪ੍ਰਭਾਵਿਤ ਹੁੰਦੇ ਹਨ। ਸੁਣਨ ਵਾਲਾ ਤੁਹਾਡੇ ਧੂਆਂਧਾਰ ਭਾਸ਼ਣ ਤੋਂ ਡਰ ਕੇ ਚੁੱਪ ਜ਼ਰੂਰ ਹੋ ਜਾਵੇਗਾ ਪਰ ਇਸ ਦਾ ਇਹ ਭਾਵ ਨਹੀਂ ਕਿ ਉਸ ਤੁਹਾਡੇ ਵਿਚਾਰਾਂ ਨੂੰ ਕਬੂਲ ਕਰ ਲਿਆ ਹੈ। ਹਮੇਸ਼ਾ ਯਾਦ ਰੱਖੋ ਕਿ ਸੁਣਨ ਵਾਲਾ ਤੁਹਾਡੇ ਵਿਚਾਰਾਂ ਨੂੰ ਉਦੋਂ ਹੀ ਸਵੀਕਾਰ ਕਰੇਗਾ ਜਦੋਂ ਕਿ ਉਹ ਇਸ ਲਈ ਤਿਆਰ ਹੋਵੇ। ਇਸ ਕਰਕੇ ਸਰੋਤੇ ਨੂੰ ਨਾਲ ਲੈ ਕੇ ਚਲੋ। ਉਹ ਵਿਚਾਰ ਜਿਹੜੇ ਸੁਣਨ ਵਾਲੇ ਦੀਆਂ ਭਾਵਨਾਵਾਂ ਨਾਲ ਮੇਲ ਖਾਂਦੇ ਹਨ ਛੇਤੀ ਕਬੂਲੇ ਜਾਂਦੇ ਹਨ। ਦੂਸਰੇ ਦੇ ਵਿਰੋਧੀ ਵਿਚਾਰਾਂ ਉੱਤੇ ਕਦੇ ਵੀ ਹਮਲਾ ਨਾ ਕਰੋ ਸਗੋਂ ਹੌਲੀ-ਹੌਲੀ ਦ੍ਰਿਸ਼ਟਾਂਤਾਂ ਰਾਹੀਂ ਅਗਲੇ ਨੂੰ ਆਪਣੇ ਵਿਚਾਰ ਬਦਲਣ ਲਈ ਤਿਆਰ ਕਰੋ।

ਕਈ ਵੇਰ ਅਸੀਂ ਧੱਕੇ ਨਾਲ ਦੂਜਿਆਂ ਨੂੰ ਆਪਣੀ ਗੱਲ ਮੰਨਵਾਉਣ ਦੀ ਕੋਸ਼ਿਸ਼ ਕਰਦੇ ਹਾਂ। ਸਾਡਾ ਮੂੰਹਰੱਖਣ ਲਈ ਅਗਲਾ ਹਾਂ 'ਚ ਹਾਂ ਮਿਲਾ ਦਿੰਦਾ ਹੈ ਪਰ ਪਿੱਠ ਪਿੱਛੇ ਬੁਰਾਈ ਹੀ ਕਰਦਾ ਹੈ। ਧੱਕੇ ਜ਼ੋਰੀ ਨਾਲ ਲੋਕ ਤਾਂ ਭਾਵੇਂ ਬਦਲੇ ਜਾ ਸਕਣ ਮਨ ਨਹੀਂ ਬਦਲੇ ਜਾ ਸਕਦੇ। ਜਦੋਂ ਤੀਕ ਮਨ ਨਾ ਮੰਨੇ ਖਿਆਲਾਂ ਦੀ ਸਾਂਝ ਨਹੀਂ ਪਾਈ ਜਾ ਸਕਦੀ ਤੇ ਜੇ ਕੋਈ ਤੁਹਾਡੀ ਗੱਲ ਮੰਨ ਵੀ ਜਾਵੇ ਤਾਂ ਉਹ ਬਹੁਤ ਛੇਤੀ ਹੀ ਉਸ ਨੂੰ ਵਿਸਾਰ ਦੇਵੇਗਾ। ਧੱਕ ਕੇ ਕਦੇ ਲੋਕਾਂ ਨੂੰ ਮਗਰ ਨਹੀਂ ਲਾਇਆ ਜਾ ਸਕਦਾ। ਲੋਕਾਂ ਦੇ ਪੈਰ ਆਪਣੇ ਆਪ ਤੁਹਾਡੇ ਪਿੱਛੇ ਟੁਰਨੇ ਚਾਹੀਦੇ ਹਨ। ਇਸ ਕਰਕੇ ਇਹ ਦੇਖਣਾ ਚਾਹੀਦਾ ਹੈ ਕਿ ਉਹ ਕਿਹੜਾ ਉਪਾਅ ਹੈ ਜਿਸ ਨਾਲ ਅਗਲਾ ਤੁਹਾਡੇ ਵਿਚਾਰ ਕਬੂਲ ਕਰੇਗਾ। ਜੇਕਰ ਤੁਹਾਡੇ ਵਿਚਾਰਾਂ ਵਿਚ ਕੁਝ ਦਮ ਹੋਵੇਗਾ ਤੇ ਉਹ ਦੂਜੇ ਨੂੰ ਪ੍ਰਭਾਵਿਤ ਕਰ ਸਕਣਗੇ ਤਾਂ ਸੁਣਨ ਵਾਲਾ ਆਪਣੇ ਆਪ ਇਨ੍ਹਾਂ ਨੂੰ ਅਪਨਾਉਣ ਲਈ ਤਿਆਰ ਹੋ ਜਾਵੇਗਾ।

ਸਬਰ ਤੋਂ ਕੰਮ ਲੈਂਦਿਆਂ ਹੌਲੀ-ਹੌਲੀ ਆਪਣੇ ਵਿਚਾਰਾਂ ਦਾ ਇਜ਼ਹਾਰ ਕਰਨਾ ਚਾਹੀਦਾ ਹੈ। ਜੇ ਦੂਸਰਾ ਤੁਹਾਡੇ ਵਿਚਾਰਾਂ ਨਾਲ ਅਸਹਿਮਤੀ ਪ੍ਰਗਟ ਕਰਦਾ ਹੈ ਤਾਂ ਉਸ ਦੇ ਨਾਲ ਗੁੱਸੇ ਨਾ ਹੋਵੋ। ਸਗੋਂ ਸ਼ਾਂਤੀ ਨਾਲ ਗੱਲ ਜਾਰੀ ਰੱਖੋ। ਅਜਿਹੀ ਸਥਿਤੀ ਵਿਚ ਬੜੇ ਠਰ੍ਹੰਮੇ ਦੀ ਲੋੜ ਹੈ। ਦੂਸਰੇ ਕੋਲ ਆਪਣੇ ਵਿਚਾਰਾਂ ਦੀ ਵਿਕਰੀ ਕੋਈ ਸੌਖਾ ਕੰਮ ਨਹੀਂ ਹੈ। ਗੁੱਸੇ ਹੋਣ ਦੀ ਥਾਂ ਸਗੋਂ ਇਹ ਜ਼ਾਹਿਰ ਕਰੋ ਕਿ ਤੁਸੀਂ ਉਸ ਦੇ ਵਿਚਾਰਾਂ ਨੂੰ ਧਿਆਨ ਨਾਲ ਸੁਣਿਆ ਹੈ ਅਤੇ ਉਨ੍ਹਾਂ ਦੀ ਕਦਰ ਕਰਦੇ ਹੋ। ਆਪਣੇ ਵਿਚਾਰਾਂ ਨੂੰ ਠੋਸ ਉਦਾਹਰਣਾਂ ਦੇ ਕੇ ਅੱਗੇ ਤੋਰੋ। ਉਸ ਨੂੰ ਇਹ ਯਕੀਨ ਦੁਆਓ ਕਿ ਉਸ ਦੇ ਵਿਚਾਰ ਚੰਗੇ ਹਨ, ਪ੍ਰੰਤੂ ਕੋਸ਼ਿਸ਼ ਕੀਤਿਆਂ ਇਨ੍ਹਾਂ ਤੋਂ ਕੁਝ ਹੋਰ ਚੰਗਾ ਕੀਤਾ ਜਾ ਸਕਦਾ ਹੈ। ਅਜਿਹਾ ਕਰਨ ਨਾਲ ਉਹ ਆਪਣੇ ਵਿਚਾਰਾਂ ਬਾਰੇ ਪੁਨਰ ਵਿਚਾਰਨ ਲਈ ਤਿਆਰ ਹੋ ਜਾਵੇਗਾ।

ਗੱਲਬਾਤ ਇਸ ਢੰਗ ਨਾਲ ਕਰੋ ਕਿ ਉਸ ਨੂੰ ਨਵੇਂ ਵਿਚਾਰ ਕਬੂਲ ਕਰ ਕੇ ਖ਼ੁਸ਼ੀ ਪ੍ਰਾਪਤ ਹੋਵੇ। ਉਸ ਨੂੰ ਇਹ ਨਾ ਮਹਿਸੂਸ ਨਾ ਹੋਵੇ ਕਿ ਉਸ ਦੀ ਗੱਲ ਗ਼ਲਤ ਸੀ ਜਾਂ ਉਸ ਨੂੰ ਕਿਸੇ ਨਮੋਸ਼ੀ ਦਾ ਸਾਹਮਣਾ ਨਾ ਕਰਨਾ ਪਵੇ। ਅਜਿਹਾ ਖ਼ੁਸ਼ਗਵਾਰ ਵਾਤਾਵਰਨ ਪੈਦਾ ਕਰੋ, ਜਿਸ ਨਾਲ ਸੁਣਨ ਵਾਲਾ ਤੁਹਾਡੇ ਵਿਚਾਰ ਖਰੀਦ ਕੇ ਖ਼ੁਸ਼ੀ ਪ੍ਰਾਪਤ ਕਰੇ ਅਤੇ ਉਸ ਵਿਚ ਕਿਸੇ ਘਟੀਆਪਣ ਦਾ ਅਹਿਸਾਸ ਨਾ ਹੋਵੇ।

ਕੋਸ਼ਿਸ਼ ਕੀਤਿਆਂ ਹਰ ਇਨਸਾਨ ਆਪਣੇ ਵਿਚਾਰਾਂ ਦਾ ਸਫਲ ਵਿਕ੍ਰੇਤਾ ਬਣ ਸਕਦਾ ਹੈ। ਲੋੜ ਹੈ ਲਗਨ ਅਤੇ ਮਿਹਨਤ ਦੀ। ਸਫਲਤਾ ਉਨ੍ਹਾਂ ਦੇ ਕਦਮ ਚੁੰਮਦੀ ਹੈ ਜਿਹੜੇ ਦ੍ਰਿੜ੍ਹ ਇਰਾਦੇ ਨਾਲ ਗੱਲਬਾਤ ਕਰਦੇ ਹਨ ਅਤੇ ਵਧਦੇ ਹਨ ਅਤੇ ਦੂਜਿਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਹਨ। •



ਅਸੀਂ ਸਾਰੇ ਹੱਸਣਾ ਭੁੱਲ ਚੁੱਕੇ ਹਾਂ। ਉੱਚੀ ਹੱਸਣ ਵਾਲਾ ਉਜੱਡ ਮੰਨਿਆ ਜਾਂਦਾ ਹੈ। ਹੱਸਣਾ ਤਾਂ ਪਰੇ ਦੀ ਗੱਲ ਹੈ, ਹੁਣ ਤਾਂ ਮੁਸਕੁਰਾਉਣਾ ਵੀ ਵੇਖ ਕੇ ਪੈਂਦਾ ਹੈ ਕਿ ਕਿਸ ਥਾਂ ਉੱਤੇ ਮੁਸਕਾਨ ਦਾ ਕੀ ਅਸਰ ਪੈ ਜਾਣਾ ਹੈ ਤੇ ਉਸ ਮੁਸਕਾਨ ਦੇ ਕੀ ਮਾਇਨੇ ਕੱਢੇ ਜਾਣਗੇ! ਸਾਇੰਸ ਦੀ ਤਰੱਕੀ ਨੇ ਹਾਸੇ ਦੇ ਦਿਮਾਗ਼ ਉੱਤੇ ਪਏ ਅਸਰਾਂ ਨੂੰ ਲੱਭਣ ਵਿਚ ਮਦਦ ਕਰ ਕੇ ਇਨਸਾਨਾਂ ਦੀ ਉਮਰ ਲੰਮੀ ਕਰਨ ਦਾ ਢੰਗ ਲੱਭ ਦਿੱਤਾ ਹੈ। ਦਿਮਾਗ਼ ਵਿਚਲਾ ਬਰੇਨ ਸਟੈੱਮ ਹਿੱਸਾ ਸਾਡੇ ਹਾਸੇ ਦੀਆਂ ਵਾਗਾਂ ਬੰਨ੍ਹ ਕੇ ਰੱਖਦਾ ਹੈ। ਜਦੋਂ ਕਿਸੇ ਮਰੀਜ਼ ਦਾ ਸਟਰੋਕ ਨਾਲ ਇਸ ਹਿੱਸੇ ਵਿਚ ਰਤਾ ਕੁ ਨੁਕਸਾਨ ਹੋ ਜਾਏ ਤਾਂ ਕਈ ਮਰੀਜ਼ ਘੰਟਿਆਂ ਬੱਧੀ ਹੱਸਦੇ ਵੇਖੇ ਗਏ ਹਨ। ਕੁਝ ਨਿੱਕੇ ਬੱਚੇ ਜਿਨ੍ਹਾਂ ਦਾ ਜਮਾਂਦਰੂ ਦਿਮਾਗ਼ ਬਹੁਤ ਛੋਟਾ ਹੋਵੇ ਜਾਂ ਅੱਧਾ ਦਿਮਾਗ਼ ਬਣਿਆ ਨਾ ਹੋਵੇ, ਉਹ ਵੀ ਬਹੁਤ ਹੱਸਦੇ ਵੇਖੇ ਗਏ ਹਨ।

ਪੂਰੇ ਦਿਮਾਗ਼ ਨਾਲ ਜੰਮੇ ਨਿੱਕੇ ਬੱਚੇ ਜਿਨ੍ਹਾਂ ਨੂੰ ਹਾਲੇ ਚੰਗੇ ਮਾੜੇ ਦੀ ਸਮਝ ਨਹੀਂ ਹੁੰਦੀ, ਉਹ ਵੀ ਕਿਸੇ ਨੂੰ ਹਲਕਾ ਮੁਸਕਰਾਉਂਦੇ ਹੋਏ ਵੇਖ ਕੇ ਖਿੜਖਿੜਾ ਕੇ ਹੱਸ ਪੈਂਦੇ ਹਨ। ਜੇ ਕਿਤੇ ਕੁਤਕੁਤਾੜੀ ਕਰ ਦਿੱਤੀ ਜਾਵੇ, ਫੇਰ ਤਾਂ ਪੁੱਛੋ ਹੀ ਨਾ! ਇਹ ਸਪਸ਼ਟ ਹੋ ਗਿਆ ਕਿ ਹੱਸਣਾ ਤਾਂ ਕੁਦਰਤ ਨੇ ਹਰ ਇਨਸਾਨੀ ਦਿਮਾਗ਼ ਵਿਚ ਪੱਕੀ ਤੌਰ ਉੱਤੇ ਫਿਟ ਕਰ ਕੇ ਭੇਜਿਆ ਹੁੰਦਾ ਹੈ। ਹੁਣ ਰਤਾ ਵੱਡੇ ਬੰਦੇ ਵੱਲ ਝਾਕੀਏ ਜਿਸ ਨੂੰ ਫਰੇਬ ਕਰਨਾ ਆਉਂਦਾ ਹੈ। ਉਸ ਨੂੰ ਚੰਗੇ ਮਾੜੀ ਦੀ ਸਮਝ ਹੈ। ਉਹ ਕਿਸੇ ਦਾ ਬੁਰਾ ਲੋਚ ਸਕਦਾ ਹੈ ਤੇ ਉਸ ਅੰਦਰ ਹਉਮੈ ਭਰੀ ਪਈ ਹੁੰਦੀ ਹੈ। ਅਜਿਹਾ ਬੰਦਾ ਵੀ ਬਹੁਤ ਮਜ਼ਾਕੀਆ ਗੱਲ ਉੱਤੇ ਬਦੋਬਦੀ ਕੁੱਝ ਪਲਾਂ ਲਈ ਹੱਸ ਪੈਂਦਾ ਹੈ।

ਇਕ ਖੋਜ ਵਿਚ ਦਿਮਾਗ਼ ਵਿਚਲੀਆਂ ਤਰੰਗਾਂ ਮਾਪਣ ਬਾਅਦ ਪਤਾ ਲੱਗਿਆ ਕਿ ਬਿਜਲੀ ਨਾਲੋਂ ਵੀ ਤੇਜ਼ ਤਰੰਗਾਂ ਦਿਮਾਗ਼ ਦੇ ਕੌਰਟੈਕਸ ਹਿੱਸੇ ਵਲ ਜਾਣ ਬਾਅਦ ਹੀ ਕਿਸੇ ਬਹੁਤ ਹਾਸੋਹੀਣੀ ਗੱਲ ਉੱਤੇ ਬੰਦਾ ਖਿੜਖਿੜਾ ਕੇ ਹੱਸ ਪੈਂਦਾ ਹੈ। ਪੀਟਰ ਡਰਕਸ, ਜੋ ਵਿਲੀਅਮ ਐਂਡ ਮੈਰੀ ਕਾਲਜ ਵਿਚ ਸਾਈਕੌਲੋਜੀ ਦਾ ਪ੍ਰੋਫੈਸਰ ਹੈ, ਉਸ ਨੇ ਕਈ ਜਣਿਆਂ ਨੂੰ ਮਜ਼ੇਦਾਰ ਚੁਟਕਲੇ ਸੁਣਾਏ ਤੇ ਵੇਖਿਆ ਕਿ ਚੁਟਕਲੇ ਦੀ ਆਖਰੀ ਹੱਸਣ ਵਾਲੀ ਲਾਈਨ ਸੁਣਨ ਦੇ ਇਕ ਸਕਿੰਟ ਦੇ ਦੱਸਵੇਂ ਹਿੱਸੇ ਵਿਚ ਹੀ ਪੂਰੇ ਸੈਰੇਬਰਲ ਕੌਰਟੈਕਸ ਵਿਚ ਤਰੰਗ ਫਿਰ ਜਾਂਦੀ ਹੈ। ਇਸੇ ਦੌਰਾਨ ਦਿਮਾਗ਼ ਦਾ ਖੱਬਾ ਪਾਸਾ ਚੁਟਕਲੇ ਵਿਚਲੀ ਪੂਰੀ ਗੱਲਬਾਤ ਸਮੇਟਦਾ ਹੈ ਤੇ ਸੱਜਾ ਪਾਸਾ ਉਸ ਵਿਚਲੇ ਹਾਸੇ ਦੇ ਨੁਕਤੇ ਦਾ ਨਿਚੋੜ ਕੱਢ ਕੇ ਫ਼ੈਸਲਾ ਲੈਂਦਾ ਹੈ ਕਿ ਗੱਲ ਹੱਸਣਯੋਗ ਹੈ ਜਾਂ ਨਹੀਂ। ਇਸ ਤੋਂ ਬਾਅਦ ਪੂਰੇ ਦਿਮਾਗ਼ ਦੇ ਕੋਨੇ ਤੋਂ ਕੋਨੇ ਤਕ ਘੁੰਮ ਕੇ ਵਾਪਸ ਆਈਆਂ ਤਰੰਗਾਂ ਇਕ ਸਕਿੰਟ ਤੋਂ ਵੀ ਘੱਟ ਸਮੇਂ ਵਿਚ ਇਹ ਫ਼ੈਸਲਾ ਦੇ ਦਿੰਦੀਆਂ ਹਨ ਕਿ ਹਲਕਾ ਮੁਸਕਰਾਉਣਾ ਹੈ ਜਾਂ ਖਿੜਖਿੜਾ ਕੇ ਹੱਸਣਾ ਹੈ।

ਜੇ ਸੁਨੇਹਾ ਖਿੜਖਿੜਾ ਕੇ ਹੱਸਣ ਵਾਲਾ ਨਹੀਂ ਪਹੁੰਚਿਆ ਤੇ ਪੂਰਾ ਖੁੱਲ੍ਹ ਕੇ ਹੱਸੇ ਵੀ ਨਹੀਂ, ਪਰ ਆਲੇ ਦੁਆਲੇ ਸਾਰੇ ਜਣੇ ਇਕ ਦੂਜੇ ਨੂੰ ਵੇਖ ਕੇ ਹੱਸ-ਹੱਸ ਕੇ ਲੋਟਪੋਟ ਹੋ ਰਹੇ ਹੋਣ ਤਾਂ ਦਿਮਾਗ਼ ਵਿਚ ਪਹਿਲਾਂ ਹੀ ਤੇਜ਼ੀ ਨਾਲ ਫਿਰ ਚੁੱਕੀਆਂ ਤਰੰਗਾਂ ਜਿਨ੍ਹਾਂ ਨੇ ਦਿਮਾਗ਼ ਰਵਾਂ ਕਰ ਦਿੱਤਾ ਹੁੰਦਾ ਹੈ, ਦੁਬਾਰਾ ਇਹ ਟੁਣਕਦੇ ਹਾਸੇ ਦੀਆਂ ਢੇਰ ਸਾਰੀਆਂ ਤਰੰਗਾਂ ਫੜ ਕੇ ਲਾਗ ਦੀ ਬਿਮਾਰੀ ਵਾਂਗ ਬਦੋਬਦੀ ਖਿੜਖਿੜਾ ਦੇ ਹੱਸਣ ਉੱਤੇ ਮਜਬੂਰ ਕਰ ਦਿੰਦੀਆਂ ਹਨ। ਪੂਰੇ ਦਿਮਾਗ਼ ਦੀ ਹਿਲਜੁਲ ਹੋ ਜਾਣ ਉੱਤੇ ਨਾ ਸਿਰਫ਼ ਸਾਰਾ ਕੌਰਟੈਕਸ ਹਿੱਸਾ ਤੇ ਉਸ ਵਿਚਲੇ ਜੋੜ ਹੀ ਰਵਾਂ ਹੋ ਜਾਂਦੇ ਹਨ, ਇਕਦਮ ਹਾਰਮੋਨਾਂ ਦਾ ਫੁਆਰਾ ਛੁਟ ਜਾਣ ਉੱਤੇ ਚੜ੍ਹਦੀਕਲਾ ਦਾ ਅਹਿਸਾਸ, ਮੂਡ ਠੀਕ ਹੋਣਾ, ਢਹਿੰਦੀ ਕਲਾ ਕਾਫ਼ੂਰ ਹੋਣਾ, ਫੇਫੜਿਆਂ ਦੀ ਤਗੜੀ ਕਸਰਤ, ਸਰੀਰ ਦੇ ਸਾਰੇ ਪੱਠਿਆਂ ਵੱਲ ਲਹੂ ਦਾ ਦਬਾਓ ਵੱਧ ਜਾਣਾ, ਦਿਲ ਦੇ ਪੱਠਿਆਂ ਦੀ ਕਸਰਤ, ਦਿਮਾਗ਼ ਵੱਲ ਲਹੂ ਦਾ ਵੱਧ ਜਾਣਾ ਆਦਿ ਕੁੱਝ ਸਕਿੰਟਾਂ ਤੋਂ ਮਿੰਟਾਂ ਵਿਚ ਹੀ ਹੋ ਜਾਂਦਾ ਹੈ। ਪਰ, ਇਹ ਅਸਰ ਕੁੱਝ ਘੰਟਿਆਂ ਤਕ ਵੀ ਰਹਿ ਜਾਂਦਾ ਹੈ। ਅਜਿਹੇ ਮੌਕੇ ਮਾੜੀ ਖ਼ਬਰ ਸੁਣਾਏ ਜਾਣ ਉੱਤੇ ਵੀ ਸਰੀਰ ਤੇ ਦਿਮਾਗ਼ ਓਨੇ ਮਾੜੇ ਅਸਰਾਂ ਹੇਠ ਨਹੀਂ ਜਾਂਦੇ ਜਿੰਨਾ ਆਮ ਬੈਠਿਆਂ ਉੱਤੇ ਮਹਿਸੂਸ ਹੁੰਦਾ ਹੈ।



• ਡਾ. ਹਰਸ਼ਿੰਦਰ ਕੌਰ
0175-2216783

ਵਾਟਰਲੂ ਯੂਨੀਵਰਸਿਟੀ ਦੇ ਪ੍ਰੋ. ਰੌਡ ਮਾਰਟਿਨ (ਸਾਈਕੋਲੋਜਿਸਟ) ਨੇ ਪੈਨੀਸਿਲਵੇਨੀਆ ਯੂਨੀਵਰਸਿਟੀ ਨਾਲ ਰਲ ਕੇ ਜੋ ਖੋਜ ਕਾਰਜ ਕੀਤਾ, ਉਸ ਦੇ ਸਿੱਟੇ ਹਨ :-

- ਜ਼ਿਆਦਾ ਹੱਸਣ ਵਾਲੇ ਦੁਖ ਸੌਖਾ ਜਰ ਜਾਂਦੇ ਹਨ। ਇਹ ਨਹੀਂ ਹੈ ਕਿ ਉਨ੍ਹਾਂ ਨੂੰ ਦੁੱਖ ਹੁੰਦਾ ਨਹੀਂ ਜਾਂ ਉਨ੍ਹਾਂ ਉੱਤੇ ਮਾੜਾ ਸਮਾਂ ਆਉਂਦਾ ਨਹੀਂ, ਪਰ ਇਹ ਲੋਕ ਛੇਤੀ ਢਹਿੰਦੀ ਕਲਾ ਵਿਚ ਨਹੀਂ ਜਾਂਦੇ।
- ਜਿੰਨੇ ਬਜ਼ੁਰਗ ਢਹਿੰਦੀ ਕਲਾ ਵਿਚ ਜਾ ਕੇ ਖ਼ੁਦਕੁਸ਼ੀ ਕਰਨ ਦਾ ਵਿਚਾਰ ਪਾਲ ਕੇ ਬੈਠੇ ਸਨ, ਉਨ੍ਹਾਂ ਨੂੰ ਰੋਜ਼ ਦਿਨ ਵਿਚ ਇਕ ਵਾਰ ਹਾਸੇ ਦਾ ਪ੍ਰੋਗਰਾਮ ਵਿਖਾਏ ਜਾਣ ਬਾਅਦ ਉਨ੍ਹਾਂ ਦੀ ਢਹਿੰਦੀ ਕਲਾ ਕਾਫ਼ੂਰ ਹੋਈ ਲੱਭੀ।
- ਨਿਊਯਾਰਕ ਦੇ ਐਲਬਰਟ ਆਈਨਸਟੀਨ ਮੈਡੀਕਲ ਸੈਂਟਰ ਦੇ ਜੋਜ਼ਫ ਰਿਚਮੈਨ ਨੇ ਵੀ ਸਾਬਤ ਕੀਤਾ ਕਿ ਨਾ ਸਿਰਫ਼ ਬਜ਼ੁਰਗਾਂ ਵਿਚ, ਬਲਕਿ ਨੌਜਵਾਨਾਂ (18-45 ਸਾਲ ਤਕ) ਵਿਚ ਵੀ ਇਹੋ ਜਿਹੇ ਹੀ ਲੱਛਣ ਮਿਲੇ।
- ਹੱਸਣ ਨਾਲ ਦਿਲ ਦੀ ਧੜਕਣ ਘੱਟ ਜਾਂਦੀ ਹੈ ਤੇ ਐਂਡੋਰਫਿਨ ਨਿਕਲ ਪੈਂਦੇ ਹਨ ਜੋ ਪੀੜ ਮਹਿਸੂਸ ਨਹੀਂ ਹੋਣ ਦਿੰਦੇ ਤੇ ਤਿੱਖੀ ਪੀੜ ਵੀ ਘੱਟ ਲੱਗਣ ਲੱਗ ਪੈਂਦੀ ਹੈ।
- ਕੁੱਝ ਦੇਰ ਹੱਸਣ ਨਾਲ ਕਿਸੇ ਦੇ ਨਾਲ ਹੋਣ ਦਾ ਅਹਿਸਾਸ ਜਾਗਦਾ ਹੈ ਤੇ ਇਕੱਲਾਪਨ ਘੱਟ ਮਹਿਸੂਸ ਹੁੰਦਾ ਹੈ। ਆਪਣਾਪਨ, ਸਬੰਧਿਤ ਹੋਣਾ ਆਦਿ ਵਰਗੇ ਵਿਚਾਰ ਚੜ੍ਹਦੀਕਲਾ ਦਾ ਅਹਿਸਾਸ ਜਗਾਉਂਦੇ ਹਨ।
- ਜਿਵੇਂ ਕੱਸੇ ਹੋਏ ਤੇ ਜੰਗਾਲ ਖਾਧੇ ਪੇਚ ਘੁਮਾਉਣੇ ਔਖੇ ਹੁੰਦੇ ਹਨ ਪਰ ਤੇਲ ਲਾ ਕੇ ਨਰਮ ਕਰਨ ਉੱਤੇ ਸੌਖੇ ਖੁੱਲ੍ਹ ਜਾਂਦੇ ਹਨ, ਉਸੇ ਤਰ੍ਹਾਂ ਦਿਮਾਗ਼ ਵਿਚਲੀਆਂ ਕੱਸੀਆਂ ਹੋਈਆਂ ਨਸਾਂ ਤੇ ਤਣਾਓ ਨਾਲ ਨਪੀੜੇ ਜੋੜ ਹਾਸੇ ਦੇ ਟੁਣਕਾਰੇ ਨਾਲ ਨਰਮ ਪੈ ਜਾਂਦੇ ਹਨ ਤੇ ਮਾੜੇ ਵਿਚਾਰ ਛੰਡੇ ਜਾਂਦੇ ਹਨ। ਇਹ ਵੇਖਣ ਵਿਚ ਆਇਆ ਕਿ ਕਤਲ ਤਕ ਕਰਨ ਦਾ ਵਿਚਾਰ ਲੈ ਕੇ ਤੁਰੇ ਬੰਦੇ ਦਾ ਮਨ ਵੀ ਅੱਧਾ ਘੰਟਾ ਖੁੱਲ੍ਹ ਕੇ ਹੱਸਣ ਬਾਅਦ ਬਦਲ ਗਿਆ ਤੇ ਮਾੜੇ ਵਿਚਾਰ ਛੰਡੇ ਗਏ।
- ਹੱਸਦੇ ਰਹਿੰਦੇ ਬੰਦੇ ਦਾ ਜ਼ਿੰਦਗੀ ਪ੍ਰਤੀ ਸਕਾਰਾਤਮਕ ਨਜ਼ਰੀਆ ਬਣ ਜਾਂਦਾ ਹੈ।

# ਹੱਸਣ ਬਾਰੇ ਕੁਝ ਤੱਥ

*ਇਹ ਵੇਖਣ ਵਿਚ ਆਇਆ ਹੈ ਕਿ ਕਤਲ ਤਕ ਕਰਨ ਦਾ ਵਿਚਾਰ ਲੈ ਕੇ ਘਰੋਂ ਤੁਰੇ ਬੰਦੇ ਦਾ ਮਨ ਵੀ ਅੱਧਾ ਘੰਟਾ ਖੁੱਲ੍ਹ ਕੇ ਹੱਸਣ ਬਾਅਦ ਬਦਲ ਗਿਆ ਤੇ ਮਾੜੇ ਵਿਚਾਰ ਛੰਡੇ ਗਏ...*



## ਹਾਸੇ ਨੂੰ ਜ਼ਿੰਦਗੀ ਦਾ ਅਟੁੱਟ ਹਿੱਸਾ ਬਣਾਉਣ ਲਈ ਸੁਝਾਏ ਨੁਕਤੇ

- **ਹਾਸੇ ਦੀ ਲਾਇਬ੍ਰੇਰੀ** :- ਘਰ ਤੇ ਦਫਤਰ ਵਿਚ ਜਾਂ ਕੰਮ ਕਾਰ ਵਾਲੀ ਥਾਂ ਉੱਤੇ ਇਕ ਕੋਨੇ ਵਿਚ ਚੁਟਕਲਿਆਂ ਦੀਆਂ ਕਿਤਾਬਾਂ ਜਾਂ ਹਸਾਉਣ ਵਾਲੀਆਂ ਵੀਡੀਓ, ਮੈਗਜ਼ੀਨ ਆਦਿ ਰੱਖ ਲੈਣੇ ਚਾਹੀਦੇ ਹਨ।
- **ਹਾਸੇ ਦੀ ਪਰੋਫਾਈਲ** :- ਰੋਜ਼ ਦਾ ਇਕ ਚਾਰਟ ਬਣਾ ਕੇ ਉਸ ਉੱਤੇ ਸੌਣ ਤੋਂ ਪਹਿਲਾਂ ਨਿਸ਼ਾਨੀ ਲਾਓ ਕਿ ਦਿਨ ਵਿਚ ਕਿੰਨੀ ਵਾਰ ਖੁੱਲ੍ਹ ਕੇ ਹੱਸੇ!
- **ਮੁਸਕਾਨ ਦਾ ਚਾਰਟ** :- ਇਕ ਹਫ਼ਤਾ ਰੈਗੂਲਰ ਨੋਟ ਕਰਨ ਦੀ ਲੋੜ ਹੈ ਕਿ ਅਸੀਂ ਮੁਸਕਰਾ ਵੀ ਰਹੇ ਹਾਂ ਜਾਂ ਨਹੀਂ।
- **ਹੱਸਣ ਵਾਲੇ ਕਲੱਬ** :- ਇਸ ਵਿਚ ਹਫ਼ਤੇ ਵਿਚ ਇਕ ਵਾਰ ਰਲ ਕੇ ਹੱਸਣਾ (ਦਿਖਾਵਾ ਨਹੀਂ) ਵੀ ਚੰਗੀ ਕਸਰਤ ਹੈ।

ਮਾਰਟਿਨ ਲੂਥਰ ਨੇ ਕਿਹਾ ਸੀ ਕਿ ਜੇ ਸਵਰਗ ਵਿਚ ਹੱਸਣ ਦੀ ਆਗਿਆ ਨਹੀਂ ਹੈ ਤਾਂ ਮੈਂ ਸਵਰਗ ਜਾਣਾ ਹੀ ਨਹੀਂ ਚਾਹੁੰਦਾ। ਜਿਵੇਂ ਬੂਟਿਆਂ ਲਈ ਧੁੱਪ ਦੀ ਲੋੜ ਹੈ, ਉਂਜ ਹੀ ਮਨੁੱਖ ਲਈ ਹਾਸਾ ਜ਼ਰੂਰੀ ਟਾਨਿਕ ਵਾਂਗ ਹੈ। ਅਬਰਾਹਮ ਲਿੰਕਨ ਨੇ ਵੀ ਕਿਹਾ ਸੀ ਕਿ ਜੇ ਮੇਰੀ ਜ਼ਿੰਦਗੀ ਵਿਚ ਹਾਸਾ ਨਾ ਹੋਵੇ ਤਾਂ ਮੇਰੀਆਂ ਚਿੰਤਾਵਾਂ ਮੈਨੂੰ ਹੁਣੇ ਚਿਤਾ ਉੱਤੇ ਲਿਟਾ ਦੇਣਗੀਆਂ।

ਚਾਰਲੀ ਚੈਪਲਿਨ, ਜੋ ਦੂਜਿਆਂ ਨੂੰ ਹਸਾਉਣ ਵਿਚ ਮਾਹਿਰ ਸੀ, ਨੇ ਵੀ ਕਿਹਾ ਕਿ ਹਸਾਉਣ ਵਾਲੇ ਆਪਣੇ ਅੰਦਰਲੀ ਪੀੜ ਨੂੰ ਬਾਖ਼ੂਬੀ ਲੁਕਾਉਣਾ ਜਾਣਦੇ ਹਨ। ਪਰ, ਹਕੀਕਤ ਇਹ ਹੈ ਕਿ ਜੇ ਨਾ ਹੱਸਣ ਤਾਂ ਅਜਿਹੇ ਮਨੁੱਖ ਆਪਣੇ ਮਨ ਅੰਦਰਲੀ ਦੁੱਖਾਂ ਦੀ ਦਲਦਲ ਵਿਚ ਹੀ ਧਸ ਜਾਣਗੇ। ਏਸੇ ਲਈ ਲੰਮੀ ਉਮਰ ਭੋਗਣ, ਬਿਮਾਰੀਆਂ ਤੋਂ ਬਚਣ ਤੇ ਚੁੰਬਕੀ ਸ਼ਖ਼ਸੀਅਤ ਬਣਨ ਲਈ, ਰੋਜ਼ ਦਾ 10 ਵਾਰ ਮੁਸਕਰਾਉਣਾ ਤੇ 7 ਵਾਰ ਖੁੱਲ੍ਹ ਕੇ ਹੱਸਣਾ ਨਾ ਭੁੱਲਿਓ! ਜੇ ਵੱਧ ਵਾਰ ਕਰ ਰਹੇ ਹੋ ਤਾਂ ਤੁਹਾਡੇ ਤੋਂ ਅਮੀਰ ਤੇ ਖ਼ੁਸ਼ਕਿਸਮਤ ਕੋਈ ਨਹੀਂ। ਤੁਸੀਂ ਦੁਨੀਆ ਦੇ ਚੋਟੀ ਦੇ 2 ਫ਼ੀਸਦੀ ਹਸਮੁੱਖ ਲੋਕਾਂ ਵਿਚ ਸ਼ਾਮਲ ਹੋ ਚੁੱਕੇ ਹੋ! ਮੁਬਾਰਕ ਹੋਵੇ!

ਕਲਮਾਂ ਦਾ ਕਾਫ਼ਲਾ

# ਕੌਮਾਂਤਰੀ ਕਲਾਕਾਰ ਸੰਗਮ ਪੰਜਾਬ ਦਾ ਸਾਹਿਤਕ ਯੋਗਦਾਨ



• ਕੰਵਰਜੀਤ ਭੱਠਲ
93165-16951

*ਸੰਗਮ ਨੇ ਇਕ ਦਹਾਕਾ ਪਹਿਲਾਂ ਪੰਜਾਬੀ ਦੇ ਇਕ ਲੇਖਕ ਨੂੰ ਭਾਈ ਘਨੱਈਆ ਨਿਸ਼ਕਾਮ ਸੇਵਾ ਪੁਰਸਕਾਰ ਦੇਣ ਦਾ ਨਿਰਣਾ ਲਿਆ ਸੀ ਤੇ ਇਸੇ ਲੜੀ ਤਹਿਤ ਹੁਣ ਤਕ ਸੰਗਮ ਜਿਨ੍ਹਾਂ ਲੇਖਕਾਂ ਦਾ ਸਨਮਾਨ ਕਰ ਚੁੱਕਿਆ ਹੈ। ਉਨ੍ਹਾਂ ਵਿਚ ਐੱਸ. ਸਾਕੀ, ਡਾ. ਹਰਬੰਸ ਸਿੰਘ ਧੀਮਾਨ, ਡਾ. ਸੁਰਜੀਤ ਖੁਰਮਾ, ਰਜਿੰਦਰ ਕੌਰ, ਜਸਪਾਲ ਮਾਨਖੇੜਾ, ਡਾ. ਅਵਤਾਰ ਸਿੰਘ ਪਤੰਗ ਆਦਿ ਸ਼ਾਮਿਲ ਹਨ...*

ਪੰਜਾਬੀ ਸਾਹਿਤ ਨੂੰ ਜਿਉਂਦਾ ਰੱਖਣ ਹਿਤ ਅਨੇਕਾਂ ਸੰਸਥਾਵਾਂ ਅਤੇ ਜਥੇਬੰਦੀਆਂ ਆਪਣਾ ਭਰਪੂਰ ਸਹਿਯੋਗ ਪ੍ਰਦਾਨ ਕਰ ਰਹੀਆਂ ਹਨ। ਸਾਲ 1995 ਵਿਚ ਜਨਮੀ ਸਾਹਿਤਕ ਸੰਸਥਾ ਕਲਾਕਾਰ ਸੰਗਮ, ਪੰਜਾਬ ਨੇ ਪਿਛਲੇ ਢਾਈ ਦਹਾਕਿਆਂ ਦੌਰਾਨ ਇਕ ਵਿਲੱਖਣ ਅਤੇ ਵਡਮੁੱਲਾ ਸਾਹਿਤਕ ਕਾਰਜ ਕਰ ਵਿਖਾਇਆ ਹੈ। ਇਸ ਸਮੇਂ ਦੌਰਾਨ ਸੰਗਮ ਨੇ ਸਕਾਰਾਤਮਿਕ ਕਾਰਜ ਨੇਪਰੇ ਚਾੜ੍ਹੇ ਹਨ। ਅਨੇਕਾਂ ਪੁਸਤਕਾਂ ਜਿਨ੍ਹਾਂ ਵਿਚ ਕਹਾਣੀ ਸੰਗ੍ਰਹਿ, ਕਾਵਿ ਸੰਗ੍ਰਹਿ, ਨਾਵਲ, ਮਿੰਨੀ ਕਹਾਣੀ ਸੰਗ੍ਰਹਿ ਭਾਵ ਹਰ ਵਿਧਾ ਦੀਆਂ ਪੁਸਤਕਾਂ ਨੂੰ ਲੋਕ ਅਰਪਣ ਕੀਤਾ, ਉਨ੍ਹਾਂ 'ਤੇ ਭਰਪੂਰ ਗੋਸ਼ਟੀਆਂ ਕਰਵਾਈਆਂ, ਉੱਘੇ ਲੇਖਕਾਂ (ਪਰਵਾਸੀਆਂ ਸਮੇਤ) ਨਾਲ ਰੂ-ਬ-ਰੂ ਕਰਵਾਏ। ਅਨੇਕਾਂ ਲੇਖਕਾਂ ਦਾ ਮਾਣ-ਸਨਮਾਨ ਕੀਤਾ। ਢਾਈ ਦਹਾਕਿਆਂ ਦੇ ਸਮੇਂ ਦੌਰਾਨ ਹੁਣ ਤਕ 72 ਸਫ਼ਲ ਸਮਾਗਮ ਕਰਵਾਉਣੇ ਆਪਣੇ-ਆਪ ਵਿਚ ਕਿਸੇ ਕਰਿਸ਼ਮੇ ਤੋਂ ਘੱਟ ਨਹੀਂ। ਸਾਲ 1995 ਵਿਚ ਸੰਗਮ ਦੇ ਪਹਿਲੇ ਪ੍ਰਧਾਨ ਮਨਮੋਹਨ ਸਿੰਘ ਦਾਊਂ ਅਤੇ ਚੇਅਰਮੈਨ ਡਾ. ਦੀਪਕ ਮਨਮੋਹਨ ਸਿੰਘ ਬਣੇ। ਇਸ ਉਪਰੰਤ ਪ੍ਰਧਾਨ ਦਵਿੰਦਰ ਸਿੰਘ ਚਿੱਤਰਕਾਰ, ਚੇਅਰਮੈਨ ਸੁਰਿੰਦਰ ਲਾਪਰਾਂ ਪੀ.ਸੀ.ਐੱਸ. ਰਹੇ। ਫਿਰ ਪ੍ਰਧਾਨ ਜੋਗਿੰਦਰ ਸਿੰਘ ਰੈਂਖ ਅਤੇ ਚੇਅਰਮੈਨ ਸ਼ਿੰਗਾਰਾ ਸਿੰਘ ਭੁੱਲਰ ਰਹੇ।

ਕੰਵਰਜੀਤ ਭੱਠਲ ਸੰਗਮ ਦੇ ਮੁੱਢ ਤੋਂ 2018 ਤਕ ਸਕੱਤਰ ਜਨਰਲ ਹੀ ਚੱਲੇ ਆ ਰਹੇ ਹਨ। ਇਨ੍ਹਾਂ ਨਾਲ ਕਾਰਜਕਾਰਨੀ ਵਿਚ ਵੱਖ-ਵੱਖ ਅਹੁਦਿਆਂ 'ਤੇ ਦਲੀਪ ਸਿੰਘ ਜੁਨੇਜਾ, ਸ਼ਮਸ਼ੇਰ ਸਿੰਘ ਸੰਧੂ, ਓਮ ਪ੍ਰਕਾਸ਼ ਗਾਸੋ, ਪ੍ਰਿੰਸੀਪਲ ਸੁਲੱਖਣ ਮੀਤ, ਡਾ. ਗੁਰਮਿੰਦਰ ਸਿੱਧੂ, ਡਾ. ਸੁਰਜੀਤ ਖੁਰਮਾ, ਸੇਵੀ ਰਾਇਤ, ਰਾਜਿੰਦਰ ਕੌਰ, ਮਨਜੀਤ ਇੰਦਰਾ, ਡਾ. ਜਸਵੰਤ ਕੌਰ ਸੈਣੀ, ਡਾ. ਅਵਤਾਰ ਸਿੰਘ ਪਤੰਗ, ਡਾ. ਅਮਰ ਕੋਮਲ, ਸੁਰਜੀਤ ਸਿੰਘ ਮਰਜਾਰਾ, ਪਾਲ ਅਜਨਬੀ, ਰਤਨ ਬਾਬਕਵਾਲਾ, ਅਜੈਬ ਔਜਲਾ, ਗੁਰਿੰਦਰ ਸਿੰਘ ਕਲਸੀ, ਡਾ. ਬਲਦੇਵ ਸਿੰਘ ਖਹਿਰਾ, ਅਮਰਦੀਪ ਸੰਧਾਵਾਲੀਆ, ਸਤਿੰਦਰਪਾਲ ਕੌਰ, ਰਾਜ ਕੁਮਾਰ ਗਰਗ, ਦੇਵਿੰਦਰ ਦਿਲਰੂਪ, ਭੀਮਇੰਦਰ ਸਿੰਘ, ਸਵੈਰਾਜ ਸੰਧੂ, ਚਰਨ ਕੌਸ਼ਲ, ਡਾ. ਹਰਬੰਸ ਸਿੰਘ ਧੀਮਾਨ, ਡਾ. ਸ਼ਰਨਜੀਤ ਕੌਰ ਆਦਿ ਬਿਰਾਜਮਾਨ ਰਹੇ। 2004 ਵਿਚ ਇਸ ਸੰਗਮ ਨੇ ਕੌਮਾਂਤਰੀ ਪੱਧਰ ਦਾ ਦਰਜਾ ਹਾਸਿਲ ਕਰ ਲਿਆ। ਜਦੋਂ ਇਸ ਸੰਸਥਾ ਨਾਲ ਵੀਨਾ ਵਰਮਾ (ਇੰਗਲੈਂਡ), ਐੱਸ. ਸਾਕੀ (ਆਸਟ੍ਰੇਲੀਆ), ਗੁਰਮੀਤ ਪਨਾਗ (ਕੈਨੇਡਾ), ਰਵੀ ਸ਼ੇਰਗਿੱਲ (ਅਮਰੀਕਾ) ਜੁੜ ਗਏ।

ਸਾਲ 2018 ਵਿਚ ਸਰਬਸੰਮਤੀ ਨਾਲ ਹੋਈ ਚੋਣ ਵਿਚ ਸਰਪ੍ਰਸਤ ਸ਼ਿੰਗਾਰਾ ਸਿੰਘ ਭੁੱਲਰ, ਕੇ.ਐੱਲ. ਗਰਗ ਅਤੇ ਦੀਪਕ ਮਨਮੋਹਨ ਸਿੰਘ, ਚੇਅਰਮੈਨ-ਪਰਮਜੀਤ ਸਿੰਘ ਮਾਨ, ਪ੍ਰਧਾਨ-ਡਾ. ਜੋਗਿੰਦਰ ਸਿੰਘ ਨਿਰਾਲਾ, ਮੀਤ ਪ੍ਰਧਾਨ-ਸੰਪੂਰਨ ਸਿੰਘ ਟੱਲੇਵਾਲੀਆ, ਸੀਨੀਅਰ ਮੀਤ ਪ੍ਰਧਾਨ-ਡਾ. ਗੁਰਮਿੰਦਰ ਸਿੱਧੂ, ਮੀਤ ਪ੍ਰਧਾਨ-ਐੱਸ. ਸਾਕੀ (ਆਸਟ੍ਰੇਲੀਆ), ਗੁਰਮੀਤ ਪਨਾਗ (ਕੈਨੇਡਾ), ਡਾ. ਸੁਰਜੀਤ ਖੁਰਮਾ (ਪਟਿਆਲਾ), ਡਾ. ਅਮਨਦੀਪ ਸਿੰਘ ਟੱਲੇਵਾਲੀਆ (ਬਰਨਾਲਾ), ਸਕੱਤਰ ਜਨਰਲ-ਕੰਵਰਜੀਤ ਭੱਠਲ (ਸੰਪਾਦਕ ਕਲਾਕਾਰ), ਜਨਰਲ ਸਕੱਤਰ-ਰਾਮ ਸਰੂਪ ਸ਼ਰਮਾ-ਸੁਰਿੰਦਰ ਭੱਠਲ (ਬਰਨਾਲਾ), ਰਵਿੰਦਰ ਸਿੰਘ ਸੰਧੂ ਅਤੇ ਸੁਰਿੰਦਰਪ੍ਰੀਤ ਘਣੀਆ (ਬਠਿੰਡਾ), ਸਕੱਤਰ-ਤੇਜਾ ਸਿੰਘ ਤਿਲਕ-ਭੁਪਿੰਦਰ ਸਿੰਘ ਬੇਦੀ (ਬਰਨਾਲਾ), ਮੀਤ ਸਕੱਤਰ-ਮੇਜਰ ਸਿੰਘ ਗਿੱਲ-ਉਜਾਗਰ ਮਾਨ (ਬਰਨਾਲਾ), ਸੰਗਠਨ ਸਕੱਤਰ-ਚਰਨੀ ਬੇਦਿਲ (ਧਨੌਲਾ), ਡਿੰਪਲ ਕੁਮਾਰ (ਬਰਨਾਲਾ), ਪ੍ਰੈੱਸ ਸਕੱਤਰ-ਸੀ. ਮਾਰਕੰਡਾ (ਤਪਾ), ਕਾਨੂੰਨੀ ਸਲਾਹਕਾਰ-ਲਵਲੀਨ ਕੌਰ ਐਡਵੋਕੇਟ (ਮੁਹਾਲੀ), ਕਾਰਜਾਰਣੀ ਮੈਂਬਰ-ਡਾ. ਭੂਪਿੰਦਰ ਕੌਰ (ਚੰਡੀਗੜ੍ਹ), ਗੁਰਪਾਲ ਸਿੰਘ ਨੂਰ (ਬਰਨਾਲਾ), ਹਰਜੀਤ ਕੌਰ ਬਾਜਵਾ (ਮੁਹਾਲੀ), ਬਲਜਿੰਦਰ ਅੱਛਣਪੁਰੀਆ (ਕਰਨਾਲ), ਅਨਿਲ ਨਾਣਾ ਬਾਂਸਲ (ਬਰਨਾਲਾ), ਨਿਰੰਜਨ ਸ਼ਰਮਾ (ਸੇਖਾ), ਅੰਜਨਾ ਸ਼ਿਵਦੀਪ (ਸੁਨਾਮ), ਮਨਦੀਪ ਕੌਰ ਸ਼ਾਹੀ (ਲੁਧਿਆਣਾ), ਜੈ ਰਾਮ ਨਿਰਦੋਸ਼ (ਧੂਰੀ), ਗੁਰਦਰਸ਼ਨ ਸਿੰਘ ਮਾਵੀ (ਚੰਡੀਗੜ੍ਹ), ਡਾ. ਕੁਲਬੀਰ ਕੌਰ (ਚੰਡੀਗੜ੍ਹ), ਜੋਗਿੰਦਰ ਸਿੰਘ ਜੋਗੀ (ਸਾਰੰਗਪੁਰ), ਡਾ. ਅਵਤਾਰ ਸਿੰਘ ਪਤੰਗ (ਚੰਡੀਗੜ੍ਹ), ਦਮਜੀਤ ਦਰਸ਼ਨ (ਬਠਿੰਡਾ), ਪ੍ਰੋ. ਅਨਿਲ ਸ਼ੋਰੀ (ਬਰਨਾਲਾ), ਬ੍ਰਿਜ ਲਾਲ (ਧਨੌਲਾ), ਦੀਪਤੀ ਬਬੂਟਾ (ਮੁਹਾਲੀ), ਤੇਜਿੰਦਰ ਫ਼ਰਵਾਹੀ (ਪਟਿਆਲਾ)।

ਕਲਾਕਾਰ ਸੰਗਮ ਨੇ ਪਿਛਲੇ 25 ਸਾਲਾਂ ਦੌਰਾਨ ਹਰ ਸਾਲ ਕਰਵਾਏ ਸਮਾਗਮਾਂ ਵਿਚ ਕਰਨਲ ਨਰੈਣ ਸਿੰਘ ਭੱਠਲ ਯਾਦਗਾਰੀ ਇਨਾਮੀ ਮੁਕਾਬਲਿਆਂ ਵਿੱਚੋਂ ਪਹਿਲੇ ਅਤੇ ਦੂਜੇ ਸਥਾਨ 'ਤੇ ਰਹਿਣ ਵਾਲੀਆਂ ਕਹਾਣੀਆਂ ਦੇ ਕਹਾਣੀਕਾਰਾਂ ਨੂੰ ਇਕ ਭਰਵੇਂ ਸਮਾਗਮ ਵਿਚ ਨਕਦ ਰਾਸ਼ੀ ਦੇ ਕੇ ਸਨਮਾਨਿਆ। ਹੁਣ ਤਕ ਸਨਮਾਨੇ ਗਏ ਕਹਾਣੀਕਾਰਾਂ ਵਿਚ-ਬਲਦੇਵ ਸਿੰਘ ਧਾਲੀਵਾਲ, ਅਤਰਜੀਤ, ਅਵਤਾਰ ਸਿੰਘ ਪਤੰਗ, ਧਰਮਪਾਲ ਸਾਹਿਲ, ਜਸਵੀਰ ਸਿੰਘ ਰਾਣਾ, ਮਹਿੰਦਰ ਰਿਸ਼ਮ, ਕੇਸਰਾ ਰਾਮ, ਬਿੱਕਰ ਸਿੰਘ ਆਜ਼ਾਦ, ਮੋਹਨ ਲਾਲ ਫ਼ਿਲੌਰੀਆ, ਸੁਰਿੰਦਰ ਨੀਰ, ਨਰੇਸ਼ ਸ਼ਰਮਾ ਦੀਨਾਨਗਰੀ, ਗੁਰਸੇਵਕ ਸਿੰਘ ਪ੍ਰੀਤ, ਦਰਸ਼ਨ ਧੀਰ (ਯੂ.ਕੇ.), ਸੁਖਮਿੰਦਰ ਸੇਖੋਂ, ਬਿੰਦਰ ਭੁੰਮਸੀ, ਜਸਪਾਲ ਮਾਨਖੇੜਾ, ਹਰਪਾਲ ਸਿੰਘ ਚੌਂਦਾ, ਸਿਕੰਦਰ ਗੋਸਲ, ਗੁਰਦਿਆਲ ਦਲਾਲ, ਬੀ.ਐੱਸ. ਬੀਰ, ਅਸ਼ਵਨੀ ਬਾਗੜੀਆਂ, ਬਲਜਿੰਦਰ ਅੱਛਣਪੁਰੀਆ, ਗੁਰਪਾਲ ਸਿੰਘ ਨੂਰ, ਐੱਸ. ਬਰਜਿੰਦਰ, ਹਮਦਰਦਵੀਰ ਨੌਸ਼ਹਿਰਵੀ, ਪਰਗਟ ਸਿੰਘ ਸਤੌਜ, ਸਵਾਮੀ ਸਰਬਜੀਤ, ਅੰਜਨਾ ਸ਼ਿਵਦੀਪ, ਜਗਮੀਤ ਸਿੰਘ ਪੰਧੇਰ, ਡਾ. ਕਰਮਜੀਤ ਸਿੰਘ ਨਡਾਲਾ, ਮਲਕੀਤ ਸਿੰਘ ਬਿਲਿੰਗ, ਗੁਰਮੀਤ ਪਨਾਗ (ਕੈਨੇਡਾ), ਰਣਜੀਤ ਰਾਹੀ, ਜੰਗ ਬਹਾਦਰ ਸਿੰਘ ਘੁੰਮਣ, ਡਾ. ਰਵੀ ਸ਼ੇਰਗਿੱਲ (ਅਮਰੀਕਾ), ਦੀਪ ਦੇਵਿੰਦਰ, ਡਾ. ਕੁਲਬੀਰ ਕੌਰ, ਪਰਮਜੀਤ ਸਿੰਘ ਮਾਨ, ਜੋਗੇ ਭੰਗਲ ਅਤੇ ਪਵਿੱਤਰ ਕੌਰ ਮਾਟੀ ਹਨ।

ਸੰਗਮ ਨੇ ਆਪਣੇ ਪਿਛਲੇ ਢਾਈ ਦਹਾਕਿਆਂ ਦੌਰਾਨ ਕਰਵਾਏ ਸਮਾਗਮਾਂ ਵਿਚ ਅਨੇਕਾਂ ਪੁਸਤਕਾਂ ਲੋਕ ਅਰਪਣ ਤੇ ਗੋਸ਼ਟੀਆਂ ਕੀਤੀਆਂ। ਜਿਨ੍ਹਾਂ ਵਿਚ ਕੁਝ ਹਨ 'ਪੰਜਾਬੀ ਸਭਿਆਚਾਰ ਦਾ ਦਸਤਾਵੇਜ਼'-ਓਮ ਪ੍ਰਕਾਸ਼ ਗਾਸੋ, 'ਸਿਰਮੌਰ ਵਿਅੰਗ ਲੇਖਕ'-ਸ਼ੇਰ ਜੰਗ ਜਾਂਗਲੀ, 'ਹਨੀਮੂਨ ਤੇ ਹੋਰ ਕਹਾਣੀਆਂ'-ਸੰਪਾਦਕ ਕੰਵਰਜੀਤ ਭੱਠਲ, 'ਪ੍ਰਦੇਸੋਂ ਪਰਤ ਪਰਿੰਦੇ ਗਏ'-ਗੁਰਦੀਪ ਸਿੰਘ ਪੁਰੀ, 'ਗਾਗਰ ਭਰਿਆ ਸਾਗਰ'-ਗੁਰਦੀਪ ਸਿੰਘ ਪੁਰੀ, 'ਪਹਿਲੀ ਕਿਤਾਬ'-ਦਲਬੀਰ ਸਿੰਘ, 'ਕੰਕਰੀਟ ਦੇ ਸ਼ਹਿਰ ਵਿਚ ਕਸ਼ਮੀਰੀ ਖ਼ੁਸ਼ਬੋ'- ਕੇ.ਐੱਲ. ਗਰਗ, 'ਮਹਿਕ ਅਮਨਾਂ ਦੀ'-ਜੈਰਾਮ ਨਿਰਦੋਸ਼, 'ਉਮਰ ਕੈਦ'-ਸਿਮਰਜੀਤ ਕੌਰ ਬਰਾੜ, 'ਉਦਾਸ ਰੁੱਤ ਦਾ ਗੀਤ'-ਬਲਜਿੰਦਰ ਅੱਛਣਪੁਰੀਆ, 'ਤੀਜੇ ਪਿੰਡ ਦੇ ਲੋਕ'-ਦੀਪਤੀ ਬਬੂਟਾ, 'ਸਮੁੰਦਰ ਦਾ ਆਦਮੀ'-ਪਰਮਜੀਤ ਸਿੰਘ ਮਾਨ, 'ਇੰਜ ਵੇਖਿਆ ਕੈਨੇਡਾ'-ਤੇਜਾ ਸਿੰਘ ਤਿਲਕ, 'ਮੋਕਲਾ ਰਾਹ'-ਜੋਰਾ ਸਿੰਘ ਸੰਧੂ, 'ਧੀਆਂ ਨਾਲ ਜੱਗ ਵਸੇਂਦਾ'-ਡਾ. ਗੁਰਮਿੰਦਰ ਸਿੱਧੂ, 'ਖਾਲੀ ਕਮਰਾ'-ਐੱਸ. ਸਾਕੀ, 'ਸ਼ਬਦ ਸੈਨਤਾਂ'-ਪ੍ਰੇਮ ਸਿੰਘ ਮਸਤਾਨਾ, 'ਜ਼ਿੰਦਗੀ'-ਬਲਜਿੰਦਰ ਅੱਛਣਪੁਰੀਆ, 'ਸਿਲਸਿਲਾ ਜ਼ਾਰੀ ਏ'-ਇੰਦਰ ਕੌਰ, 'ਸਾਂਝ ਦਿਲਾਂ ਦੀ ਤੇ ਜ਼ਿੰਦਗੀ ਦੇ ਸੁਨੇਹੇ'-ਗੁਰਪਾਲ ਸਿੰਘ ਨੂਰ, 'ਲਰਜ਼ਦੇ ਪਾਣੀ'-ਰਾਮ ਸਰੂਪ ਸ਼ਰਮਾ, 'ਆਓ ਜਿਊਣਾ ਸਿੱਖੀਏ'-ਡਾ. ਅਮਨਦੀਪ ਸਿੰਘ ਟੱਲੇਵਾਲੀਆ। ਇਨ੍ਹਾਂ ਤੋਂ ਬਿਨਾਂ ਕੰਵਰਜੀਤ ਭੱਠਲ ਵੱਲੋਂ ਸੰਪਾਦਿਤ ਕੀਤੇ 16 ਕਹਾਣੀ ਸੰਗ੍ਰਹਿ-'ਕਾਲੀ ਧੁੱਪ ਦਾ ਚਾਨਣ', 'ਮੁਕਤੀ ਤੇ ਹੋਰ ਕਹਾਣੀਆਂ', 'ਚਾਦਰ ਤੇ ਹੋਰ ਕਹਾਣੀਆਂ', 'ਲਾਸ਼ ਤੇ ਹੋਰ ਕਹਾਣੀਆਂ', 'ਮਰੀਜ਼ ਤੇ ਹੋਰ ਕਹਾਣੀਆਂ', 'ਅੰਗੂਰਾਂ ਦੀ ਵੇਲ ਤੇ ਹੋਰ ਕਹਾਣੀਆਂ', 'ਆਲ੍ਹਣਾ ਤੇ ਹੋਰ ਕਹਾਣੀਆਂ', 'ਪੰਛੀ ਖ਼ੁਦਕਸ਼ੀ ਨਹੀਂ ਕਰਦੇ', 'ਪਹੀਆ ਤੇ ਹੋਰ ਕਹਾਣੀਆਂ', 'ਸੰਤਾਪ ਤੇ ਹੋਰ ਕਹਾਣੀਆਂ', 'ਤਿੜਕਦੇ ਰਿਸ਼ਤੇ', 'ਜ਼ਿੰਦਗੀ ਦਾ ਰੁਦਨ', 'ਸੁੱਤੀ ਗਲੀ ਦਾ ਸ਼ੋਰ' ਦਾ ਵੀ ਲੋਕ ਅਰਪਣ ਤੇ ਗੋਸ਼ਟੀਆਂ ਕਰਵਾਈਆਂ ਗਈਆਂ। ਕੰਵਰਜੀਤ ਭੱਠਲ ਦਾ ਮੌਲਿਕ ਕਾਵਿ ਸੰਗ੍ਰਹਿ 'ਰੂਹ ਦੀ ਉਮਰ' ਦਾ ਲੋਕ ਅਰਪਣ ਤੇ ਇਸ 'ਤੇ ਗੋਸ਼ਟੀ ਕਰਵਾਈ ਗਈ। ਇਹ ਸਾਰੇ ਸਮਾਗਮ ਚੰਡੀਗੜ੍ਹ, ਮੁਹਾਲੀ, ਰੋਪੜ, ਰਾਜਪੁਰਾ, ਪਟਿਆਲਾ, ਸੰਗਰੂਰ, ਧੂਰੀ, ਲੁਧਿਆਣਾ, ਮੋਗਾ, ਫ਼ਰੀਦਕੋਟ, ਬਠਿੰਡਾ ਅਤੇ ਬਰਨਾਲਾ ਵਿਖੇ ਕਰਵਾਏ ਜਾਂਦੇ ਰਹੇ।

ਕਲਾਕਾਰ ਸੰਗਮ ਵੱਲੋਂ ਲਗਾਤਾਰ ਮਹੀਨੇ ਦੇ ਪਹਿਲੇ ਐਤਵਾਰ ਰੂ-ਬ-ਰੂ ਪ੍ਰੋਗਰਾਮਾਂ ਦੀ ਲੜੀ ਆਰੰਭ ਕੀਤੀ ਹੋਈ ਹੈ। ਜਿਨ੍ਹਾਂ ਵਿਚ ਇਧਰਲੇ ਅਤੇ ਬਾਹਰੋਂ ਆਏ ਅਦੀਬਾਂ ਨਾਲ ਵੀ ਵਾਰਤਾਲਾਪ ਨੈਲ ਸਿੰਘ, ਵੀਨਾ ਵਰਮਾ, ਜੰਗੀਰ ਕਾਹਲੋਂ, ਗੁਰਮੀਤ ਪਨਾਗ, ਐੱਸ. ਸਾਕੀ, ਮੇਜਰ ਮਾਂਗਟ, ਅੰਮ੍ਰਿਤ ਦੀਵਾਨਾ, ਗੁਰਦੀਪ ਸਿੰਘ ਪੁਰੀ, ਕੇ.ਸੀ. ਮੋਹਨ, ਰਾਣੀ ਨਰਿੰਦਰ, ਆਰ.ਡੀ.ਐੱਸ. ਮਹਿਤਾਬ ਆਦਿ ਵਿਸ਼ੇਸ਼ ਉਲੇਖਯੋਗ ਹਨ।

ਸੰਗਮ ਨੇ ਇਕ ਦਹਾਕਾ ਪਹਿਲਾਂ ਪੰਜਾਬੀ ਦੇ ਇਕ ਲੇਖਕ ਨੂੰ ਭਾਈ ਘਨੱਈਆ ਨਿਸ਼ਕਾਮ ਸੇਵਾ ਪੁਰਸਕਾਰ ਦੇਣ ਦਾ ਨਿਰਣਾ ਲਿਆ ਸੀ ਤੇ ਇਸੇ ਲੜੀ ਤਹਿਤ ਹੁਣ ਤਕ ਸੰਗਮ ਜਿਨ੍ਹਾਂ ਲੇਖਕਾਂ ਦਾ ਸਨਮਾਨ ਕਰ ਚੁੱਕਿਆ ਹੈ। ਉਨ੍ਹਾਂ ਵਿਚ-ਐੱਸ. ਸਾਕੀ, ਡਾ. ਹਰਬੰਸ ਸਿੰਘ ਧੀਮਾਨ, ਡਾ. ਸੁਰਜੀਤ ਖੁਰਮਾ, ਰਜਿੰਦਰ ਕੌਰ, ਜਸਪਾਲ ਮਾਨਖੇੜਾ, ਡਾ. ਅਵਤਾਰ ਸਿੰਘ ਪਤੰਗ, ਡਾ. ਭੂਪਿੰਦਰ ਕੌਰ, ਡਾ. ਮਨਦੀਪ ਕੌਰ ਅਤੇ ਡਾ. ਜੋਗਿੰਦਰ ਸਿੰਘ ਨਿਰਾਲਾ ਸ਼ਾਮਿਲ ਹਨ।

ਕਲਾਕਾਰ ਨੇ ਆਪਣੇ 25 ਸਾਲ ਦੇ ਸਫ਼ਰ ਦੌਰਾਨ 22 ਵਿਸ਼ੇਸ਼ ਅੰਕ ਵੱਖ-ਵੱਖ ਸਾਹਿਤਕਾਰਾਂ ਬਾਰੇ ਪ੍ਰਕਾਸ਼ਿਤ ਕੀਤੇ ਹਨ। ਹਰੇਕ ਵਿਸ਼ੇਸ਼ ਅੰਕ ਨੂੰ ਕਲਾਕਾਰ ਸੰਗਮ ਨੇ ਬਾਕਾਇਦਾ ਇਕ ਵਿਸ਼ੇਸ਼ ਸਮਾਗਮ ਰਚਾ ਕੇ ਉਸ ਵਿਚ ਇਨ੍ਹਾਂ ਅੰਕਾਂ ਬਾਰੇ ਵੱਖ-ਵੱਖ ਵਿਦਵਾਨਾਂ ਵੱਲੋਂ ਪੇਪਰ ਪੜ੍ਹਵਾ ਕੇ ਲੋਕ ਅਰਪਣ ਕੀਤਾ।

ਜੋ ਵਿਸ਼ੇਸ਼ ਅੰਕਾਂ ਨੂੰ ਸਮਾਗਮਾਂ ਵਿਚ ਲੋਕ ਅਰਪਣ ਕੀਤਾ ਗਿਆ, ਉਹ ਹਨ-ਗਲਪਕਾਰ ਓਮ ਪ੍ਰਕਾਸ਼ ਗਾਸੋ, ਵਿਅੰਗਕਾਰ ਸ਼ੇਰ ਸਿੰਘ ਜਾਂਗਲੀ, ਬਰਤਾਨੀਆ ਪਰਵਾਸੀ ਸਾਹਿਤ, ਅਮਰੀਕਾ ਪਰਵਾਸੀ ਸਾਹਿਤ, ਰੋਮੀਓ ਐਂਡ ਜੂਲੀਅਟ ਨਾਟਕ, ਨਾਵਲਕਾਰ ਸਵਰਨ ਚੰਦਨ, ਸ਼ਾਇਰ-ਜੋਗਾ ਸਿੰਘ ਸਿਮ੍ਰਤੀ ਅੰਕ, ਸ਼ਾਇਰ ਕਹਾਣੀਕਾਰ ਗੁਰਦੀਪ ਸਿੰਘ ਪੁਰੀ, ਨਾਵਲਕਾਰ ਜਸਵੰਤ ਸਿੰਘ ਕੰਵਲ, ਸ਼ਾਇਰਾ ਤੇ ਕਹਾਣੀਕਾਰ ਰਾਣੀ ਨਰਿੰਦਰ, ਸ਼ਾਇਰ-ਪੱਤਰਕਾਰ ਹਰਭਜਨ ਹਲਵਾਰਵੀ, ਆਲੋਚਕ ਡਾ. ਤੇਜਵੰਤ ਮਾਨ, ਗਲਪਕਾਰ ਡਾ. ਅਮਰ ਕੋਮਲ, ਨਾਟਕਕਾਰ ਅਜਮੇਰ ਸਿੰਘ ਔਲਖ, ਡਾ. ਆਰ.ਡੀ.ਐੱਸ. ਮਹਿਤਾਬ (ਪਰਵਾਸੀ), ਸ਼੍ਰੋਮਣੀ ਬਾਲ ਸਾਹਿਤ ਲੇਖਕ-ਮਨਮੋਹਨ ਸਿੰਘ ਦਾਊਂ, ਵਿਅੰਗਕਾਰ-ਕੇ.ਐੱਲ. ਗਰਗ, ਸਰਬਾਂਗੀ ਸਾਹਿਤਕਾਰ ਡਾ. ਜੋਗਿੰਦਰ ਸਿੰਘ ਨਿਰਾਲਾ, ਟੋਰਾਂਟੋ (ਕੈਨੇਡਾ) ਪੰਜਾਬੀ ਸਾਹਿਤ ਅੰਕ, ਸ਼ਾਇਰਾ ਗੁਰਮਿੰਦਰ ਸਿੱਧੂ ਵਿਸ਼ੇਸ਼ ਅੰਕ, ਕਸ਼ਮੀਰੀ ਲੇਖਕ ਜੋਗਿੰਦਰ ਸਿੰਘ ਪਾਂਧੀ ਅਤੇ ਡਾ. ਦਲੀਪ ਕੌਰ ਟਿਵਾਣਾ ਵਿਸ਼ੇਸ਼ ਅੰਕ।

ਕੌਮਾਂਤਰੀ ਕਲਾਕਾਰ ਸੰਗਮ ਦੇ ਸਕੱਤਰ ਜਨਰਲ ਕੰਵਰਜੀਤ ਭੱਠਲ ਨੇ ਸਾਲ 2015 ਤੋਂ ਹਰ ਸਾਲ ਚਾਰ ਲੇਖਕਾਂ ਨੂੰ ਕਰਨਲ ਭੱਠਲ ਕਲਾਕਾਰ ਸਾਹਿਤਕ ਪੁਰਸਕਾਰ-ਸ਼ਾਇਰ, ਕਹਾਣੀਕਾਰ, ਆਲੋਚਕ ਅਤੇ ਪੱਤਰਕਾਰ ਨੂੰ 21-21 ਹਜ਼ਾਰ ਰੁਪਏ ਨਕਦ, ਦੋਸ਼ਾਲਾ ਤੇ ਸਨਮਾਨ ਪੱਤਰ ਦੇਣ ਦਾ ਫ਼ੈਸਲਾ ਕੀਤਾ। 2015 ਦਾ ਪਹਿਲਾ ਕਰਨਲ ਭੱਠਲ ਕਲਾਕਾਰ ਸਾਹਿਤਕ ਪੁਰਸਕਾਰ ਸ਼ਾਇਰ ਜਸਵੰਤ ਜ਼ਫ਼ਰ, ਕਹਾਣੀਕਾਰ ਅਤਰਜੀਤ, ਆਲੋਚਕ ਸੁਰਜੀਤ ਬਰਾੜ ਅਤੇ ਪੱਤਰਕਾਰ ਚਰਨਜੀਤ ਭੁੱਲਰ ਨੂੰ 9 ਅਪ੍ਰੈਲ 2015 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰਮਤਿ ਸੈਂਟਰ ਵਿਖੇ ਵੀ.ਸੀ. ਡਾ. ਜਸਪਾਲ ਸਿੰਘ ਵੱਲੋਂ ਪ੍ਰਦਾਨ ਕੀਤੇ ਗਏ। ਪਧਾਨਗੀ ਮੰਡਲ ਵਿਚ ਡਾ. ਕੇ.ਕੇ. ਰੱਤੂ, ਦੀਪਕ ਮਨਮੋਹਨ ਸਿੰਘ, ਡਾ. ਸੁਰਜੀਤ ਸਿੰਘ, ਓਮ ਪ੍ਰਕਾਸ਼ ਗਾਸੋ, ਡਾ. ਜੋਗਿੰਦਰ ਸਿੰਘ ਨਿਰਾਲਾ ਅਤੇ ਕੰਵਰਜੀਤ ਭੱਠਲ ਸੁਸ਼ੋਭਿਤ ਸਨ। •



ਡਾ. ਦੀਪਕ ਮਨਮੋਹਨ ਸਿੰਘ



ਮਨਮੋਹਨ ਸਿੰਘ ਦਾਊਂ



ਪਰਮਜੀਤ ਮਾਨ



ਡਾ. ਜੋਗਿੰਦਰ ਸਿੰਘ ਨਿਰਾਲਾ

# ਜ਼ਿਲ੍ਹਾ ਪ੍ਰਸ਼ਾਸਨ ਤੇ ਐਨ.ਡੀ.ਆਰ.ਐਫ ਵੱਲੋਂ ਸੰਭਾਵੀ ਹੜ੍ਹਾਂ ਦੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਕੀਤੀ ਜਾਵੇਗੀ ਮੌਕ ਡਰਿੱਲ : ਡਾ. ਹਿਮਾਂਸ਼ੂ ਅਗਰਵਾਲ

➢ ਡਿਪਟੀ ਕਮਿਸ਼ਨਰ ਵੱਲੋਂ ਹੜ੍ਹਾਂ ਤੋਂ ਬਚਾਅ ਲਈ ਤਿਆਰੀਆਂ ਦਾ ਜਾਇਜ਼ਾ, ਕਿਹਾ, ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਚੌਕਸ

➢ ਨਦੀਆਂ ਵਿੱਚ ਪਾਣੀ ਦੇ ਵਹਾਅ ਵਿੱਚ ਰੁਕਾਵਟ ਵਾਲੀਆਂ ਸੰਵੇਦਨਸ਼ੀਲ ਥਾਵਾਂ 'ਤੇ ਮਸ਼ੀਨਰੀ ਰਹੇਗੀ 24 ਘੰਟੇ ਤਾਇਨਾਤ

**ਪਟਿਆਲਾ, 26 ਜੁਲਾਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਐਨ.ਡੀ.ਆਰ.ਐਫ ਨਾਲ ਮਿਲ ਕੇ ਸੰਭਾਵੀ ਹੜ੍ਹਾਂ ਵਰਗੀ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਮੌਕ ਡਰਿੱਲ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਅੱਜ ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸੇ ਵੀ ਸੰਭਾਵੀ ਹੜ੍ਹ ਵਰਗੀ ਸਥਿਤੀ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਕੀਤੀਆਂ ਜਾ ਰਹੀਆਂ ਵਿਆਪਕ ਤਿਆਰੀਆਂ ਦਾ ਮੁੜ ਜਾਇਜ਼ਾ ਲੈ ਰਹੇ ਸਨ। ਉਨ੍ਹਾਂ ਦੱਸਿਆ ਕਿ ਘੱਗਰ ਦਰਿਆ 'ਤੇ ਸਰਾਲਾ ਹੈਡ ਅਤੇ ਭਾਖੜਾ ਨਹਿਰ ਦੇ ਕਿਸੇ ਉਚਿਤ ਸਥਾਨ 'ਤੇ ਮੌਕ ਡਰਿੱਲ ਕੀਤੀ ਜਾਵੇਗੀ, ਤਾਂ ਜੋ



ਤਿਆਰੀਆਂ ਵਿੱਚ ਜੇਕਰ ਕੋਈ ਕਮੀ ਨਜ਼ਰ ਆਵੇ ਤਾਂ ਉਸ ਨੂੰ ਸਮਾਂ ਰਹਿੰਦੇ ਦੂਰ ਕੀਤਾ ਜਾ ਸਕੇ।

ਡਾ. ਹਿਮਾਂਸ਼ੂ ਅਗਰਵਾਲ ਨੇ ਏ.ਡੀ.ਸੀ. (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ, ਐਨ.ਡੀ.ਆਰ.ਐਫ ਦੀ 7ਵੀਂ ਬਟਾਲੀਅਨ ਬਠਿੰਡਾ ਦੇ ਸਬ-ਇੰਸਪੈਕਟਰ ਯੋਤਿੰਦਰ ਸਿੰਘ, ਸਮੂਹ ਐਸ.ਡੀ.ਐਮਜ਼, ਪੁਲਿਸ, ਜ਼ਿਲ੍ਹਾ ਮਾਲ ਅਫ਼ਸਰ ਦਿਵਿਆ ਸਿੰਗਲਾ, ਡਰੇਨੇਜ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਅਕਾਸ਼ ਅਗਰਵਾਲ ਅਤੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਨਾਲ ਬੈਠਕ ਕੀਤੀ।

ਡਿਪਟੀ ਕਮਿਸ਼ਨਰ ਨੇ ਡਰੇਨੇਜ ਵਿਭਾਗ ਨੂੰ ਹਦਾਇਤ ਕੀਤੀ ਕਿ ਨਦੀਆਂ ਦੀਆਂ ਪਛਾਣ ਕੀਤੀਆਂ ਸੰਵੇਦਨਸ਼ੀਲ ਥਾਵਾਂ 'ਤੇ ਆਉਣ ਵਾਲੀ ਜਲਬੂਟੀ ਅਤੇ ਪਾਣੀ ਦੇ ਵਹਾਅ ਵਿੱਚ ਰੁਕਾਵਟ ਪੈਦਾ ਕਰਨ ਵਾਲੀਆਂ ਹੋਰ ਵਸਤਾਂ ਨੂੰ ਤੁਰੰਤ ਦੂਰ ਕਰਨ ਲਈ ਲੋੜੀਂਦੀ ਮਸ਼ੀਨਰੀ 24 ਘੰਟੇ ਤਾਇਨਾਤ ਰੱਖੀ ਜਾਵੇ।

ਉਨ੍ਹਾਂ ਸਾਰੇ ਵਿਭਾਗਾਂ ਨੂੰ ਦੁਹਰਾਇਆ ਕਿ ਜੇਕਰ ਕਿਸੇ ਵਿਭਾਗ ਨੂੰ ਕਿਸੇ ਵੀ ਸਾਜ਼ੋ-ਸਮਾਨ ਦੀ ਲੋੜ ਹੈ ਤਾਂ ਉਹ ਤੁਰੰਤ ਮੰਗ ਕਰ ਲਏ, ਪਰ ਹੜ੍ਹਾਂ ਵਰਗੀ ਸਥਿਤੀ ਦੌਰਾਨ ਜੇਕਰ ਕੋਈ ਲੋੜੀਂਦਾ ਸਮਾਨ ਮੌਜੂਦ ਨਾ ਹੋਇਆ ਤਾਂ ਇਸ ਦਾ ਗੰਭੀਰ ਨੋਟਿਸ ਲਿਆ ਜਾਵੇਗਾ।

ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਜ਼ਿਲ੍ਹਾ ਪ੍ਰਸ਼ਾਸਨ ਹਰ ਤਰ੍ਹਾਂ ਦੀ ਸਥਿਤੀ 'ਤੇ ਨੇੜਿਓਂ ਨਿਗਰਾਨੀ ਰੱਖੇਗਾ ਅਤੇ ਮਾਨਸੂਨ ਸੀਜ਼ਨ ਦੌਰਾਨ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕੋਈ ਢਿੱਲ ਨਹੀਂ ਵਰਤੇਗਾ।

ਉਨ੍ਹਾਂ ਐਸ.ਡੀ.ਐਮਜ਼ ਅਤੇ ਸਮੂਹ ਵਿਭਾਗਾਂ ਵੱਲੋਂ ਕੀਤੀਆਂ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਲੋੜੀਂਦੀਆਂ ਕਿਸ਼ਤੀਆਂ, ਰੱਸੇ, ਲਾਇਫ ਜੈਕੇਟਾਂ, ਗੋਤਾਖੋਰਾਂ ਦੀ ਸੂਚੀ, ਰਾਸ਼ਨ, ਐਮਰਜੈਂਸੀ ਰਾਹਤ ਕੇਂਦਰਾਂ ਅਤੇ ਹੋਰ ਰਾਹਤ ਸਮੱਗਰੀ ਦੀ ਉਪਲਬਧਤਾ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਜ਼ਿਲ੍ਹਾ ਮਾਲ ਅਫ਼ਸਰ ਨੂੰ ਹਦਾਇਤ ਕੀਤੀ ਕਿ ਜਿੱਥੇ ਹੜ੍ਹਾਂ ਵਿੱਚ ਫਸੀਆਂ ਮਨੁੱਖੀ ਜਾਨਾਂ ਨੂੰ ਬਚਾਉਣ ਲਈ ਮੋਟਰਬੋਟਾਂ ਅਤੇ ਲਾਇਫ ਜੈਕੇਟਾਂ ਦਾ ਪੂਰਾ ਪ੍ਰਬੰਧ ਕੀਤਾ ਜਾਵੇ, ਉੱਥੇ ਹੀ ਪਸ਼ੂਆਂ ਨੂੰ ਬਚਾਉਣ ਲਈ ਵੱਡੇ ਬੇੜਿਆਂ ਦਾ ਵੀ ਪ੍ਰਬੰਧ ਕਰਕੇ ਰੱਖਿਆ ਜਾਵੇ।

ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਸੰਭਾਵੀ ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਪਹਿਲਾਂ ਤੋਂ ਪਛਾਣ ਕਰਕੇ ਉੱਥੇ ਰਾਹਤ ਅਤੇ ਬਚਾਅ ਕਾਰਜਾਂ ਲਈ ਲੋੜੀਂਦੀ ਟੀਮਾਂ ਨੂੰ ਤਿਆਰ ਰੱਖਿਆ ਜਾਵੇ। ਅਧਿਕਾਰੀਆਂ ਨੇ ਡਿਪਟੀ ਕਮਿਸ਼ਨਰ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਹਦਾਇਤਾਂ ਮੁਤਾਬਕ ਸਾਰੇ ਲੋੜੀਂਦੇ ਪ੍ਰਬੰਧ ਮੁਕੰਮਲ ਕੀਤੇ ਜਾ ਰਹੇ ਹਨ।

# ਐਡਵੋਕੇਟ ਗਗਨਦੀਪ ਸਿੰਘ ਗੁਰਾਇਆ ਦਾ ਕੀਤਾ ਨਿੱਘਾ ਸਵਾਗਤ : ਬਿੱਟੂ ਚੋਹਾਨ




**ਮਲੇਰਕੋਟਲਾ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨ ਅਕਾਲੀ ਦਲ ਵਾਰਿਸ ਪੰਜਾਬ ਦੇ ਮਾਲਵਾ ਜੋਨ 3 ਦੇ ਇੰਚਾਰਜ ਐਡਵੋਕੇਟ ਗਗਨਦੀਪ ਸਿੰਘ ਗੁਰਾਇਆਂ ਜੀ ਦਾ ਮਾਲੇਰਕੋਟਲਾ ਵਿਖੇ ਹਾਜੀ ਅਨਵਾਰ ਅਹਿਮਦ ਬਿੱਟੂ ਚੋਹਾਨ ਦੀ ਫੈਕਟਰੀ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ ਗਿਆ ਇਸ ਮੌਕੇ ਗੁਰਾਇਆਂ ਜੀ ਨੂੰ ਹਾਰ ਪਾ ਕੇ ਜੀ ਆਇਆ ਨੂੰ ਆਖਦੇਆਂ ਸਰੋਪੇ ਪਾ ਕੇ ਸਨਮਾਨਿਤ ਕਰਦਿਆਂ ਹਾਜੀ ਬਿੱਟੂ ਚੋਹਾਨ ਨੇ ਮੂੰਹ ਮਿੱਠਾ ਕਰਵਾਇਆ।

ਇਸ ਮੌਕੇ ਐਡਵੋਕੇਟ ਗਗਨਦੀਪ ਸਿੰਘ ਗੁਰਾਇਆ ਨੇ ਹਾਜ਼ਰ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ 2027 ਵਿੱਚ ਭਾਈ ਅਮ੍ਰਿਤਪਾਲ ਸਿੰਘ ਖਾਲਸਾ ਦੀ ਅਗਵਾਈ ਹੇਠ ਅਕਾਲੀ ਦਲ ਵਾਰਿਸ ਪੰਜਾਬ ਦੀ ਸਰਕਾਰ ਬਣਨੀ ਤੈਹ ਹੈ। ਕਿਉਂਕਿ ਹਰ ਦਿਨ ਲੋਕ ਆਪ ਮੁਹਾਰੇ ਹੋ ਕੇ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਅਕਾਲੀ ਦਲ ਵਾਰਿਸ ਪੰਜਾਬ ਦੇ ਨਾਲ ਜੁੜ ਰਹੇ ਹਨ।

ਐਡਵੋਕੇਟ ਗੁਰਮੁਖ ਸਿੰਘ ਟਿਵਾਣਾ ਜੀ ਨੇ ਵੀ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਤਲੁਜ ਫਿਲਮ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਇਆ ਜਾਵੇ ਅਤੇ ਦਿਖਾਇਆ ਜਾਵੇ ਤਾਂ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਅਸਲ ਸੱਚ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ।

ਅਖੀਰ ਵਿੱਚ ਹਾਜੀ ਬਿੱਟੂ ਚੋਹਾਨ ਨੇ ਐਡਵੋਕੇਟ ਗਗਨਦੀਪ ਸਿੰਘ ਗੁਰਾਇਆ ਜੀ ਦੀ ਹਾਜ਼ਰੀ ਵਿੱਚ ਅਏ ਹੋਏ ਸਾਰੇ ਅਹੁਦੇਦਾਰਾਂ ਦਾ ਅਤੇ ਸੰਗਤਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਐਡਵੋਕੇਟ ਗਗਨਦੀਪ ਸਿੰਘ ਗੁਰਾਇਆ ਨਾਲ ਜਗਦੀਪ ਸਿੰਘ ਯੂਥ ਆਗੂ ਅਤੇ ਲਖਵੀਰ ਸਿੰਘ ਡੇਰਾ ਸਿਨਿਅਰ ਆਗੂ ਨਾਲ ਆਏ ਸਨ।

ਅਤੇ ਮੌਕੇ ਤੇ ਹਾਜ਼ਰ ਸੰਗਤਾਂ ਇਸਤਕਬਾਲ ਵਿੱਚ ਐਡਵੋਕੇਟ ਗੁਰਮੁਖ ਸਿੰਘ ਟਿਵਾਣਾ, ਸਾਬਕਾ ਸਰਪੰਚ ਹਰਮੀਤ ਸਿੰਘ ਚਪੜੌਦਾ, ਸਾਬਕਾ ਸਰਪੰਚ ਪ੍ਰਸ਼ਨ ਸਿੰਘ ਲਸੋਈ, ਹਰਦੇਵ ਸਿੰਘ ਸੰਗਾਲਾ ਜ਼ਿਲ੍ਹਾ ਪੰਜ ਮੈਂਬਰੀ ਕਮੇਟੀ, ਅਜ਼ਹਰ ਖਾਂ ਜ਼ਿਲ੍ਹਾ ਕਾਰਜਕਾਰੀ ਮੈਂਬਰ, ਅਬਦੁਲ ਸ਼ਕੂਰ ਜ਼ਿਲ੍ਹਾ ਕਾਰਜਕਾਰੀ ਮੈਂਬਰ, ਮੁਹੰਮਦ ਓਵੇਸ, ਐਡਵੋਕੇਟ ਰਾਜਿੰਦਰ ਪਾਲ ਸਿੰਘ, ਐਡਵੋਕੇਟ ਅਰਸ਼ਪ੍ਰੀਤ ਸਿੰਘ, ਸਰਦਾਰ ਜਗਸੀਰ ਸਿੰਘ, ਸਰਦਾਰ ਗੁਰਵਿੰਦਰ ਸਿੰਘ ਲਸੋਈ, ਅਨਸ ਚੌਹਾਨ, ਰਾਜਵਿੰਦਰ ਸਿੰਘ ਰਾਜੀ ਬੁਰਜ਼ ਬਘੇਲ ਵਾਲਾ, ਸੁਖਵਿੰਦਰ ਸਿੰਘ ਚਪੜੌਦਾ, ਲਾਲਾ ਰਾਜ ਕੁਮਾਰ ਜੀ, ਅਭੀ ਕੁਮਾਰ ਜੀ, ਡਾਕਟਰ ਸਿੰਗਲਾ, ਅਜਮਲ ਚੌਹਾਨ ਅਤੇ ਬਿਲੂ ਬਘੇਲ ਆਦਿ ਹਾਜ਼ਰ ਸਨ।

# ਕੌਮੀ ਘੱਟ ਗਿਣਤੀ ਕਮਿਸ਼ਨ ਦੇ ਨਵੇਂ ਬਨੇ ਚੇਅਰਮੈਨ ਹਰਜੀਤ ਸਿੰਘ ਗਰੇਵਾਲ ਨੂੰ ਡਾ. ਕਾਂਸਲ ਨੇ ਦਿੱਤੀ ਵਧਾਈ



**ਪਟਿਆਲਾ, 26 ਜੁਲਾਈ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਦੇ ਨੌਜਵਾਨ ਆਗੂ ਗੁਰਵਿੰਦਰ ਕਾਂਸਲ ਨੇ ਭਾਰਤ ਸਰਕਾਰ ਵੱਲੋਂ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਨਿਯੁਕਤ ਕੀਤੇ ਗਏ ਹਰਜੀਤ ਸਿੰਘ ਗਰੇਵਾਲ ਨਾਲ ਮੁਲਾਕਾਤ ਕਰਕੇ ਉਹਨਾਂ ਨੂੰ ਦਿੱਤੀ ਵਧਾਈ।

ਕਾਂਸਲ ਨੇ ਕਿਹਾ ਕਿ ਹਰਜੀਤ ਸਿੰਘ ਗਰੇਵਾਲ ਨਾਲ ਉਹਨਾਂ ਦੇ ਬਹੁਤ ਪੁਰਾਣੇ ਸਬੰਧ ਹਨ। ਹਰਜੀਤ ਸਿੰਘ ਗਰੇਵਾਲ ਪਿਛਲੇ ਕਈ ਦਹਾਕਿਆਂ ਤੋਂ ਭਾਰਤ ਜਨਤਾ ਪਾਰਟੀ ਨੂੰ ਪੰਜਾਬ ਵਿੱਚ ਮਜਬੂਤ ਕਰਨ ਲਈ ਕੰਮ ਕਰ ਰਹੇ ਹਨ। ਉਹਨਾਂ ਕਿਹਾ ਕਿ ਹਰਜੀਤ ਗਰੇਵਾਲ ਨੂੰ ਚੇਅਰਮੈਨ ਬਣਾ ਕੇ ਕੇਂਦਰ ਦੀ ਭਾਜਪਾ ਸਰਕਾਰ ਨੇ ਪੰਜਾਬ ਦੇ ਲੋਕਾਂ ਦਾ ਦਿਲ ਜਿੱਤ ਲਿਆ ਹੈ।

ਉਹਨਾਂ ਕਿਹਾ ਕਿ ਇਸ ਨਿਯੁਕਤੀ ਦਾ ਪੰਜਾਬ ਅਤੇ ਦੇਸ਼ ਦੇ ਘੱਟ ਗਿਣਤੀ ਭਾਈਚਾਰੇ ਨੂੰ ਬਹੁਤ ਵੱਡਾ ਲਾਭ ਮਿਲੇਗਾ। ਹਰਜੀਤ ਸਿੰਘ ਗਰੇਵਾਲ ਇਮਾਨਦਾਰ ਅਤੇ ਨਿਰਪੱਖ ਅਕਸ ਵਾਲੇ ਆਗੂਆਂ ਹਨ। ਉਹਨਾਂ ਕਿਹਾ ਕਿ ਪੰਜਾਬ ਵਿੱਚ ਭਾਜਪਾ ਨੂੰ ਮਜਬੂਤ ਕਰਨ ਅਤੇ ਪਿੰਡ ਪਿੰਡ ਵਿੱਚ ਭਾਜਪਾ ਨੂੰ ਬਚਾਉਣ ਵਿੱਚ ਉਹਨਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਗੁਰਵਿੰਦਰ ਕਾਂਸਲ ਨੇ ਕਿਹਾ ਕਿ ਜਲਦ ਹੀ ਪਟਿਆਲਾ ਵਿੱਚ ਪ੍ਰੋਗਰਾਮ ਕਰਕੇ ਹਰਜੀਤ ਸਿੰਘ ਗਰੇਵਾਲ ਨੂੰ ਸਨਮਾਨਿਤ ਕੀਤਾ ਜਾਵੇਗਾ।

# ਐਸ ਪੀ ਸਵਰਨਜੀਤ ਕੌਰ ਵੱਲੋਂ ਪੰਜ ਪੰਜਾਬ ਬਟਾਲੀਅਨ ਐਨ ਸੀ ਸੀ ਕੈਡਿਟਸ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ

**ਪਟਿਆਲਾ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਨਾਭਾ ਰੋਡ ਪਟਿਆਲਾ ਦੇ ਪੰਜ ਪੰਜਾਬ ਬਟਾਲੀਅਨ ਐਨ ਸੀ ਸੀ ਕੈਡਿਟਸ ਵੱਲੋ ਸਮਾਜ ਸੇਵੀ ਸੰਸਥਾਵਾਂ ਜੋਂ ਕਿ ਲੰਮੇ ਸਮੇਂ ਤੋਂ ਪੰਜਾਬ ਪੁਲਿਸ ਦੇ ਸਹਿਯੋਗ ਨਾਲ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ,ਯੁਵਕ ਸੇਵਾਵਾਂ ਕਲੱਬ ਦੀਪ ਨਗਰ ਨਾਲ ਮਿਲਕੇ ਨੌਜਵਾਨਾਂ ਅਤੇ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਵਿੱਚ ਸਹਿਯੋਗ ਦੇਣ ਲਈ ਐਨ. ਸੀ ਸੀ ਕੈਡਿਟਸ ਦਾ ਸਨਮਾਨ ਐਸ ਪੀ ( ਪੀ.ਬੀ.ਆਈ) ਪਟਿਆਲਾ ਦੇ ਦਫ਼ਤਰ ਵਿਖੇ ਕੀਤਾ ਗਿਆ। ਇਸ ਮੌਕੇ ਇਹਨਾਂ ਐਨ.ਸੀ.ਸੀ ਕੈਡਿਟਸ ਨੂੰ ਐਸ ਪੀ (ਪੀ.ਬੀ.ਆਈ) ਸਵਰਨਜੀਤ ਕੌਰ (ਪੀ.ਪੀ.ਐਸ) ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ, ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਪੰਜ ਪੰਜਾਬ ਬਟਾਲੀਅਨ ਐਨ.ਸੀ.ਸੀ , ਇੰਸਪੈਕਟਰ ਗੁਰਜੀਤ ਕੌਰ ਰੀਡਰ ਐਸ ਪੀ ਨੇ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਐਸ ਪੀ ਸਵਰਨਜੀਤ ਕੌਰ ਨੇ ਕਿਹਾ ਕਿ ਡਾਇਰੈਕਟਰ ਜਰਨਲ ਆਫ ਪੁਲਿਸ ਗੋਰਵ ਯਾਦਵ,ਡੀ ਆਈ ਜੀ ਪਟਿਆਲਾ ਰੇਜ ਕੁਲਦੀਪ ਚਾਹਲ , ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ ਦੀ ਅਗਵਾਈ ਹੇਠ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਅਤੇ ਉਹਨਾਂ ਦੀਆਂ ਸਮਾਜ ਸੇਵੀ ਸੰਸਥਾਵਾਂ , ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਨਾਭਾ ਰੋਡ ਪਟਿਆਲਾ ਦੀ ਪੰਜ ਬਟਾਲੀਅਨ ਐਨ.ਸੀ.ਸੀ ਦੇ ਕੈਡਿਟਸ ਵੱਲੋਂ ਡਿਪਟੀ ਡਾਇਰੈਕਟਰ -ਕਮ- ਪ੍ਰਿੰਸੀਪਲ ਰਾਕੇਸ਼ ਬੰਗਾ ਦੀ ਅਗਵਾਈ ਹੇਠ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਲੜਾਈ ਵਿੱਚ ਵੱਧ ਚੜ੍ਹਕੇ ਵਲੰਟੀਅਰ ਸਹਿਯੋਗ ਦਿੱਤਾ ਜਾ ਰਿਹਾ ਹੈ ਜੋਂ ਕਿ ਪ੍ਰਸੰਸਾਯੋਗ ਕਦਮ ਹੈ। ਉਹਨਾਂ ਕਿਹਾ ਕਿ ਇਸ ਟੀਮ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ,ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਪਿਛਲੇ ਦੋ ਸਾਲਾਂ ਵਿਚ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿੱਚ ਤਕਰੀਬ 525 ਤੋਂ ਉਪਰ ਸੈਮੀਨਾਰ, ਰੈਲੀਆਂ, ਨੁੱਕੜ ਨਾਟਕਾਂ ਦਾ ਆਯੋਜਨ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਕਰ ਚੁੱਕੀਆਂ ਹਨ ਅਤੇ ਨੌਜਵਾਨਾ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਦੱਸਿਆ ਕਿ ਇਹਨਾਂ ਦੀ ਟੀਮ ਨੇ ਪਿਛਲੇ 15 ਸਾਲਾਂ ਤੋਂ ਨਸ਼ਿਆਂ ਵਿਰੁੱਧ ਤਕਰੀਬਨ 4500 ਤੋਂ ਵੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕਰ ਚੁੱਕੀ ਹੈ ਅਤੇ ਨੌਜਵਾਨਾ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਬਾਹਰ ਕੱਢਣ ਲਈ ਉਪਰਾਲੇ ਕੀਤੇ ਜਾ ਰਹੇ ਹਨ ਜੋਂ ਕਿ ਬਹੁਤ ਹੀ ਸ਼ਲਾਘਾਯੋਗ ਹੈ।ਉਹਨਾਂ ਕਿਹਾ ਕਿ ਪਟਿਆਲਾ ਪੁਲਿਸ ਵੱਲੋਂ ਨਸ਼ਿਆਂ ਦੇ ਵੱਡੇ ਮੱਗਰਮੱਛਾਂ ਨੂੰ ਨਕੇਲ ਪਾਈ ਜਾ ਰਹੀ ਹੈ।



ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਨਹੀਂ ਬਖਸ਼ਿਆ ਜਾਵੇਗਾ ਅਤੇ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾ ਰਹੀਆਂ ਹਨ ਅਤੇ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਤੇ ਬੁਲਡੋਜ਼ਰ ਚਲਾਏਂ ਜਾ ਰਹੇ ਹਨ ਅਤੇ ਅੱਗੇ ਤੋਂ ਵੀ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾਂਦੀਆਂ ਰਹਿਣਗੀਆਂ। ਉਹਨਾਂ ਕਿਹਾ ਕਿ ਪਟਿਆਲਾ ਪੁਲਿਸ ਨਸ਼ਿਆਂ ਦੇ ਖਾਤਮੇ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਨਸ਼ਾ ਤਸਕਰਾਂ ਦੀ ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਮ ਪੁਲਿਸ ਵੱਲੋਂ ਗੁਪਤ ਰੱਖਿਆ ਜਾਂਦਾ ਹੈ ਇਸ ਲਈ ਪਬਲਿਕ ਨੂੰ ਬਗੈਰ ਕਿਸੇ ਡਰ ਭੈ ਦੇ ਨਸ਼ਾ ਤਸਕਰਾਂ ਦੀ ਸੂਚਨਾ ਪੁਲਿਸ ਨੂੰ ਦੇਣ ਲਈ ਅੱਗੇ ਆਉਣਾ ਚਾਹੀਦਾ ਹੈ।ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਨੇ ਐਸ ਪੀ ਸਵਰਨਜੀਤ ਕੌਰ ਨੂੰ ਭਰੋਸਾ ਦਿਵਾਇਆ ਕਿ ਉਹਨਾਂ ਦੀ ਟੀਮ ਹਮੇਸ਼ਾ ਪੰਜਾਬ ਪੁਲਿਸ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਜ਼ਿਲ੍ਹਾ ਪੁਲਿਸ ਪਟਿਆਲਾ ਨਾਲ ਮਿਲਕੇ ਪ੍ਰੋਗਰਾਮਾਂ ਦਾ ਆਯੋਜਨ ਕਰਨ ਗਈਆ।

ਇਸ ਮੌਕੇ ਕਰਨਬੀਰ ਸਿੰਘ , ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ਼ ਆਫ ਕਾਮਰਸ , ਗੁਰਕੀਰਤ ਸਿੰਘ, ਗੁਰਮਨਜੋਤ ਕੋਰ, ਗੁਰਸਾਹਿਬ ਸਿੰਘ, ਗਗਨਪ੍ਰੀਤ ਕੋਰ, ਖੁਸ਼ਪ੍ਰੀਤ ਕੋਰ, ਪਲਕ ਵੀ ਹਾਜਰ ਸਨ

# ਚੇਅਰਮੈਨ ਤੇਜਿੰਦਰ ਮਹਿਤਾ ਨੇ ਮੱਛੀ ਮਾਰਕੀਟਾਂ ਦੇ ਮਾਮਲੇ ਵਿੱਚ ਦਿੱਤਾ ਦਖ਼ਲ

**ਪਟਿਆਲਾ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਯੋਜਨਾ ਕਮੇਟੀ ਪਟਿਆਲਾ ਦੇ ਚੇਅਰਮੈਨ ਤੇਜਿੰਦਰ ਮਹਿਤਾ ਨੇ ਪਟਿਆਲਾ ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਚੱਲ ਰਹੀਆਂ ਮੱਛੀ ਮਾਰਕੀਟਾਂ ਦੇ ਮਾਮਲੇ ਵਿੱਚ ਦਖ਼ਲ ਦਿੰਦਿਆਂ ਕਮਿਸ਼ਨਰ, ਨਗਰ ਨਿਗਮ ਅਤੇ ਡਿਪਟੀ ਕਮਿਸ਼ਨਰ, ਪਟਿਆਲਾ ਨੂੰ ਪੱਤਰ ਲਿਖਿਆ ਹੈ। ਉਨ੍ਹਾਂ ਪੱਤਰ ਰਾਹੀਂ ਸ਼ਹਿਰ ਵਿਚਲੀਆਂ ਮੱਛੀ ਮਾਰਕੀਟਾਂ ਨੂੰ ਸਰਕਾਰ ਵੱਲੋਂ ਪਿੰਡ ਘਲੋੜੀ ਵਿਖੇ ਸਥਾਪਿਤ ਨਵੀਂ ਮੱਛੀ ਮੰਡੀ ਵਿੱਚ ਤਬਦੀਲ ਕਰਨ ਲਈ ਲੋੜੀਂਦੀ ਕਾਨੂੰਨੀ ਅਤੇ ਪ੍ਰਸ਼ਾਸਨਿਕ ਕਾਰਵਾਈ ਅਮਲ ਵਿੱਚ ਲਿਆਉਣ ਲਈ ਲਿਖਿਆ ਹੈ। ਉਨ੍ਹਾਂ ਕਿਹਾ ਹੈ ਕਿ ਇਸ ਨਾਲ ਨਵੀਂ ਮੱਛੀ ਮੰਡੀ ਆਪਣੇ ਅਸਲ ਮੰਤਵ ਅਨੁਸਾਰ ਕਾਰਜਸ਼ੀਲ ਹੋਣ ਦੇ ਨਾਲ-ਨਾਲ ਸ਼ਹਿਰ ਵਿੱਚ ਸਫ਼ਾਈ, ਜਨ ਸਿਹਤ, ਆਵਾਜਾਈ ਪ੍ਰਬੰਧਨ ਅਤੇ ਸ਼ਹਿਰੀ ਵਿਵਸਥਾ ਵਿੱਚ ਵੀ ਸੁਧਾਰ ਆਵੇਗਾ।

ਪੱਤਰ ਵਿੱਚ ਮਹਿਤਾ ਨੇ ਕਿਹਾ ਹੈ ਕਿ ਵੱਖ-ਵੱਖ ਸਰਕਾਰੀ ਵਿਭਾਗਾਂ ਦੀਆਂ ਕਾਰਵਾਈਆਂ, ਜਾਰੀ ਹਦਾਇਤਾਂ ਅਤੇ ਦੁਕਾਨ ਅਲਾਟੀਆਂ ਨਾਲ ਹੋਏ ਸੰਪਰਕ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਰਕਾਰ ਵੱਲੋਂ ਲੋਕ ਹਿੱਤ ਵਿੱਚ ਸਥਾਪਿਤ ਨਵੀਂ ਮੱਛੀ ਮੰਡੀ ਅਜੇ ਤੱਕ ਪੂਰੀ ਤਰ੍ਹਾਂ ਕਾਰਜਸ਼ੀਲ ਨਹੀਂ ਹੋ ਸਕੀ। ਉਨ੍ਹਾਂ ਧਿਆਨ ਦਿਵਾਇਆ ਕਿ ਨਵੀਂ ਮੰਡੀ ਵਿੱਚ ਦੁਕਾਨਾਂ ਖਰੀਦਣ ਵਾਲੇ ਲਾਇਸੈਂਸੀ ਵੀ ਲੰਬੇ ਸਮੇਂ ਤੋਂ ਇਹ ਮਸਲਾ ਉਠਾ ਰਹੇ ਹਨ ਕਿ ਜਦੋਂ ਤੱਕ ਸ਼ਹਿਰ ਦੀਆਂ ਸਾਰੀਆਂ ਮੱਛੀ ਮਾਰਕੀਟਾਂ ਨੂੰ ਨਵੀਂ ਮੰਡੀ ਵਿੱਚ ਤਬਦੀਲ ਨਹੀਂ ਕੀਤਾ ਜਾਂਦਾ, ਉਦੋਂ ਤੱਕ ਉੱਥੇ ਗਾਹਕਾਂ ਦੀ ਆਵਾਜਾਈ ਸੁਭਾਵਿਕ ਤੌਰ 'ਤੇ ਵਿਕਸਿਤ ਨਹੀਂ ਹੋ ਸਕੇਗੀ ਅਤੇ ਉਨ੍ਹਾਂ ਦੇ ਨਿਵੇਸ਼ ਨੂੰ ਵੀ ਉਚਿਤ ਲਾਭ ਨਹੀਂ ਮਿਲੇਗਾ।



ਦੱਸਣਯੋਗ ਹੈ ਕਿ 11 ਜੂਨ 2026 ਨੂੰ ਕਮਿਸ਼ਨਰ, ਨਗਰ ਨਿਗਮ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਨਗਰ ਨਿਗਮ, ਪੰਜਾਬ ਮੰਡੀ ਬੋਰਡ, ਮੱਛੀ ਪਾਲਣ ਵਿਭਾਗ ਅਤੇ ਮਾਰਕਿਟ ਕਮੇਟੀ ਦੇ ਅਧਿਕਾਰੀਆਂ ਨੇ ਫ਼ੈਸਲਾ ਲਿਆ ਸੀ ਕਿ ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਕਾਰੋਬਾਰ ਕਰ ਰਹੇ ਮੱਛੀ ਵਿਕਰੇਤਾਵਾਂ ਨੂੰ ਅਲਾਟਮੈਂਟ ਦੀਆਂ ਸ਼ਰਤਾਂ ਅਤੇ ਕਾਨੂੰਨੀ ਪ੍ਰਾਵਧਾਨਾਂ ਅਨੁਸਾਰ ਨਵੀਂ ਮੱਛੀ ਮੰਡੀ ਵਿੱਚ ਤਬਦੀਲ ਕਰਵਾਇਆ ਜਾਵੇ। ਕਾਬਿਲੇ ਗੌਰ ਹੈ ਕਿ ਜ਼ਿਲ੍ਹਾ ਮੰਡੀ ਅਫ਼ਸਰ ਵੱਲੋਂ ਇਸ ਸਬੰਧੀ ਹਦਾਇਤਾਂ ਵੀ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਅਤੇ ਮਾਰਕਿਟ ਕਮੇਟੀ ਦੁਕਾਨ ਅਲਾਟੀਆਂ ਨੂੰ ਵਿਅਕਤੀਗਤ ਨੋਟਿਸ ਵੀ ਜਾਰੀ ਕਰ ਚੁੱਕੀ ਹੈ। ਚੇਅਰਮੈਨ ਮਹਿਤਾ ਨੇ ਆਪਣੇ ਪੱਤਰ ਵਿੱਚ 11 ਜੂਨ ਦੀ ਮੀਟਿੰਗ ਦੇ ਫ਼ੈਸਲਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਅਮਲ ਵਿੱਚ ਲਿਆਉਣ, ਨਗਰ ਨਿਗਮ, ਪੰਜਾਬ ਮੰਡੀ ਬੋਰਡ, ਮਾਰਕਿਟ ਕਮੇਟੀ, ਮੱਛੀ ਪਾਲਣ ਵਿਭਾਗ ਅਤੇ ਹੋਰ ਸੰਬੰਧਿਤ ਵਿਭਾਗਾਂ ਵਿਚਕਾਰ ਤਾਲਮੇਲ ਸਥਾਪਿਤ ਕਰਕੇ ਬਣਦੀ ਕਾਨੂੰਨੀ ਕਾਰਵਾਈ ਕਰਨ ਲਈ ਲਿਖਿਆ ਹੈ।

## ਹਰ ਵਿਦਿਆਰਥੀ ਦੇ ਨਾਮ ਇੱਕ ਪੌਦਾ : ਐੱਸਆਰਐੱਸ ਵਿਦਿਆਪੀਠ ਦੀ ਨਵੀਂ ਵਾਤਾਵਰਣ ਪਹਿਲ



**ਸਮਾਣਾ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਤਾਵਰਣ ਸੰਭਾਲ ਵੱਲ ਇੱਕ ਹੋਰ ਮਹੱਤਵਪੂਰਨ ਕਦਮ ਚੁੱਕਦਿਆਂ ਐੱਸਆਰਐੱਸ ਵਿਦਿਆਪੀਠ ਨੇ 'ਇੱਕ ਵਿਦਿਆਰਥੀ-ਇੱਕ ਪੌਦਾ' ਮੁਹਿੰਮ ਦੀ ਸ਼ੁਰੂਆਤ ਕੀਤੀ। ਇਸ ਪਹਿਲ ਤਹਿਤ ਵਿਦਿਆਪੀਠ ਨੇ ਹਰ ਵਿਦਿਆਰਥੀ ਨੂੰ ਇੱਕ ਪੌਧਾ ਮੁਹੱਈਆ ਕਰਵਾਇਆ, ਜਿਸ ਨੂੰ ਵਿਦਿਆਰਥੀਆਂ ਨੇ ਆਪਣੇ ਹੱਥਾਂ ਨਾਲ ਸਕੂਲ ਕੈਂਪਸ ਵਿੱਚ ਲਗਾਇਆ।

ਇਸ ਉਪਰਾਲੇ ਨਾਲ ਹੁਣ ਸਕੂਲ ਦੇ ਹਰ ਵਿਦਿਆਰਥੀ ਦੇ ਨਾਮ 'ਤੇ ਸਕੂਲ ਕੈਂਪਸ ਵਿੱਚ ਇੱਕ ਪੌਧਾ ਹੋਵੇਗਾ, ਜੋ ਕੁਦਰਤ ਪ੍ਰਤੀ ਜ਼ਿੰਮੇਵਾਰੀ, ਸੰਵੇਦਨਸ਼ੀਲਤਾ ਅਤੇ ਸੰਭਾਲ ਦਾ ਸਥਾਈ ਪ੍ਰਤੀਕ ਬਣੇਗਾ।

ਇਸ ਮੌਕੇ ਚੇਅਰਮੈਨ ਸੀਏ ਅਮਿਤ ਸਿੰਗਲਾ, ਮੈਨੇਜਿੰਗ ਡਾਇਰੈਕਟਰ ਸੀਏ ਲਲਿਤ ਸਿੰਗਲਾ, ਵਾਈਸ ਚੇਅਰਪਰਸਨ ਸਮਿਧਾ ਸਿੰਗਲਾ ਅਤੇ ਪ੍ਰਿੰਸੀਪਲ ਡਾ. ਚੰਦਨਦੀਪ ਨੇ ਕਿਹਾ ਕਿ ਸਿੱਖਿਆ ਦਾ ਉਦੇਸ਼ ਸਿਰਫ਼ ਅਕਾਦਮਿਕ ਉਤਕ੍ਰਿਸ਼ਟਤਾ ਤੱਕ ਸੀਮਿਤ ਨਹੀਂ, ਸਗੋਂ ਵਿਦਿਆਰਥੀਆਂ ਵਿੱਚ ਜੀਵਨ ਮੁੱਲਾਂ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ ਵੀ ਹੈ।

# ਨਵੇਂ ਰਾਸ਼ਨ ਕਾਰਡ ਬਨਾਉਣ ਤੇ ਮੌਜੂਦਾ ਰਾਸ਼ਨ ਕਾਰਡਾਂ 'ਚ ਮੈਂਬਰ ਸ਼ਾਮਲ ਕਰਨ ਲਈ ਅਰਜ਼ੀਆਂ 11 ਅਗਸਤ ਤੱਕ ਲਈਆਂ ਜਾਣਗੀਆਂ : ਡਾ. ਰਵਿੰਦਰ ਕੌਰ

**ਪਟਿਆਲਾ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਜ਼ਿਲ੍ਹਾ ਕੰਟਰੋਲਰ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਡਾ. ਰਵਿੰਦਰ ਕੌਰ ਨੇ ਦੱਸਿਆ ਹੈ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵਲੋਂ ਕੀਤੇ ਐਲਾਨ ਅਤੇ ਪੰਜਾਬ ਸਰਕਾਰ ਵਲੋਂ ਲਏ ਫੈਸਲੇ ਅਨੁਸਾਰ ਨੈਸ਼ਨਲ ਫੂਡ ਸਿਕਿਉਰਿਟੀ ਐਕਟ, 2013/ਸਮਾਰਟ ਰਾਸ਼ਨ ਕਾਰਡ ਸਕੀਮ ਅਧੀਨ ਨਵੇਂ ਰਾਸ਼ਨ ਕਾਰਡ ਬਨਾਉਣ ਅਤੇ ਮੌਜੂਦਾ ਰਾਸ਼ਨ ਕਾਰਡਾਂ ਵਿੱਚ ਮੈਂਬਰ ਸ਼ਾਮਲ ਕਰਨ ਲਈ ਆਨਲਾਇਨ ਅਰਜ਼ੀਆਂ ਪ੍ਰਾਪਤ ਕੀਤੀਆਂ ਜਾਣੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਪਹਿਲਕਦਮੀ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਯੋਗ ਪਰਿਵਾਰਾਂ/ਲਾਭਪਾਤਰੀਆਂ ਨੂੰ ਇੱਕ ਪਾਰਦਰਸ਼ੀ, ਨਿਰਪੱਖ ਅਤੇ ਤਕਨਾਲੋਜੀ-ਅਧਾਰਿਤ ਪ੍ਰਕਿਰਿਆ ਰਾਹੀਂ ਸ਼ਾਮਲ ਕੀਤਾ ਜਾਵੇ।ਨਵੇਂ ਰਾਸ਼ਨ ਕਾਰਡ ਬਣਾਉਣ ਜਾਂ ਮੌਜੂਦਾ ਰਾਸ਼ਨ ਕਾਰਡਾਂ ਵਿੱਚ ਮੈਂਬਰ ਸ਼ਾਮਲ ਕਰਨ ਲਈ ਫਾਰਮ, ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਵਿੱਚ ਵਿਭਾਗੀ ਵੈਬਸਾਇਟ http://foodsuppb.gov.in ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ। ਡਾ. ਰਵਿੰਦਰ ਕੌਰ ਨੇ ਦੱਸਿਆ ਕਿ ਬਿਨੈਕਾਰ ਫਾਰਮ ਭਰਨ ਤੋਂ ਪਹਿਲਾਂ ਫਾਰਮ ਦੇ ਨਾਲ ਦਿੱਤੀਆਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹਨ ਅਤੇ ਲੋੜੀਂਦੇ ਦਸਤਾਵੇਜ਼ਾਂ ਸਮੇਤ ਹੀ ਮੁਕੰਮਲ ਅਰਜ਼ੀ ਜਮ੍ਹਾਂ ਕਰਵਾਉਣ।ਬਿਨੈਕਾਰ ਆਪਣੀਆਂ ਅਰਜ਼ੀਆਂ ਨਜ਼ਦੀਕੀ ਸੇਵਾ ਕੇਂਦਰ/ ਕਾਮਨ ਸਰਵਿਸ ਸੈਂਟਰ



(ਸੀਐਸਸੀ)ਜਾ ਕੇ ਅਨਲਾਇਨ ਜਮ੍ਹਾਂ ਕਰਵਾ ਸਕਦਾ ਹੈ। ਸੇਵਾ ਕੇਂਦਰ/ਸੀਐਸਸੀ ਰਾਹੀਂ ਅਰਜ਼ੀ ਸਫਲਤਾਪੂਰਵਕ ਜਮ੍ਹਾਂ ਹੋਣ 'ਤੇ ਬਿਨੈਕਾਰ ਨੂੰ 100 ਰੁਪਏ ਪ੍ਰਤੀ ਫਾਰਮ ਪ੍ਰੋਸੈਸਿੰਗ ਫੀਸ ਵੀ ਜਮ੍ਹਾਂ ਕਰਵਾਉਣੀ ਪਵੇਗੀ। ਜ਼ਿਲ੍ਹਾ ਕੰਟਰੋਲਰ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਨੇ ਹੋਰ ਕਿਹਾ ਕਿ ਬਿਨੈਕਾਰ ਆਪਣੀ ਅਰਜ਼ੀ ਖੁੱਦ ਵੀ ਸਿੱਧੇ ਤੌਰ 'ਤੇ https://ercms.punjab.gov.in ਪੋਰਟਲ ਰਾਹੀਂ ਆਨਲਾਈਨ ਜਮ੍ਹਾਂ ਕਰਵਾ ਸਕਦੇ ਹਨ ਅਤੇ ਫਾਰਮ ਆਨਲਾਈਨ ਜਮ੍ਹਾਂ ਕਰਵਾਉਣ ਲਈ ਬਿਨੈਕਾਰ ਨੂੰ ਕੋਈ ਵੀ ਫੀਸ ਨਹੀਂ ਦੇਣੀ ਪਵੇਗੀ।ਇਸ ਤੋਂ ਇਲਾਵਾ ਬਿਨੈਕਾਰ ਆਪਣਾ ਫਾਰਮ ਸਮੇਤ ਦਸਤਾਵੇਜ ਅਤੇ 100 ਰੁਪਏ ਪ੍ਰਤੀ ਫਾਰਮ ਫੀਸ ਜ਼ਿਲ੍ਹਾ ਕੰਟਰੋਲਰ, ਖੁਰਾਕ ਸਿਵਲ ਸਪਲਾਇਜ਼ ਅਤੇ ਖਪਤਕਾਰ ਮਾਮਲੇ, ਪਟਿਆਲਾ ਦੇ ਦਫ਼ਤਰ ਦੇ ਕਮਰਾ ਨੰਬਰ ਨੰਬਰ 417, ਏ ਬਲਾਕ ਮਿੰਨੀ ਸਕੱਤਰੇਤ ਪਟਿਆਲਾ ਵਿਖੇ ਵੀ ਜਮ੍ਹਾਂ ਕਰਵਾ ਸਕਦਾ ਹੈ।

ਫਾਰਮ ਸਫਲਤਾਪੂਰਵਕ ਆਨਲਾਇਨ ਜਮ੍ਹਾਂ ਹੋਣ ਤੇ ਬਿਨੇਕਾਰ ਨੂੰ ਉਸਦੇ ਮੋਬਾਇਲ ਨੰਬਰ 'ਤੇ ਫਾਰਮ ਪ੍ਰਾਪਤੀ ਦਾ ਮੈਸਜ ਸਮੇਤ ਰਸੀਦ ਨੰਬਰ ਪ੍ਰਾਪਤ ਹੋਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਅਰਜੀਆਂ ਮਿਤੀ 22. ਜੁਲਾਈ 2026 ਤੋਂ ਲੈਕੇ 11 ਅਗਸਤ 2026 ਦੌਰਾਨ ਹੀ ਪ੍ਰਾਪਤ ਕੀਤੀਆਂ ਜਾਣਗੀਆਂ ਅਤੇ ਬਿਨੈਕਾਰ ਕਿਸੇ ਵੀ ਕੰਮਕਾਜੀ ਦਿਨ ਦੌਰਾਨ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਆਨਲਾਇਨ ਵਿਧੀ ਰਾਹੀਂ ਸੇਵਾ ਕੇਂਦਰ/ ਕਾਮਨ ਸਰਵਿਸ ਸੈਂਟਰ ਵਿਖੇ ਜਾਂ ਆਫਲਾਇਨ ਵਿਧੀ ਰਾਹੀਂ ਜ਼ਿਲ੍ਹਾ ਕੰਟਰੋਲਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਪਟਿਆਲਾ ਦੇ ਦਫਤਰ ਵਿੱਖੇ ਫਾਰਮ ਜਮ੍ਹਾਂ ਕਰਵਾ ਸਕਦਾ ਹੈ।

ਡਾ. ਰਵਿੰਦਰ ਕੌਰ ਨੇ ਦੱਸਿਆ ਕਿ ਵਧੇਰੇ ਜਾਣਕਾਰੀ ਲਈ ਬਿਨੈਕਾਰ ਜ਼ਿਲ੍ਹਾ ਕੰਟਰੋਲਰ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਪਟਿਆਲਾ ਦਫ਼ਤਰ (ਮੋਬਾਇਲ ਨੰਬਰ 94655-24655, 95929-92726, 97791-41428, 94175-43643, 84271-00229, 95692-70956, 98782-00096, 98551-26274, 94652-24234, 81958-17769, 89686-00493, 98148-55233, 98884-91665, 70094-88358, 97791-41552) ਜਾਂ ਨਜ਼ਦੀਕੀ ਸੇਵਾ ਕੇਂਦਰ/ਕਾਮਨ ਸਰਵਿਸ ਸੈਂਟਰ ਨਾਲ ਸੰਪਰਕ ਕਰ ਸਕਦੇ ਹਨ।

# ਸ਼ਿਵ ਸੈਨਾ ਹਿੰਦੁਸਤਾਨ ਵੱਲੋਂ ਵਿਸ਼ਾਲ ਤ੍ਰਿਸ਼ੂਲ ਮਾਰਚ ਦਾ ਆਯੋਜਨ 24 ਨੂੰ



**ਪਟਿਆਲਾ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਵਲੋ 24 ਜੁਲਾਈ, ਨੂੰ ਸ਼ੁੱਕਰਵਾਰ, ਸਵੇਰੇ 10:00 ਵਜੇ ਪਟਿਆਲਾ ਵਿੱਚ ਕਿਲਾ ਚੌਕ ਸ਼ਿਵ ਮੰਦਰ ਤੋਂ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵਿਰੁੱਧ ਇੱਕ ਵਿਸ਼ਾਲ ਤ੍ਰਿਸ਼ੂਲ ਮਾਰਚ ਦਾ ਆਯੋਜਨ ਕਰ ਰਹੀ ਹੈ, ਜਿਸ ਵਿੱਚ ਪੰਜਾਬ ਵਿੱਚ ਅੱਤਵਾਦ ਤੋਂ ਪ੍ਰਭਾਵਿਤ 35,000 ਹਿੰਦੂਆਂ ਲਈ 781 ਕਰੋੜ ਰੁਪਏ ਦੇ ਪੈਕੇਜ ਦੀ ਬਜਾਏ 5100 ਕਰੋੜ ਰੁਪਏ ਦਾ ਪੈਕੇਜ ਮਨਜ਼ੂਰ ਕਰਕੇ ਦੇਣ ਦੀ ਮੰਗ ਕੀਤੀ ਜਾਏਗੀ ਅਤੇ ਪਿਛਲੇ ਕਾਲੇ ਦੌਰ ਦੇ ਵਿੱਚ ਖਾਲਿਸਤਾਨੀ ਅੱਤਵਾਦੀਆਂ ਵਲੋਂ 35,000 ਹਿੰਦੂਆਂ ਦੇ ਕਤਲਾਂ ਦੀ ਜਾਂਚ ਲਈ ਇੱਕ ਕਮਿਸ਼ਨ ਸਥਾਪਤ ਕੀਤਾ ਜਾਵੇਗਾ, ਅਤੇ ਕਈ ਹੋਰ ਮਹੱਤਵਪੂਰਨ 11-ਨੁਕਾਤੀ ਮੰਗਾਂ ਦੀ ਪ੍ਰਵਾਨਗੀ ਲਈ ਮੰਗ ਪੱਤਰ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਨੂੰ ਡੀਸੀ ਪਟਿਆਲਾ ਰਾਹੀ ਭੇਜਿਆ ਜਾਵੇਗਾ। ਸਾਰੇ ਹਿੰਦੂ ਸੰਗਠਨਾਂ ਅਤੇ ਉਨ੍ਹਾਂ ਦੇ ਪ੍ਰਮੁੱਖ ਨੇਤਾਵਾਂ ਨੂੰ ਇਸ ਤਰਸੂਲ ਮਾਰਚ ਵਿਚ ਹਿੱਸਾ ਲੈਣ ਲਈ ਸੱਦਾ ਦਿੱਤਾ ਗਿਆ ਹੈ। ਪਟਿਆਲਾ ਦੇ ਸਾਰੇ ਪ੍ਰਮੁੱਖ ਹਿੰਦੂ ਨੇਤਾਵਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਪੰਜਾਬ ਵਿੱਚ ਘੱਟ ਗਿਣਤੀ ਹਿੰਦੂ ਭਾਈਚਾਰੇ ਲਈ ਇਨਸਾਫ਼ ਯਕੀਨੀ ਬਣਾਉਣ ਲਈ ਇਸ ਤ੍ਰਿਸ਼ੂਲ ਮਾਰਚ ਵਿੱਚ ਸ਼ਾਮਲ ਹੋਣ।

ਸ਼ਿਵ ਸੈਨਾ ਹਿੰਦੁਸਤਾਨ ਦੁਆਰਾ ਆਯੋਜਿਤ ਤ੍ਰਿਸ਼ੂਲ ਮਾਰਚ ਨੂੰ ਸਾਰੇ ਜ਼ਿਲ੍ਹਿਆਂ ਦੇ ਸਾਰੇ ਹਿੰਦੂ ਸੰਗਠਨਾਂ ਦਾ ਭਾਰੀ ਸਮਰਥਨ ਮਿਲਿਆ ਹੈ। ਪਟਿਆਲਾ ਦੇ ਸਾਰੇ ਹਿੰਦੂ ਸੰਗਠਨਾਂ ਨੇ ਵੀ ਇਸ ਤ੍ਰਿਸ਼ੂਲ ਮਾਰਚ ਵਿੱਚ ਹਿੱਸਾ ਲੈਣ ਦੀ ਬੇਨਤੀ ਨੂੰ ਸਵੀਕਾਰ ਕਰ ਲਿਆ ਹੈ।

ਜ਼ਿਲ੍ਹਾ ਸ਼ਿਵ ਸੈਨਾ ਹਿੰਦੁਸਤਾਨ ਪਟਿਆਲਾ ਵੱਲੋਂ 24 ਜੁਲਾਈ 2026 ਨੂੰ ਆਯੋਜਿਤ ਕੀਤਾ ਜਾ ਰਿਹਾ ਤ੍ਰਿਸ਼ੂਲ ਮਾਰਚ ਕਿਲਾ ਚੌਕ ਸਥਿਤ ਸ਼ਿਵ ਮੰਦਰ ਵਿੱਚ ਪੂਜਾ ਅਰਚਨਾ ਕਰਨ ਤੋਂ ਬਾਅਦ ਸ਼ੁਰੂ ਹੋਵੇਗਾ।

# ਪਟਿਆਲਾ ਜੋਨ-3 ਨੇ ਕ੍ਰਿਕਟ ਮੁਕਾਬਲੇ ਕਰਵਾਏ



**ਪਟਿਆਲਾ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜੋਨ-3 ਦੇ ਜੋਨਲ ਸਕੱਤਰ ਸ਼ਸ਼ੀ ਮਾਨ ਨੇ ਦੱਸਿਆ ਅੰਡਰ 14 ਤੇ ਅੰਡਰ 17 ਲੜਕਿਆਂ ਦੇ ਕ੍ਰਿਕਟ ਮੁਕਾਬਲੇ ਸੈਂਟ ਜੇਵੀਅਰ ਇੰਟਰਨੈਸ਼ਨਲ ਸਕੂਲ ਪਟਿਆਲਾ ਦੇ ਗਰਾਊਂਡ ਵਿੱਚ ਪਟਿਆਲਾ ਜੋਨ-3 ਦੇ ਪ੍ਰਧਾਨ ਪ੍ਰਿੰਸੀਪਲ ਕਰਮਜੀਤ ਕੌਰ ਦੀ ਅਗਵਾਈ ਹੇਠ ਕਰਵਾਏ ਗਏ।ਸਕੂਲ ਦੇ ਚੇਅਰਮੈਨ ਬਲਜੀਤ ਸਿੰਘ ਧਾਲੀਵਾਲ, ਡਾਇਰੈਕਟਰ ਗੁਰਪ੍ਰੀਤ ਕੌਰ ਧਾਲੀਵਾਲ ਤੇ ਪ੍ਰਿੰਸੀਪਲ ਸਿੰਮੀ ਗਿੱਲ ਨੇ ਕ੍ਰਿਕਟ ਦੇ ਮੁਕਾਬਲੇ ਕਰਵਾਉਣ ਵਿੱਚ ਪੂਰਾ ਸਹਿਯੋਗ ਦਿੱਤਾ।ਅੱਜ ਦੇ ਹੋਏ ਮੁਕਾਬਲਿਆਂ ਵਿੱਚ ਅੰਡਰ 14 ਵਿੱਚ ਸੈਂਟ ਜੇਵੀਅਰ ਇੰਟਰਨੈਸ਼ਨਲ ਸਕੂਲ ਨੇ 122 ਦੌੜਾਂ ਬਣਾਈਆਂ ਤੇ ਨਰਾਇਣ ਪਬਲਿਕ ਸਕੂਲ ਸਨੌਰ 50 ਦੌੜਾਂ ਨਾਲ ਹਰਾਇਆ। ਅੰਡਰ-17 ਦੇ ਲੀਗ ਮੁਕਾਬਲੇ ਵਿੱਚ ਨਰਾਇਣ ਪਬਲਿਕ ਸਕੂਲ 62 ਦੌੜਾਂ ਬਣਾਈਆਂ ਤੇ ਵੀਰ ਹਕੀਕਤ ਰਾਏ ਸਕੂਲ ਨੇ 66 ਦੌੜਾਂ ਬਣਾ ਕੇ ਨਰਾਇਣ ਪਬਲਿਕ ਸਕੂਲ ਨੂੰ ਹਰਾਇਆ।

ਇਸ ਮੌਕੇ ਤੇ ਡਾ ਆਸਾ ਸਿੰਘ, ਹਰੀਸ਼ ਸਿੰਘ ਰਾਵਤ, ਇੰਦਰਜੀਤ ਸਿੰਘ ਖਜਾਨਚੀ, ਪਰਵੀਨ ਕੁਮਾਰ, ਵਿਨੋਦ ਕੁਮਾਰ, ਨਿਰਭੈ ਸਿੰਘ ਟੌਹੜਾ, ਅਸ਼ੂੰਲ, ਤਰਨਜੀਤ ਸਿੰਘ, ਪਰਦੀਪ ਸਿੰਘ ਤੇ ਪ੍ਰੈੱਸ ਇੰਚਾਰਜ ਜਸਵਿੰਦਰ ਸਿੰਘ ਹਾਜਰ ਸਨ।

# ਭਾਸ਼ਾ ਵਿਭਾਗ ਪੰਜਾਬ ਦੇ ਵਿਹੜੇ 'ਚ ਕਵਿੱਤਰੀਆਂ ਨੇ ਕਾਵਿ ਛਰਾਟਿਆਂ ਨਾਲ ਬਣਾਇਆ ਮਾਹੌਲ ਖੁਸ਼ਨੁਮਾ

**ਪਟਿਆਲਾ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿੱਚ ਪੰਜਾਬੀ ਸਾਹਿਤ ਦੀ ਨਾਮਵਰ ਸ਼ਖ਼ਸੀਅਤ ਅੰਮ੍ਰਿਤਾ ਪ੍ਰੀਤਮ ਨੂੰ ਸਮਰਪਿਤ 'ਸਾਵਣ ਕਵੀ ਦਰਬਾਰ' ਕਰਵਾਇਆ ਗਿਆ, ਜਿਸ ਵਿੱਚ ਪੰਜਾਬ ਦੇ ਵਿਭਿੰਨ ਖੇਤਰਾਂ ਤੋਂ ਪਹੁੰਚੀਆਂ ਕਵਿੱਤਰੀਆਂ ਨੇ ਆਪਣੀਆਂ ਰਚਨਾਵਾਂ ਦੇ ਛਰਾਟਿਆਂ ਨਾਲ ਮਾਹੌਲ ਖੁਸ਼ਨੁਮਾ ਬਣਾ ਦਿੱਤਾ। ਡਾਇਰੈਕਟਰ ਭਾਸ਼ਾਵਾਂ ਸ. ਜਸਵੰਤ ਸਿੰਘ ਜ਼ਫ਼ਰ ਨੇ ਆਪਣੇ ਸਵਾਗਤੀ ਭਾਸ਼ਣ ਦੌਰਾਨ ਕਿਹਾ ਕਿ ਭਾਸ਼ਾ ਵਿਭਾਗ, ਪੰਜਾਬ, ਸਮਾਜਿਕ ਖੇਤਰ ਦੇ ਸੌੜੇ ਰਾਹਾਂ ਨੂੰ ਖੋਜਣ ਲਈ ਲਗਾਤਾਰ ਯਤਨ ਕਰ ਰਿਹਾ ਹੈ। ਇਹਨਾਂ ਯਤਨਾਂ ਵਿੱਚ 'ਔਰਤ ਦਿਵਸ' ਨੂੰ ਸਮਰਪਿਤ ਸਮਾਰੋਹ ਤੋਂ ਇਲਾਵਾ ਹੋਰ ਸਮਾਗਮ ਵੀ ਆਯੋਜਿਤ ਕੀਤੇ ਜਾਂਦੇ ਹਨ, ਜਿਸ ਵਿੱਚ ਸਾਰੀ ਪ੍ਰਤੀਨਿਧਤਾ ਔਰਤਾਂ ਨੂੰ ਦਿੱਤੀ ਜਾਂਦੀ ਹੈ। ਉਹਨਾਂ ਲੇਖਕ ਸਭਾਵਾਂ ਨੂੰ ਵੀ ਕਿਹਾ ਕਿ ਉਹ ਵੀ ਔਰਤਾਂ ਨੂੰ ਬਰਾਬਰ ਦਾ ਸਥਾਨ ਦੇਣ



ਤਾਂ ਜੋ ਅਸੀਂ ਕੇਵਲ ਕਹਿਣ 'ਚ ਬਰਾਬਰਤਾ ਦੀ ਗੱਲ ਨਾ ਕਰੀਏ, ਸਗੋਂ ਸਮੁੱਚ 'ਚ ਤੇ ਸੱਚਮੁੱਚ ਔਰਤ ਨੂੰ ਬਰਾਬਰ ਮੰਨੀਏ। ਇਸ ਕਵੀ ਦਰਬਾਰ ਦੀ ਪ੍ਰਧਾਨਗੀ ਪੰਜਾਬੀ ਦੀ ਅਜ਼ੀਮ ਸ਼ਾਇਰਾ ਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਮੀਤ ਪ੍ਰਧਾਨ ਸ਼੍ਰੀਮਤੀ ਗੁਰਚਰਨ ਕੌਰ ਕੋਚਰ ਨੇ ਕੀਤੀ। ਉਨ੍ਹਾਂ ਪ੍ਰਧਾਨਗੀ ਭਾਸ਼ਣ ਦੌਰਾਨ ਕਿਹਾ ਕਿ ਅੰਮ੍ਰਿਤਾ ਪ੍ਰੀਤਮ ਪੰਜਾਬੀ ਦੀ ਉਹ ਸ਼ਾਇਰਾ ਸੀ ਜਿਸ ਨੇ ਪੰਜਾਬੀ ਸ਼ਾਇਰੀ ਨੂੰ ਨਵੇਂ ਸਮਾਜਿਕ ਸਰੋਕਾਰਾਂ ਨਾਲ ਜੋੜਿਆ, ਉੱਥੇ ਹੀ ਔਰਤ ਦੇ ਅੰਤਰ ਮਨ ਨੂੰ ਦੇਖਣ ਦੀ ਦ੍ਰਿਸ਼ਟੀ ਦਿੱਤੀ। ਉਹਨਾਂ ਸਾਵਣ ਦੀ ਸਮਾਜਿਕ, ਸਮਾਜ-ਸੱਭਿਆਚਾਰਕ ਮਹੱਤਤਾ ਬਾਰੇ ਗੁਰਬਾਣੀ ਦੇ ਹਵਾਲੇ ਨਾਲ ਵਿਚਾਰ ਸਾਂਝੇ ਕੀਤੇ। ਇਸ ਮੌਕੇ ਉਹਨਾਂ ਜਿੱਥੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ, ਉੱਥੇ ਕਵਿੱਤਰੀਆਂ ਵੱਲੋਂ ਸੁਣਾਈਆਂ ਕਵਿਤਾਵਾਂ 'ਤੇ ਸਾਰਥਕ ਟਿੱਪਣੀਆਂ ਵੀ ਕੀਤੀਆਂ। ਸ਼੍ਰੀਮਤੀ ਰਜਿੰਦਰ ਕੌਰ, ਸੀਨੀਅਰ ਸਹਾਇਕ ਨੇ ਉਨ੍ਹਾਂ ਦਾ ਬੂਟੇ ਨਾਲ ਸਵਾਗਤ ਕੀਤਾ।

ਇਸ ਮੌਕੇ ਰਣਜੀਤ ਕੌਰ ਸਵੀ ਨੇ 'ਆ ਗਿਆ ਵੇ ਮਾਹੀ ਮਹੀਨਾ ਹੁਣ ਸਾਉਣ ਦਾ' ਗੀਤ ਦਾ ਗਾਇਨ ਕੀਤਾ ਤੇ ਡਾ. ਇਰਾਦੀਪ ਤਰੇਹਨ ਨੇ ਅੰਮ੍ਰਿਤਾ ਪ੍ਰੀਤਮ ਨਾਲ ਸੰਬੰਧਿਤ ਕਵਿਤਾ 'ਤੂੰ ਨੂਰੀ ਹੈਂ' ਤੇ ਇੱਕ ਹੋਰ ਕਵਿਤਾ 'ਖੂਬਸੂਰਤ' ਪੇਸ਼ ਕੀਤੀ। ਰਾਜਿੰਦਰ ਸਰਾਓ ਨੇ 'ਛੇਤੀ ਦੱਸੀਂ ਪੇਕਿਆਂ ਦਾ ਹਾਲ ਨੀਂ', ਡਾ. ਨਵਦੀਪ ਕੌਰ ਨੇ ਅੰਮ੍ਰਿਤਾ ਪ੍ਰੀਤਮ ਨਾਲ ਸੰਬੰਧਿਤ ਰਚਨਾ 'ਸਮਕਾਲ ਦਾ ਹਉਕਾ', ਸਰਬਜੀਤ ਕੌਰ ਜੱਸ ਨੇ ਨੁਸਖਾ ਤੇ ਬੋਲੀਆਂ, ਜਗਦੀਪ ਕੌਰ ਢਿੱਲਵਾਂ ਨੇ 'ਦੂਰ ਕਦੇ ਉੱਡ ਚੱਲੀਏ' ਗ਼ਜ਼ਲ, ਸੰਦੀਪ ਜਸਵਾਲ ਨੇ ਟੱਪੇ, 'ਬੁੱਝੋ ਕੌਣ' ਤੇ ਧੂਣੀ ਦੀ ਅੱਗ, ਰੂਹੀ ਸਿੰਘ ਨੇ 'ਤੇਰੀ ਆਵਾਜ਼ ਤੋਂ ਨਫ਼ਰਤ' ਗ਼ਜ਼ਲ ਆਦਿ ਰਚਨਾਵਾਂ ਪੇਸ਼ ਕੀਤੀਆਂ। ਇਸ ਮੌਕੇ ਸੁਰਿੰਦਰ ਕੌਰ ਬਾੜਾ ਨੇ ਬੋਲੀਆਂ ਦੇ ਗਾਇਨ ਕਰਕੇ ਰੰਗ ਬੰਨ੍ਹਿਆ। ਵਿਭਾਗ ਦੀਆਂ ਕਰਮਚਾਰਨਾਂ ਕਿਰਨਜੀਤ ਕੌਰ, ਅਵਨੀਤ ਕੌਰ, ਵਿਸ਼ਵਜੋਤ ਕੌਰ ਤੇ ਰਾਖੀ ਨੇ ਸਾਰੀਆਂ ਕਵਿੱਤਰੀਆਂ ਨੂੰ ਸਵਾਗਤ ਵਜੋਂ ਫੁੱਲ ਭੇਟ ਕੀਤੇ। ਮੰਚ ਸੰਚਾਲਨ ਡਾ. ਮਨਜਿੰਦਰ ਸਿੰਘ ਖੋਜ ਅਫ਼ਸਰ ਤੇ ਰੂਹੀ ਸਿੰਘ ਨੇ ਸਾਂਝੇ ਰੂਪ ਵਿੱਚ ਕੀਤਾ। ਅਖ਼ੀਰ ਵਿੱਚ ਸਾਰੀਆਂ ਕਵਿੱਤਰੀਆਂ ਨੂੰ ਵਿਭਾਗੀ ਸ਼ਾਲਾਂ ਨਾਲ ਸਨਮਾਨਿਤ ਕੀਤਾ ਗਿਆ ਅਤੇ ਵਿਭਾਗ ਦੀ ਵਧੀਕ ਡਾਇਰੈਕਟਰ ਸ਼੍ਰੀਮਤੀ ਚੰਦਨਦੀਪ ਕੌਰ ਨੇ ਕਵੀਆਂ ਤੇ ਪ੍ਰਬੰਧਕੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰੀਤਮ ਸਿੰਘ ਜੌਹਲ, ਗੁਲਜ਼ਾਰ ਪਟਿਆਲਵੀ, ਅੰਮ੍ਰਿਤਪਾਲ ਸ਼ੈਦਾ, ਬਲਵਿੰਦਰ ਸੰਧੂ, ਗੁਰਚਰਨ ਪੱਬਰਾਲੀ, ਸੁਖਮੰਦਰ ਸੇਖੋਂ, ਗੁਰਿੰਦਰ ਅਮਨ, ਇੰਜੀ. ਜਤਿੰਦਰ ਸਿੰਘ ਅਵਤਾਰਜੀਤ, ਡਾ. ਪੁਸ਼ਪਿੰਦਰ ਕੌਰ, ਚਰਨਜੀਤ ਕੌਰ ਤੋਂ ਇਲਾਵਾ ਵਿਭਾਗ ਦੇ ਸਹਾਇਕ ਡਾਇਰੈਕਟਰ ਸ. ਅਮਰਿੰਦਰ ਸਿੰਘ, ਜਸਪ੍ਰੀਤ ਕੌਰ ਤੇ ਦਵਿੰਦਰ ਕੌਰ, ਸੰਤੋਖ ਸਿੰਘ, ਸਤਪਾਲ ਸਿੰਘ, ਬਲਦੇਵ ਸਿੰਘ ਖੋਜ ਅਫ਼ਸਰ ਤੋਂ ਇਲਾਵਾ ਵਿਭਾਗ ਦੇ ਹੋਰ ਬਹੁਤ ਸਾਰੇ ਕਰਮਚਾਰੀ ਹਾਜ਼ਿਰ ਸਨ।

# ਮੁੱਖ ਮੰਤਰੀ ਨਾਲ ਮਿਲੇ ਨੀਟ (ਗਰੈਜੂਏਟ)-2026 ਵਿੱਚ ਅਖਿਲ ਭਾਰਤੀ ਪੱਧਰ 'ਤੇ ਦੂਜਾ ਰੈਂਕ ਪ੍ਰਾਪਤ ਕਰਨ ਵਾਲੇ ਪੰਸ਼ੁਲ ਬੰਸਲ



**ਚੰਡੀਗੜ੍ਹ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨਾਲ ਚੰਡੀਗੜ੍ਹ ਸਥਿਤ ਉਨ੍ਹਾਂ ਦੇ ਆਵਾਸ 'ਤੇ ਫਰੀਦਾਬਾਦ ਨਿਵਾਸੀ ਪੰਸ਼ੁਲ ਬੰਸਲ ਨੇ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਪੰਸ਼ੁਲ ਬੰਸਲ ਨੇ ਨੈਸ਼ਨਲ ਐਲੀਜੀਬਿਲਿਟੀ ਕਮ ਐਂਟਰੇਂਸ ਟੈਸਟ (ਗਰੈਜੂਏਟ)-2026 ਵਿੱਚ ਅਖਿਲ ਭਾਰਤੀ ਪੱਧਰ ਤੇ ਦੂਜਾ ਰੈਂਕ ਪ੍ਰਾਪਤ ਕਰ ਹਰਿਆਣਾ ਦਾ ਮਾਣ ਵਧਾਇਆ ਹੈ।

ਮੁੱਖ ਮੰਤਰੀ ਨੇ ਪੰਸ਼ੁਲ ਬੰਸਲ ਨੂੰ ਉਨ੍ਹਾਂ ਦੀ ਇਸ ਸ਼ਾਨਦਾਰ ਉਪਲਬਧੀ 'ਤੇ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਕਿਹਾ ਕਿ ਪੰਸ਼ੁਲ ਦੀ ਇਹ ਸਫਲਤਾ ਹਰਿਆਣਾ ਸਮੇਤ ਪੂਰੇ ਦੇਸ਼ ਦੇ ਨੌਜੁਆਨਾਂ ਲਈ ਪ੍ਰੇਰਣਾਦਾਇਕ ਹੈ। ਉਨ੍ਹਾਂ ਦੀ ਮਿਹਨਤ, ਲਗਨ, ਅਨੁਸ਼ਾਸਨ ਅਤੇ ਟੀਚੇ ਪ੍ਰਤੀ ਸਮਰਪਣ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਲਗਾਤਾਰ ਯਤਨ ਅਤੇ ਦ੍ਰਿੜ ਸੰਕਲਪ ਨਾਲ ਕਿਸੇ ਵੀ ਟੀਚੇ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਦੇ ਨੌਜੁਆਨ ਸਿਖਿਆ, ਖੇਡ, ਵਿਗਿਆਨ, ਤਕਨਾਲੋਜੀ ਅਤੇ ਹੋਰ ਵੱਖ-ਵੱਖ ਖੇਤਰਾਂ ਵਿੱਚ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕਰ ਸੂਬੇ ਅਤੇ ਦੇਸ਼ ਦਾ ਨਾਮ ਰੋਸ਼ਨ ਕਰ ਰਹੇ ਹਨ। ਪੰਸ਼ੁਲ ਬੰਸਲ ਦੀ ਉਪਲਬਧੀ ਵੀ ਇਸੀ ਗੌਰਵਸ਼ਾਲੀ ਪਰੰਪਰਾ ਦਾ ਇੱਕ ਵਧੀਆ ਉਦਾਹਰਣ ਹੈ।

ਮੁੱਖ ਮੰਤਰੀ ਨੇ ਪੰਸ਼ੁਲ ਦੇ ਉਜਵੱਲ ਭਵਿੱਖ ਦੀ ਕਾਮਨਾ ਕਰਦੇ ਹੋਏ ਭਰੋਸਾ ਪ੍ਰਗਟਾਇਆ ਕਿ ਉਹ ਮੈਡੀਕਲ ਦੇ ਖੇਤਰ ਵਿੱਚ ਐਕਸੀਲੈਂਸ ਸੇਵਾਵਾਂ ਦੇ ਕੇ ਸਮਾਜ ਅਤੇ ਰਾਸ਼ਟਰ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਦੇਣਗੇ।

ਇਸ ਮੌਕੇ 'ਤੇ ਪੰਸ਼ੁਲ ਬੰਸਲ ਨੇ ਮੁੱਖ ਮੰਤਰੀ ਦਾ ਧੰਨਵਾਦ ਪ੍ਰਗਟ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਦਾ ਪਿਆਰ, ਆਸ਼ੀਰਵਾਦ ਅਤੇ ਪ੍ਰੋਤਸਾਹਨ ਉਨ੍ਹਾਂ ਨੂੰ ਭਵਿੱਖ ਵਿੱਚ ਹੋਰ ਬਿਹਤਰ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕਰੇਗਾ।

# ਨਾਬਾਰਡ ਨੇ ਬਦਲੀ ਹਰਿਆਣਾ ਦੇ ਗ੍ਰਾਮੀਣ ਆਂਚਲ ਦੀ ਤਸਵੀਰ; 15,056 ਕਰੋੜ ਦੇ ਨਿਵੇਸ਼ ਨਾਲ 6,175 ਪ੍ਰੋਜੈਕਟਾਂ ਨੂੰ ਦਿੱਤੀ ਵਿੱਤੀ ਸਹਾਇਤਾ



**ਚੰਡੀਗੜ੍ਹ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀ ਖੇਤੀਬਾੜੀ ਅਤੇ ਗ੍ਰਾਮੀਣ ਵਿਕਾਸ ਬੈਂਕ (ਨਾਬਾਰਡ) ਵੱਲੋਂ ਗ੍ਰਾਮੀਣ ਬੁਨਿਆਦੀ ਵਿਕਾਸ ਫੰਡ (ਆਰ.ਆਈ.ਡੀ.ਐਫ.) ਤਹਿਤ ਲਗਭਗ 15,056 ਕਰੋੜ ਰੁਪਏ ਦੀ ਪ੍ਰਵਾਨਗੀ ਨਾਲ ਹਰਿਆਣਾ ਵਿੱਚ ਪੇਂਡੂ ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਵਰਨਣਯੋਗ ਵਿਸਤਾਰ ਹੋਇਆ ਹੈ। ਇਸ ਰਕਮ ਨਾਲ ਸੂਬੇਭਰ ਵਿੱਚ 6,175 ਬੁਨਿਆਦੀ ਢਾਂਚਾ ਪ੍ਰੋਜੈਕਟਾਂ ਨੂੰ ਸਹਾਇਤਾ ਪ੍ਰਦਾਨ ਕੀਤੀ ਗਈ ਹੈ, ਜਿਨ੍ਹਾਂ ਰਾਹੀਂ ਸਿੰਜਾਈ, ਪੇਂਡੂ ਸੜਕਾਂ, ਪੀਣ ਵਾਲੇ ਪਾਣੀ ਦੀਆਂ ਸਹੂਲਤਾਂ ਅਤੇ ਹੋਰ ਮਹੱਤਵਪੂਰਨ ਮੁੱਢਲੇ ਢਾਂਚੇ ਨੂੰ ਮਜ਼ਬੂਤ ਕੀਤਾ ਗਿਆ ਹੈ।

ਇਨ੍ਹਾਂ ਪ੍ਰਾਪਤੀਆਂ ਦਾ ਵਰਨਣ ਅੱਜ ਨਾਬਾਰਡ ਦੇ 45ਵੇਂ ਸਥਾਪਨਾ ਦਿਵਸ ਸਮਾਰੋਹ ਦੌਰਾਨ ਕੀਤਾ ਗਿਆ, ਜਿਸ ਵਿੱਚ ਹਰਿਆਣਾ ਦੇ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਮੁੱਖ ਸਕੱਤਰ ਨੇ ਕਿਹਾ ਕਿ ਨਾਬਾਰਡ ਰਾਜ ਵਿੱਚ ਗ੍ਰਾਮੀਣ ਪਰਿਵਰਤਨ ਨੂੰ ਗਤੀ ਦੇਣ ਅਤੇ ਖੇਤੀਬਾੜੀ ਅਰਥਵਿਵਸਥਾ ਨੂੰ ਸ਼ਕਤੀਸ਼ਾਲੀ ਬਣਾਉਣ ਵਿੱਚ ਇੱਕ ਮਹੱਤਵਪੂਰਨ ਭਾਈਵਾਲ ਵਜੋਂ ਉਭਰਿਆ ਹੈ।

ਉਨ੍ਹਾਂ ਕਿਹਾ ਕਿ ਨਾਬਾਰਡ ਸਮਾਵੇਸ਼ੀ ਗ੍ਰਾਮੀਣ ਵਿਕਾਸ ਦਾ ਇੱਕ ਪ੍ਰਭਾਵੀ ਮਾਧਿਅਮ ਬਣ ਕੇ ਸਾਹਮਣੇ ਆਇਆ ਹੈ। ਰਾਜ ਦੀ ਆਉਣ ਵਾਲੀ ਤਰੱਕੀ ਮਜ਼ਬੂਤ ਗ੍ਰਾਮੀਣ ਬੁਨਿਆਦੀ ਢਾਂਚੇ, ਟਿਕਾਊ ਖੇਤੀਬਾੜੀ, ਵਿੱਤੀ ਸਮਾਵੇਸ਼ ਅਤੇ ਸਸ਼ਕਤ ਕਮਿਊਨਿਟੀ ਸੰਸਥਾਵਾਂ 'ਤੇ ਨਿਰਭਰ ਕਰਦੀ ਹੈ। ਉਨ੍ਹਾਂ ਕਿਹਾ ਕਿ 'ਵਿਕਸਿਤ ਭਾਰਤ-2047' ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਸਰਕਾਰੀ ਵਿਭਾਗਾਂ, ਵਿੱਤੀ ਸੰਸਥਾਵਾਂ ਅਤੇ ਜ਼ਮੀਨੀ ਪੱਧਰ ਦੇ ਸੰਗਠਨਾਂ ਨੂੰ ਮਿਲ ਕੇ ਸ਼ਕਤੀਸ਼ਾਲੀ ਅਤੇ ਆਤਮਨਿਰਭਰ ਪਿੰਡਾਂ ਦੇ ਨਿਰਮਾਣ ਦੀ ਦਿਸ਼ਾ ਵਿੱਚ ਕੰਮ ਕਰਨਾ ਹੋਵੇਗਾ।

ਆਪਣੇ ਵਿੱਤ ਸਕੱਤਰ ਦੇ ਕਾਰਜਕਾਲ ਨੂੰ ਯਾਦ ਕਰਦਿਆਂ ਸ੍ਰੀ ਰਸਤੋਗੀ ਨੇ ਕਿਹਾ ਕਿ ਉਨ੍ਹਾਂ ਨੂੰ ਨਾਬਾਰਡ ਨਾਲ ਨੇੜਿਓਂ ਕੰਮ ਕਰਨ ਦਾ ਮੌਕਾ ਮਿਲਿਆ, ਜਿਸ ਨਾਲ ਉਨ੍ਹਾਂ ਨੇ ਰਾਜ ਦੇ ਵਿਕਾਸ ਵਿੱਚ ਸੰਸਥਾ ਦੀ ਹਾਂਪੱਖੀ ਅਤੇ ਰਚਨਾਤਮਕ ਭੂਮਿਕਾ ਨੂੰ ਨੇੜਿਓਂ ਵੇਖਿਆ। ਉਨ੍ਹਾਂ ਕਿਹਾ ਕਿ ਰਿਆਇਤੀ ਵਿਆਜ ਦਰਾਂ 'ਤੇ ਨਾਬਾਰਡ ਵੱਲੋਂ ਮੁਹੱਈਆ ਕਰਵਾਈ ਗਈ ਵਿੱਤੀ ਸਹਾਇਤਾ ਨਾਲ ਅਨੇਕਾਂ ਮਹੱਤਵਪੂਰਨਗ੍ਰਾਮੀਣ ਬੁਨਿਆਦੀ ਢਾਂਚਾ ਪ੍ਰੋਜੈਕਟ ਸਮੇਂ ਸਿਰ ਪੂਰੇ ਹੋ ਸਕੇ, ਜਿਸ ਦਾ ਸਿੱਧਾ ਲਾਭ ਕਿਸਾਨਾਂ ਅਤੇ ਗ੍ਰਾਮੀਣ ਕਮਿਊਨਿਟੀ ਨੂੰ ਮਿਲਿਆ।

ਮੁੱਖ ਸਕੱਤਰ ਨੇ ਕਿਹਾ ਕਿ ਰਾਜ ਸਰਕਾਰ ਲੋੜੀਂਦੇ ਤਕਨੀਕੀ ਸਹਿਯੋਗ ਨਾਲ ਸਾਰੀਆਂ ਮੁੱਢਲੀ ਖੇਤੀਬਾੜੀ ਸਹਿਕਾਰੀ ਸੁਸਾਇਟੀਆਂ (ਪੈਕਸ) ਦਾ ਡਿਜੀਟਾਈਜ਼ੇਸ਼ਨ ਯਕੀਨੀ ਬਣਾਉਣ ਲਈ ਵਚਨਬੱਧ ਹੈ, ਤਾਂ ਜੋ ਇਨ੍ਹਾਂ ਨੂੰ ਵਧੇਰੇ ਕੁਸ਼ਲ, ਪਾਰਦਰਸ਼ੀ ਅਤੇ ਸੁ?? ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਹਰੇਕ ਪੈਕਸ ਨੂੰ ਆਰਥਿਕ ਤੌਰ 'ਤੇ ਸਮਰੱਥ ਅਤੇ ਲਾਹੇਵੰਦ ਬਣਾਉਣ ਦੀ ਦਿਸ਼ਾ ਵਿੱਚ ਕੰਮ ਕਰ ਰਹੀ ਹੈ, ਜਿਸ ਨਾਲ ਇਹ ਸੰਸਥਾਵਾਂ ਪੇਂਡੂ ਸਹਿਕਾਰਤਾ ਪ੍ਰਣਾਲੀ ਦੀ ਮਜ਼ਬੂਤ ਮੁੱਢਲੀਸ਼ਿਲਾ ਬਣ ਸਕਣ।

ਉਨ੍ਹਾਂ ਕਿਹਾ ਕਿ 'ਵਿਕਸਿਤ ਭਾਰਤ-2047' ਦੀ ਮਜ਼ਬੂਤ ਨੀਂਹ ਸਮੂਹਿਕ ਯਤਨਾਂ, ਪ੍ਰਭਾਵੀ ਅਮਲ ਅਤੇ ਲੰਬੇ ਸਮੇਂ ਦੇ ਦ੍ਰਿਸ਼ਟੀਕੋਣ ਨਾਲ ਹੀ ਰੱਖੀ ਜਾ ਸਕਦੀ ਹੈ। ਉਨ੍ਹਾਂ ਬੈਂਕਰਾਂ ਅਤੇ ਸਰਕਾਰੀ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਨਿਯਮਤ ਪ੍ਰਸ਼ਾਸਨਿਕ ਜ਼ਿੰਮੇਵਾਰੀਆਂ ਤੋਂ ਅੱਗੇ ਵਧ ਕੇ ਕਿਸਾਨ ਉਤਪਾਦਕ ਸੰਗਠਨਾਂ (ਐੱਫ.ਪੀ.ਓ.), ਸਵੈ-ਸਹਾਇਤਾ ਸਮੂਹਾਂ (ਐੱਸ.ਐੱਚ.ਜੀ.), ਸਕੂਲਾਂ, ਕਾਲਜਾਂ ਅਤੇ ਪੇਂਡੂ ਖੇਤਰਾਂ ਦੀਆਂ ਸਿਹਤ ਸੰਸਥਾਵਾਂ ਦਾ ਨਿੱਜੀ ਮਾਰਗਦਰਸ਼ਨ ਅਤੇ ਸਹਿਯੋਗ ਕਰਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਨਿਰੰਤਰ ਸਹਿਯੋਗ ਨਾਲ ਸਥਾਨਕ ਸੰਸਥਾਵਾਂ ਸ਼ਕਤੀਸ਼ਾਲੀ ਹੋਣਗੀਆਂ, ਜ਼ਮੀਨੀ ਪੱਧਰ ਦੀਆਂ ਸਮੱਸਿਆਵਾਂ ਦੇ ਹੱਲ ਵਿੱਚ ਸਹਾਇਤਾ ਮਿਲੇਗੀ ਅਤੇ ਰਾਜ ਵਿੱਚ ਸਮਾਵੇਸ਼ੀ ਗ੍ਰਾਮੀਣ ਵਿਕਾਸ ਨੂੰ ਗਤੀ ਮਿਲੇਗੀ।

ਇਸ ਮੌਕੇ ਮੁੱਖ ਸਕੱਤਰ ਨੇ ਹਰਿਆਣਾ ਵਿੱਚ ਨਾਬਾਰਡ ਦੀਆਂ ਵਿਕਾਸਾਤਮਕ ਪਹਿਲਕਦਮੀਆਂ ਦੇ ਪ੍ਰਭਾਵ ਨੂੰ ਦਰਸਾਉਣ ਵਾਲੀ ਕੌਫੀ ਟੇਬਲ ਬੁੱਕ ਅਤੇ ਖੇਤੀਬਾੜੀ ਕਰਜ਼ੇ, ਪ੍ਰੋਜੈਕਟ ਮੁਲਾਂਕਣ ਅਤੇ ਖੇਤੀਬਾੜੀ ਅਤੇ ਸਹਾਇਕ ਗਤੀਵਿਧੀਆਂ ਦੇ ਵਿੱਤ ਪੋਸ਼ਣ ਲਈ ਬੈਂਕਾਂ ਦੇ ਉਪਯੋਗ ਵਾਸਤੇ ਤਿਆਰ ਯੂਨਿਟ ਕਾਸਟ ਬੁੱਕ ਦੀ ਘੁੰਡ ਚੁਕਾਈ ਕੀਤੀ।

ਸਮਾਰੋਹ ਵਿੱਚ ਸ਼ਾਨਦਾਰ ਕੰਮ ਕਰਨ ਵਾਲੀਆਂ ਮੁੱਢਲੀ ਖੇਤੀਬਾੜੀ ਸਹਿਕਾਰੀ ਸੁਸਾਇਟੀਆਂ (ਪੈਕਸ), ਜ਼ਿਲ੍ਹਾ ਕੇਂਦਰੀ ਸਹਿਕਾਰੀ ਬੈਂਕਾਂ (ਡੀ.ਸੀ.ਸੀ.ਬੀ.), ਕਿਸਾਨ ਉਤਪਾਦਕ ਸੰਗਠਨਾਂ (ਐੱਫ.ਪੀ.ਓ.), ਕਾਰੀਗਰਾਂ ਅਤੇ ਮਹਿਲਾ ਉੱਦਮੀਆਂ ਨੂੰ ਪੇਂਡੂ ਵਿਕਾਸ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਨਾਲ ਹੀ ਐਫ.ਪੀ.ਓ., ਓ.ਐਫ.ਪੀ.ਓ. ਅਤੇ ਕਾਰੀਗਰਾਂ ਵੱਲੋਂ ਲਗਾਈ ਗਈ ਪ੍ਰਦਰਸ਼ਨੀ ਵਿੱਚ ਮੁੱਲ-ਵਰਧਿਤ ਖੇਤੀਬਾੜੀ ਉਤਪਾਦਾਂ, ਖਾਧ ਪਦਾਰਥਾਂ ਅਤੇ ਦਸਤਕਾਰੀ ਉਤਪਾਦਾਂ ਦਾ ਪ੍ਰਦਰਸ਼ਨ ਕੀਤਾ ਗਿਆ, ਜਿਸ ਨੇ ਹਰਿਆਣਾ ਦੇ ਪੇਂਡੂ ਉਤਪਾਦਕ ਸਮੂਹਾਂ ਦੀ ਵਧ ਰਹੀ ਸਮਰੱਥਾ ਨੂੰ ਦਰਸਾਇਆ।

ਨਾਬਾਰਡ ਦੀਆਂ ਪ੍ਰਾਪਤੀਆਂ ਦੀ ਜਾਣਕਾਰੀ ਦਿੰਦਿਆਂ ਮੁੱਖ ਮੈਨੇਜਰ ਡਾਇਰੈਕਟਰ ਸੁਸ਼ ਨਿਵੇਦਿਤਾ ਤਿਵਾੜੀ ਨੇ ਦੱਸਿਆ ਕਿ ਸੰਸਥਾ ਨੇ ਹਰਿਆਣਾ ਵਿੱਚ 710 ਮੁੱਢਲੀ ਖੇਤੀਬਾੜੀ ਸਹਿਕਾਰੀ ਸੁਸਾਇਟੀਆਂ (ਪੈਕਸ) ਦਾ ਕੰਪਿਊਟਰੀਕਰਨ ਅਤੇ ਡਿਜੀਟਾਈਜ਼ੇਸ਼ਨ ਕਰਕੇ ਅਤੇ 131 ਕਿਸਾਨ ਉਤਪਾਦਕ ਸੰਗਠਨਾਂ (ਐਫ.ਪੀ.ਓ.) ਨੂੰ ਹੁਲਾਰਾ ਦੇ ਕੇ ਕਿਸਾਨ-ਮਲਕੀਅਤ ਵਾਲੀਆਂ ਸੰਸਥਾਵਾਂ ਨੂੰ ਮਜ਼ਬੂਤ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਐਫ.ਪੀ.ਓ. ਰਾਹੀਂ 63,369 ਕਿਸਾਨਾਂ, ਜਿਨ੍ਹਾਂ ਵਿੱਚ 14,017 ਮਹਿਲਾਵਾਂ ਸ਼ਾਮਲ ਹਨ, ਨੂੰ ਇੱਕ ਮੰਚ 'ਤੇ ਲਿਆਂਦਾ ਗਿਆ ਹੈ।

ਇਸ ਨਾਲ ਕਿਸਾਨਾਂ ਨੂੰ ਸਮੂਹਿਕ ਮਾਰਕੀਟਿੰਗ, ਬਿਹਤਰ ਮੁੱਲ ਪ੍ਰਾਪਤੀ, ਆਧੁਨਿਕ ਤਕਨੀਕਾਂ ਨੂੰ ਅਪਣਾਉਣ ਅਤੇ ਖੇਤੀਬਾੜੀ ਮੁੱਲ ਲੜੀ ਨਾਲ ਬਿਹਤਰ ਜੁੜਾਅ ਦਾ ਲਾਭ ਮਿਲਿਆ ਹੈ।

ਸੰਸਥਾਗਤ ਵਿੱਤੀ ਪਹੁੰਚ ਨੂੰ ਮਜ਼ਬੂਤ ਬਣਾਉਣ ਲਈ ਨਾਬਾਰਡ ਨੇ 28 ਐਫ.ਪੀ.ਓ. ਨੂੰ 11.12 ਕਰੋੜ ਰੁਪਏ ਦੀ ਕਰਜ਼ਾ ਸਹਾਇਤਾ ਅਤੇ 9 ਐੱਫ.ਪੀ.ਓ. ਨੂੰ 60.38 ਲੱਖ ਰੁਪਏ ਦੀ ਇਕੁਇਟੀ ਗ੍ਰਾਂਟ ਸਹਾਇਤਾ ਪ੍ਰਦਾਨ ਕੀਤੀ ਹੈ, ਜਿਸ ਨਾਲ ਉਨ੍ਹਾਂ ਦੀ ਵਿੱਤੀ ਸਥਿਰਤਾ ਅਤੇ ਕਾਰੋਬਾਰੀ ਗਤੀਵਿਧੀਆਂ ਨੂੰ ਮਜ਼ਬੂਤੀ ਮਿਲੀ ਹੈ।

ਨਾਬਾਰਡ ਨੇ ਜਲਵਾਯੂ-ਅਨੁਕੂਲ ਖੇਤੀਬਾੜੀ ਨੂੰ ਵੀ ਵਿਸ਼ੇਸ਼ ਤਰਜੀਹ ਦਿੱਤੀ ਹੈ। ਇਸ ਤਹਿਤ ਜਲ-ਗ੍ਰਹਿਣ ਖੇਤਰ ਵਿਕਾਸ, ਧਰਤੀ ਹੇਠਲੇ ਪਾਣੀ ਦਾ ਪ੍ਰਬੰਧਨ, ਸੂਖਮ ਸਿੰਜਾਈ, ਡਾਇਰੈਕਟ ਸੀਡਿੰਗ ਆਫ਼ ਰਾਈਸ (ਡੀ.ਐੱਸ.ਆਰ.), ਸਬਜ਼ੀ ਕਲੱਸਟਰ ਅਤੇ ਹੋਰ ਟਿਕਾਊ ਖੇਤੀਬਾੜੀ ਪਹਿਲਕਦਮੀਆਂ ਨੂੰ ਉਤਸ਼ਾਹਿਤ ਕੀਤਾ ਗਿਆ ਹੈ, ਜਿਨ੍ਹਾਂ ਦਾ ਉਦੇਸ਼ ਖੇਤੀ ਦੀ ਲਾਗਤ ਘੱਟ ਕਰਨਾ ਅਤੇ ਕਿਸਾਨਾਂ ਦੀ ਆਮਦਨ ਵਧਾਉਣਾ ਹੈ। ਮਹਿਲਾਵਾਂ ਦੇ ਆਰਥਿਕ ਸਸ਼ਕਤੀਕਰਨ ਦੀ ਦਿਸ਼ਾ ਵਿੱਚ ਵੀ ਨਾਬਾਰਡ ਦੀਆਂ ਰੋਜ਼ੀ-ਰੋਟੀ ਵਧਾਉਣ ਵਾਲੀਆਂ ਯੋਜਨਾਵਾਂ ਨੇ ਮਹੱਤਵਪੂਰਨ ਯੋਗਦਾਨ ਪਾਇਆ ਹੈ। ਸਾਲ 2022-23 ਤੋਂ ਹੁਣ ਤੱਕ 5,010 ਤੋਂ ਵੱਧ ਪੇਂਡੂ ਮਹਿਲਾਵਾਂ ਨੂੰ ਡੇਅਰੀ, ਮੱਛੀ ਉਤਪਾਦਨ, ਖਾਧ ਪ੍ਰਸ?????ਰਣ, ਸਿਲਾਈ, ਦਸਤਕਾਰੀ ਅਤੇ ਹੋਰ ਸਵੈ-ਰੋਜ਼ਗਾਰ ਗਤੀਵਿਧੀਆਂ ਵਿੱਚ ਹੁਨਰ ਸਿਖਲਾਈ ਪ੍ਰਦਾਨ ਕੀਤੀ ਗਈ ਹੈ, ਜਿਸ ਨਾਲ ਉਨ੍ਹਾਂ ਲਈ ਪੱਕੀ ਰੋਜ਼ੀ-ਰੋਟੀ ਦੇ ਮੌਕੇ ਪੈਦਾ ਹੋਏ ਹਨ।

ਇਸ ਮੌਕੇ ਵਿੱਤ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਸ੍ਰੀ ਸੀ.ਜੀ. ਰਜਨੀ ਕਾਂਥਨ, ਹਰਕੋ ਬੈਂਕ ਦੇ ਚੇਅਰਮੈਨ ਸ੍ਰੀ ਭਾਰਤ ਭੂਸ਼ਣ ਜੁਯਾਲ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਹਰਿਆਣਾ ਦੇ ਸਿਵਲ ਏਵੀਏਸ਼ਨ ਮੰਤਰੀ ਸ੍ਰੀ ਵਿਪੁਲ ਗੋਇਲ ਦੀ ਅਗਵਾਈ ਹੇਠ ਐਚ.ਏ.ਡੀ.ਸੀ. ਦੀ 8ਵੀਂ ਬੋਰਡ ਮੀਟਿੰਗ ਸੰਪੰਨ



**ਚੰਡੀਗੜ੍ਹ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਿਵਲ ਏਵੀਏਸ਼ਨ ਮੰਤਰੀ ਅਤੇ ਹਰਿਆਣਾ ਏਅਰਪੋਰਟਸ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਵਿਪੁਲ ਗੋਇਲ ਦੀ ਅਗਵਾਈ ਹੇਠ ਚੰਡੀਗੜ੍ਹ ਵਿੱਚ ਹਰਿਆਣਾ ਏਅਰਪੋਰਟਸ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਿਡ ਦੇ ਬੋਰਡ ਆਫ਼ ਡਾਇਰੈਕਟਰਜ਼ ਦੀ 8ਵੀਂ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਸਿਵਲ ਏਵੀਏਸ਼ਨ ਬੁਨਿਆਦੀ ਢਾਂਚੇ ਦੇ ਵਿਕਾਸ, ਏਅਰ ਐਂਬੂਲੈਂਸ ਸੇਵਾਵਾਂ ਦੇ ਵਿਸਤਾਰ, ਵਿੱਤੀ ਪ੍ਰਬੰਧਨ ਅਤੇ ਪ੍ਰਸ਼ਾਸਕੀ ਪ੍ਰਕਿਰਿਆਵਾਂ ਨੂੰ ਹੋਰ ਵੱਧ ਮਜ਼ਬੂਤ ਬਣਾਉਣ ਨਾਲ ਸਬੰਧਤ ਵੱਖ-ਵੱਖ ਏਜੰਡਾ ਬਿੰਦੂਆਂ 'ਤੇ ਵਿਸਤਾਰ ਨਾਲ ਚਰਚਾ ਕੀਤੀ ਗਈ ਅਤੇ ਕਈ ਮਹੱਤਵਪੂਰਨ ਪ੍ਰਸਤਾਵਾਂ ਨੂੰ ਮਨਜ਼ੂਰੀ ਪ੍ਰਦਾਨ ਕੀਤੀ ਗਈ।

ਮੀਟਿੰਗ ਵਿੱਚ ਸੂਬੇ ਵਿੱਚ ਹੈਲੀ ਐਂਬੂਲੈਂਸ (ਮੈਡੀਕਲ, ਸੈਰ-ਸਪਾਟਾ ਅਤੇ ਜਨਤਕ ਆਵਾਜਾਈ) ਸੇਵਾਵਾਂ ਦੇ ਵਿਸਤਾਰ 'ਤੇ ਵਿਸ਼ੇਸ਼ ਤੌਰ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਦੌਰਾਨ ਸਿਹਤ ਵਿਭਾਗ ਅਤੇ ਵੱਖ-ਵੱਖ ਹਸਪਤਾਲਾਂ ਨਾਲ ਤਾਲਮੇਲ ਬਣਾਉਂਦਿਆਂ ਫਰੀ, ਕਰਨਾਲ, ਸੋਨੀਪਤ, ਗੁਰੂਗ੍ਰਾਮ ਅਤੇ ਰੋਹਤਕ ਸਥਿਤ ਮੈਡੀਕਲ ਕਾਲਜਾਂ ਦੇ ਨੇੜੇ ਬਣੇ ਹੈਲੀਪੈਡਾਂ ਦੇ ਉੱਨਤੀਕਰਨ (ਅਪਗ੍ਰੇਡੇਸ਼ਨ) ਦੀਆਂ ਯੋਜਨਾਵਾਂ ਦੀ ਸਮੀਖਿਆ ਕੀਤੀ ਗਈ।

ਮੀਟਿੰਗ ਦੌਰਾਨ ਕੈਬਨਿਟ ਮੰਤਰੀ ਸ੍ਰੀ ਵਿਪੁਲ ਗੋਇਲ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੂਬੇ ਵਿੱਚ ਚੱਲ ਰਹੇ ਸਾਰੇ ਉੱਡਣ ਪ੍ਰੋਜੈਕਟਾਂ ਨੂੰ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਅਤੇ ਉੱਚ ਗੁਣਵੱਤਾ ਮਾਪਦੰਡਾਂ ਨਾਲ ਪੂਰਾ ਕੀਤਾ ਜਾਵੇ, ਤਾਂ ਜੋ ਪ੍ਰਦੇਸ਼ ਵਿੱਚ ਵਪਾਰ, ਸੈਰ-ਸਪਾਟਾ ਅਤੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋ ਸਕਣ।

ਮੀਟਿੰਗ ਵਿੱਚ ਸਿਵਲ ਏਵੀਏਸ਼ਨ ਵਿਭਾਗ ਦੀ ਵਧੀਕ ਮੁੱਖ ਸਕੱਤਰ ਸ੍ਰੀਮਤੀ ਜੀ. ਅਨੁਪਮਾ, ਲੋਕ ਨਿਰਮਾਣ (ਭਵਨ ਅਤੇ ਸੜਕਾਂ) ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਅਪੂਰਵ ਕੁਮਾਰ ਸਿੰਘ, ਵਿੱਤ ਅਤੇ ਯੋਜਨਾ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਅਰੁਣ ਕੁਮਾਰ ਗੁਪਤਾ, ਸਿਵਲ ਏਵੀਏਸ਼ਨ ਵਿਭਾਗ ਦੇ ਡਾਇਰੈਕਟਰ ਜਨਰਲ ਅਤੇ ਸਕੱਤਰ ਸ੍ਰੀ ਅੰਸ਼ਜ ਸਿੰਘ, ਮੁੱਖ ਮੰਤਰੀ ਦੇ ਉਪ ਪ੍ਰਧਾਨ ਸਕੱਤਰ ਡਾ. ਯਸ਼ ਪਾਲ ਅਤੇ ਹਰਿਆਣਾ ਸਿਵਲ ਏਵੀਏਸਨ ਵਿਭਾਗ ਦੇ ਵਧੀਕ ਡਾਇਰੈਕਟਰ ਸ੍ਰੀ ਮਨੀਸ਼ ਕੁਮਾਰ ਲੋਹਾਨ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

# ਆਈ.ਟੀ.ਆਈ. ਦੇ ਵਿਦਿਆਰਥੀਆਂ ਨੂੰ ਹੁਨਰਮੰਦ ਬਣਾ ਕੇ ਆਧੁਨਿਕ ਉਦਯੋਗਾਂ ਨਾਲ ਜੋੜਨਾ ਹੈ ਸਰਕਾਰ ਦਾ ਮੁੱਖ ਟੀਚਾ: ਗੌਰਵ ਗੌਤਮ

**ਚੰਡੀਗੜ੍ਹ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਯੁਵਾ ਸਸ਼ਕਤੀਕਰਨ ਅਤੇ ਉੱਦਮਤਾ ਰਾਜ ਮੰਤਰੀ ਸ੍ਰੀ ਗੌਰਵ ਗੌਤਮ ਨੇ ਕਿਹਾ ਕਿ ਸੂਬਾ ਸਰਕਾਰ ਦਾ ਮੁੱਖ ਟੀਚਾ ਉਦਯੋਗਿਕ ਸਿਖਲਾਈ ਸੰਸਥਾਵਾਂ (ਆਈ.ਟੀ.ਆਈ.) ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਆਧੁਨਿਕ ਅਤੇ ਗੁਣਵੱਤਾਪੂਰਣ ਸਿੱਖਿਆ ਪ੍ਰਦਾਨ ਕਰਨਾ ਹੈ, ਤਾਂ ਜੋ ਸੂਬੇ ਦੇ ਨੌਜਵਾਨ ਦੇਸ਼ ਦੀਆਂ ਮੋਹਰੀ ਅਤੇ ਪ੍ਰਤਿਸ਼ਠਤ ਉਦਯੋਗਿਕ ਕੰਪਨੀਆਂ ਦੀਆਂ ਲੋੜਾਂ ਅਨੁਸਾਰ ਤਿਆਰ ਹੋ ਕੇ ਉਨ੍ਹਾਂ ਨਾਲ ਜੁੜ ਸਕਣ। ਇਸੇ ਦਿਸ਼ਾ ਵਿੱਚ ਕਦਮ ਚੁੱਕਦਿਆਂ ਸੂਬੇ ਦੀਆਂ ਆਈ.ਟੀ.ਆਈ. ਵਿੱਚ ਅੱਤਆਧੁਨਿਕ ਮਸ਼ੀਨਰੀ ਅਤੇ ਨਵੇਂ ਉਪਕਰਨ ਮੁਹੱਈਆ ਕਰਵਾਏ ਜਾਣਗੇ, ਜਿਸ ਨਾਲ ਨੌਜਵਾਨਾਂ ਨੂੰ ਉਦਯੋਗਾਂ ਦੀ ਮੌਜੂਦਾ ਮੰਗ ਅਨੁਸਾਰ ਆਧੁਨਿਕ ਵਿਧੀਆਂ ਵਿੱਚ ਪੂਰੀ ਤਰ੍ਹਾਂ ਨਿਪੁੰਨ ਬਣਾਇਆ ਜਾ ਸਕੇ।

ਹਰਿਆਣਾ ਸਿਵਲ ਸਕੱਤਰੇਤ ਵਿੱਚ ਹੁਨਰ ਵਿਕਾਸ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੀ ਉੱਚ ਪੱਧਰੀ ਖਰੀਦ ਕਮੇਟੀ ਦੀ ਮੀਟਿੰਗ ਦੀ ਅਗਵਾਈ ਕਰਦਿਆਂ ਰਾਜ ਮੰਤਰੀ ਨੇ ਵਿਭਾਗੀ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਮੀਟਿੰਗ ਦੌਰਾਨ ਆਈ.ਟੀ.ਆਈ. ਵਿੱਚ ਸਿਖਲਾਈ ਦੇ ਗੁਣਵੱਤਾ ਨੂੰ ਹੋਰ ਸੁਧਾਰਨ ਅਤੇ ਨਵੇਂ ਜ਼ਮਾਨੇ ਦੇ ਤਕਨੀਕੀ ਸਾਧਨਾਂ ਨੂੰ ਜਲਦੀ ਤੋਂ ਜਲਦੀ ਉਪਲਬਧ ਕਰਵਾਉਣ ਬਾਰੇ ਵਿਸਤ੍ਰਿਤ ਚਰਚਾ ਕੀਤੀ ਗਈ।

**ਡਿਗਰੀ ਦੇ ਨਾਲ ਹੁਨਰ ਯੁਕਤ ਨੌਜਵਾਨ ਹੀ ਹਨ ਅਸਲ ਤਾਕਤ**

ਇਸ ਦੌਰਾਨ ਰਾਜ ਮੰਤਰੀ ਸ੍ਰੀ ਗੌਰਵ ਗੌਤਮ ਨੇ ਕਿਹਾ ਕਿ ਅੱਜ ਦੇ ਮੁਕਾਬਲੇਬਾਜ਼ੀ ਦੇ ਦੌਰ ਵਿੱਚ ਸਿਰਫ ਵਿਦਿਅਕ ਡਿਗਰੀ ਹੋਣਾ ਹੀ ਕਾਫ਼ੀ ਨਹੀਂ ਹੈ, ਸਗੋਂ ਵਿਹਾਰਕ ਹੁਨਰ ਨਾਲ ਯੁਕਤ ਨੌਜਵਾਨ ਹੀ ਸਭ ਤੋਂ ਵੱਡੀ ਤਾਕਤ ਹਨ। ਕੇਂਦਰ ਅਤੇ ਰਾਜ ਸਰਕਾਰ ਦਾ ਸਾਂਝਾ ਅਤੇ ਸਪੱਸ਼ਟ ਟੀਚਾ ਹੈ ਕਿ ਪ੍ਰਦੇਸ਼ ਦੇ 'ਹਰ ਹੱਥ ਨੂੰ ਹੁਨਰ' ਮਿਲੇ। ਜਦੋਂ ਨੌਜਵਾਨ ਹੁਨਰ ਸੰਪੰਨ ਹੋਣਗੇ, ਤਦ ਹੀ ਉਹ ਆਤਮਨਿਰਭਰ ਬਣਨਗੇ ਅਤੇ ਇੱਕ ਵਿਕਸਿਤ ਤੇ ਸ਼ਕਤੀਸ਼ਾਲੀ ਭਾਰਤ ਦੇ ਨਿਰਮਾਣ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪਾ ਸਕਣਗੇ।

**ਆਈ.ਟੀ.ਆਈ. ਵਿੱਚ ਮਿਲੇਗੀ ਹੋਰ ਬਿਹਤਰ ਸਿਖਲਾਈ**

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਦੇ ਹੁਨਰ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਆਈ.ਟੀ.ਆਈ. ਵਿੱਚ ਆਧੁਨਿਕ ਤਕਨੀਕਾਂ ਦੇ ਸਮਾਵੇਸ਼ ਨਾਲ ਵਿਦਿਆਰਥੀਆਂ ਨੂੰ ਨਾ ਸਿਰਫ਼ ਬਿਹਤਰ ਸਿਖਲਾਈ ਮਿਲੇਗੀ, ਸਗੋਂ ਉਹ ਸਿੱਧੇ ਤੌਰ 'ਤੇ ਉਦਯੋਗਿਕ ਖੇਤਰ ਦੀ ਮੰਗ ਨੂੰ ਪੂਰਾ ਕਰਨ ਵਿੱਚ ਸਮਰੱਥ ਹੋਣਗੇ। ਇਸ ਨਾਲ ਸੂਬੇ ਵਿੱਚ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਮੀਟਿੰਗ ਵਿੱਚ ਯੁਵਾ ਸਸ਼ਕਤੀਕਰਨ ਅਤੇ ਉੱਦਮਤਾ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਸ੍ਰੀ ਰਾਜੀਵ ਰੰਜਨ, ਕੌਸ਼ਲ ਨਿਗਮ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਡਾਇਰੈਕਟਰ ਸ੍ਰੀ ਸਿਤੇਂਦਰ ਦੂਹਨ ਅਤੇ ਹੋਰ ਅਧਿਕਾਰੀ ਮੌਜੂਦ ਸਨ।

# ਭਾਰਤੀ ਫੌਜ 'ਚ ਜੇ.ਏ.ਜੀ. ਐਂਟਰੀ ਸਕੀਮ ਤਹਿਤ ਯੋਗ ਲਾਅ ਗ੍ਰੈਜੂਏਟਸ ਤੋਂ ਆਨਲਾਈਨ ਅਰਜ਼ੀਆਂ ਦੀ ਮੰਗ



**ਜਲੰਧਰ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਡਾਇਰੈਕਟਰ, ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਬਿਊਰੋ ਨੀਲਮ ਮਹੇ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਭਾਰਤੀ ਫੌਜ ਵਿੱਚ ਸ਼ੋਰਟ ਸਰਵਿਸ ਕਮਿਸ਼ਨ ਤਹਿਤ ਜੇ.ਏ.ਜੀ. ਐਂਟਰੀ ਸਕੀਮ (ਅਪ੍ਰੈਲ 2027) ਤਹਿਤ ਯੋਗ ਲਾਅ ਗ੍ਰੈਜੂਏਟਸ (ਅਣਵਿਆਹੇ ਲੜਕੇ ਅਤੇ ਲੜਕੀਆਂ) ਪਾਸੋਂ ਆਨਲਾਈਨ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ।

ਯੋਗਤਾ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਨੇ ਦੱਸਿਆ ਕਿ ਉਮੀਦਵਾਰ ਨੇ ਐਲ.ਐਲ.ਬੀ.ਡਿਗਰੀ ਵਿੱਚ ਘੱਟੋ-ਘੱਟ 55 ਫੀਸਦੀ ਅੰਕ ਪ੍ਰਾਪਤ ਕੀਤੇ ਹੋਣ, ਦਸੰਬਰ 2025 ਵਿੱਚ ਹੋਈ 7 ਪ੍ਰੀਖਿਆ-2026 ਦਿੱਤੀ ਹੋਵੇ। ਉਮੀਦਵਾਰ ਦੀ ਉਮਰ 1 ਜਨਵਰੀ 2027 ਨੂੰ 21 ਤੋਂ 27 ਸਾਲ ਹੋਣੀ ਚਾਹੀਦੀ ਹੈ।

ਉਨ੍ਹਾਂ ਦੱਸਿਆ ਕਿ 10 ਅਸਾਮੀਆਂ ਲਈ ਨਿਰਧਾਰਿਤ ਚੋਣ ਪ੍ਰਕਿਰਿਆ ਉਪਰੰਤ ਚੁਣੇ ਗਏ ਉਮੀਦਵਾਰਾਂ ਨੂੰ ਆਫਿਸਰ ਟ੍ਰੇਨਿੰਗ ਅਕੈਡਮੀ, ਚੇਨਈ ਵਿਖੇ 49 ਹਫ਼ਤਿਆਂ ਦੀ ਟ੍ਰੇਨਿੰਗ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਟ੍ਰੇਨਿੰਗ ਦੌਰਾਨ ਪ੍ਰਤੀ ਮਹੀਨਾ 56,100 ਰੁਪਏ ਸਟਾਈਪੈਂਡ ਅਤੇ ਟ੍ਰੇਨਿੰਗ ਤੋਂ ਬਾਅਦ ਲਗਭਗ 17-18 ਲੱਖ ਰੁਪਏ ਸਲਾਨਾ ਤਨਖਾਹ ਹੋਵੇਗੀ।

ਉਨ੍ਹਾਂ ਦੱਸਿਆ ਕਿ ਚਾਹਵਾਨ ਉਮੀਦਵਾਰ 17 ਅਗਸਤ 2026, ਦੁਪਹਿਰ 3 ਵਜੇ ਤੱਕ ਆਨਲਾਈਨ ਅਰਜ਼ੀਆਂ ਦੇ ਸਕਦੇ ਹਨ। ਵਧੇਰੇ ਜਾਣਕਾਰੀ ਭਾਰਤੀ ਫੌਜ ਦੀ ਵੈੱਬਸਾਈਟ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਜ਼ਿਲ੍ਹਾ ਪ੍ਰਸ਼ਾਸਨ ਨੇ ਆਜ਼ਾਦੀ ਦਿਹਾੜੇ ਸਮਾਗਮ ਦੀਆਂ ਤਿਆਰੀਆਂ ਵਿੱਢੀਆਂ




**ਜਲੰਧਰ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਸ਼ਾਸਨ ਨੇ ਆਜ਼ਾਦੀ ਦਿਹਾੜੇ ਮੌਕੇ 15 ਅਗਸਤ ਨੂੰ ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਕਰਵਾਏ ਜਾਣ ਵਾਲੇ ਆਜ਼ਾਦੀ ਦਿਵਸ ਸਮਾਗਮ ਲਈ ਤਿਆਰੀਆਂ ਵਿੱਢ ਦਿੱਤੀਆਂ ਹਨ।

ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਅੱਜ ਇਸ ਸਬੰਧੀ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਨਿੰਦਰ ਕੌਰ ਸਮੇਤ ਵੱਖ-ਵੱਖ ਵਿਭਾਗਾਂ ਨਾਲ ਮੀਟਿੰਗ ਦੌਰਾਨ ਆਜ਼ਾਦੀ ਦਿਵਸ ਸਮਾਗਮ ਨੂੰ ਨਿਰਵਿਘਨ ਤੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਪੁਖ਼ਤਾ ਪ੍ਰਬੰਧ ਯਕੀਨੀ ਬਣਾਉਣ ਵਾਸਤੇ ਅਧਿਕਾਰੀਆਂ ਦੀਆਂ ਜ਼ਿੰਮੇਵਾਰੀਆਂ ਨਿਰਧਾਰਿਤ ਕੀਤੀਆਂ। ਇਸ ਮੌਕੇ ਏ.ਡੀ.ਸੀ.ਪੀ. ਸੁਖਵਿੰਦਰ ਸਿੰਘ ਵੀ ਮੌਜੂਦ ਸਨ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਇਸ ਰਾਸ਼ਟਰੀ ਮਹੱਤਤਾ ਵਾਲੇ ਸਮਾਗਮ ਨੂੰ ਦੇਸ਼ ਭਗਤੀ ਦੀ ਭਾਵਨਾ ਨਾਲ ਮਨਾਉਣ ਲਈ ਸਾਰੇ ਅਧਿਕਾਰੀਆਂ ਨੂੰ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਜ਼ਿੰਮੇਵਾਰੀ ਨਾਲ ਨਿਭਾਉਣ ਦੇ ਨਿਰਦੇਸ਼ ਦਿੱਤੇ।

ਸ੍ਰੀ ਵਾਲੀਆ ਨੇ ਕਿਹਾ ਕਿ ਸਮਾਗਮ ਦੌਰਾਨ ਸ਼ਾਨਦਾਰ ਮਾਰਚ ਪਾਸਟ, ਵਿਦਿਆਰਥੀਆਂ ਵੱਲੋਂ ਮਾਸ ਪੀ.ਟੀ. ਸ਼ੋਅ ਅਤੇ ਦੇਸ਼ ਭਗਤੀ ਦੀ ਭਾਵਨਾ 'ਤੇ ਆਧਾਰਿਤ ਸੱਭਿਆਚਾਰਕ ਸਮਾਗਮ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਸਮਾਗਮ ਦੌਰਾਨ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਭਾਗੀਦਾਰੀ 'ਤੇ ਜ਼ੋਰ ਦਿੱਤਾ ਤਾਂ ਜੋ ਉਨ੍ਹਾਂ ਅੰਦਰ ਦੇਸ਼ ਭਗਤੀ ਦੀ ਚਿਣਗ ਪੈਦਾ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਵੱਖ-ਵੱਖ ਵਿਭਾਗਾਂ ਦੇ ਪ੍ਰਾਪਤੀਆਂ ਵਾਲੇ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਸਨਮਾਨ ਵੀ ਕੀਤਾ ਜਾਵੇਗਾ। ਉਨ੍ਹਾਂ ਹਦਾਇਤ ਕੀਤੀ ਕਿ ਵਿਭਾਗ ਮੁਖੀ ਇਸ ਸਬੰਧੀ ਸੂਚੀਆਂ 7 ਅਗਸਤ ਤੱਕ ਭੇਜਣੀਆਂ ਯਕੀਨੀ ਬਣਾਉਣ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿੱਚ ਵਿਲੱਖਣ ਉਪਲਬਧੀਆਂ ਹਾਸਲ ਕਰਨ ਵਾਲੀਆਂ ਸ਼ਖਸੀਅਤਾਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ।

ਵੱਖ-ਵੱਖ ਵਿਭਾਗਾਂ ਨੂੰ ਜ਼ਿੰਮੇਵਾਰੀਆਂ ਦੀ ਵੰਡ ਕਰਦਿਆਂ ਡਿਪਟੀ ਕਮਿਸ਼ਨਰ ਨੇ ਪੁਲਿਸ ਵਿਭਾਗ ਨੂੰ ਸੁਰੱਖਿਆ ਦੇ ਪੁਖ਼ਤਾ ਬੰਦੋਬਸਤ, ਢੁੱਕਵੀਂ ਪਾਰਕਿੰਗ, ਟ੍ਰੈਫਿਕ ਦੇ ਬਦਲਵੇਂ ਪ੍ਰਬੰਧ ਸਮੇਤ ਹੋਰ ਲੋੜੀਂਦੇ ਇੰਤਜ਼ਾਮ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਸਮਾਗਮ ਵਾਲੇ ਸਥਾਨ ਦੇ ਨਾਲ-ਨਾਲ ਚੌਕਾਂ ਦੀ ਸਾਫ-ਸਫਾਈ, ਸਜਾਵਟ, ਬੈਠਣ ਦੇ ਪ੍ਰਬੰਧ, ਪੀਣ ਵਾਲੇ ਪਾਣੀ, ਸੁਖਾਲੀ ਐਂਟਰੀ, ਨਿਰਵਿਘਨ ਬਿਜਲੀ ਸਪਲਾਈ, ਫਾਇਰ ਬ੍ਰਿਗੇਡ ਆਦਿ ਸਮੇਤ ਸਮੁੱਚੇ ਲੋੜੀਂਦੇ ਇੰਤਜ਼ਾਮ ਯਕੀਨੀ ਬਣਾਉਣ ਦੀ ਹਦਾਇਤ ਕੀਤੀ। ਉਨ੍ਹਾਂ ਸਿਹਤ ਅਧਿਕਾਰੀਆਂ ਨੂੰ ਕਿਹਾ ਕਿ ਸਮਾਗਮ ਵਾਲੇ ਦਿਨ ਲੋਕਾਂ ਦੀ ਸਹੂਲਤ ਲਈ ਸਟੇਡੀਅਮ ਵਿੱਚ ਲੋੜੀਂਦੀਆਂ ਮੈਡੀਕਲ ਟੀਮਾਂ ਤੇ ਐਂਬੂਲੈਂਸ ਤਾਇਨਾਤ ਕੀਤੀਆਂ ਜਾਣ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਸਮਾਗਮ ਤੋਂ ਪਹਿਲਾਂ ਰਿਹਰਸਲਾਂ ਦੌਰਾਨ ਵੀ ਮੈਡੀਕਲ ਸਹਾਇਤਾ ਦਾ ਪ੍ਰਬੰਧ ਯਕੀਨੀ ਬਣਾਇਆ ਜਾਵੇ।

ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਸਮੁੱਚੇ ਪ੍ਰਬੰਧਾਂ ਦੀ ਵਿਅਕਤੀਗਤ ਤੌਰ 'ਤੇ ਨਿਗਰਾਨੀ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਇਸ ਮਹੱਤਵਪੂਰਣ ਸਮਾਗਮ ਨੂੰ ਸੁਚਾਰੂ ਢੰਗ ਨਾਲ ਕਰਵਾਇਆ ਜਾ ਸਕੇ।

ਮੀਟਿੰਗ ਵਿੱਚ ਐਸ.ਡੀ.ਐਮ. ਸ਼ੁਭੀ ਆਂਗਰਾ ਅਤੇ ਸ਼ਾਇਰੀ ਮਲਹੋਤਰਾ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰ) ਡਾ. ਗੁਰਿੰਦਰਜੀਤ ਕੌਰ, ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ ਭੋਗਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਹੋਟਲ ਉਦਯੋਗ ਚ ਹੁਨਰਮੰਦ ਨੌਜਵਾਨਾਂ ਲਈ ਭਾਰਤ ਹੀ ਨਹੀਂ, ਵਿਦੇਸ਼ਾਂ ਚ ਵੀ ਰੋਜ਼ਗਾਰ ਦੇ ਅਥਾਹ ਮੌਕੇ: ਡਾ. ਰਾਜ ਕੁਮਾਰ ਚੱਬੇਵਾਲ



**ਹੁਸ਼ਿਆਰਪੁਰ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਦੇ ਸੈਰ ਸਪਾਟਾ ਮੰਤਰਾਲੇ ਅਧੀਨ ਚੱਲ ਰਹੇ 'ਹੁਨਰ ਸੇ ਰੋਜ਼ਗਾਰ ਤੱਕ' ਪ੍ਰੋਗਰਾਮ ਤਹਿਤ ਫੂਡ ਕ੍ਰਾਫਟ ਇੰਸਟੀਚਿਊਟ ਵਿਖੇ ਕੈਪੇਸਿਟੀ ਬਿਲਡਿੰਗ ਫਾਰ ਸਰਵਿਸ ਪ੍ਰੋਵਾਈਡਰਜ਼ ਕੋਰਸ ਵਿਦਿਆਰਥੀਆਂ ਦਾ ਵਿਦਾਇਗੀ ਸਮਾਗਮ ਕਰਾਇਆ ਗਿਆ

ਜਿਸ ਵਿਚ ਮੁੱਖ ਮਹਿਮਾਨ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਕੋਰਸ ਪੂਰਾ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ।

ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਹੁਨਰ ਹੀ ਸਫ਼ਲਤਾ ਦੀ ਸਭ ਤੋਂ ਵੱਡੀ ਕੁੰਜੀ ਹੈ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਫੂਡ ਅਤੇ ਹੋਟਲ ਉਦਯੋਗ ਵਿੱਚ ਹੁਨਰਮੰਦ ਨੌਜਵਾਨਾਂ ਲਈ ਭਾਰਤ ਹੀ ਨਹੀਂ, ਸਗੋਂ ਵਿਦੇਸ਼ਾਂ ਵਿੱਚ ਵੀ ਰੋਜ਼ਗਾਰ ਦੇ ਬੇਅੰਤ ਮੌਕੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੇ ਹੁਨਰ ਦਾ ਪੂਰਾ ਲਾਭ ਉਠਾਉਣ, ਉੱਚ ਪੱਧਰੀ ਹੋਟਲਾਂ ਅਤੇ ਪ੍ਰਾਹੁਣਚਾਰੀ ਉਦਯੋਗ ਵਿੱਚ ਆਪਣਾ ਭਵਿੱਖ ਬਣਾਉਣ ਅਤੇ ਜੇਕਰ ਉਹ ਉਦਯੋਗਪਤੀ ਬਣਨਾ ਚਾਹੁੰਦੇ ਹਨ ਤਾਂ ਆਪਣਾ ਖੁਦ ਦਾ ਸਟਾਰਟਅੱਪ ਜਾਂ ਕਾਰੋਬਾਰ ਸ਼ੁਰੂ ਕਰਕੇ ਹੋਰਨਾਂ ਲਈ ਵੀ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਪ੍ਰੇਰਿਤ ਕੀਤਾ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਮਿਹਨਤ, ਅਨੁਸ਼ਾਸਨ ਅਤੇ ਸਮਰਪਣ ਨਾਲ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਅਪੀਲ ਕੀਤੀ।

ਇਸ ਮੌਕੇ ਫੂਡ ਕ੍ਰਾਫਟ ਇੰਸਟੀਚਿਊਟ ਦੇ ਪ੍ਰਿੰਸੀਪਲ ਡਾ. ਜਗਨਨਾਥਣ ਨੇ ਦੱਸਿਆ ਕਿ ਸਰਕਾਰ ਵਲੋ ਵੱਖ-ਵੱਖ ਸਕਿੱਲ ਡਿਵੈਲਪਮੈਂਟ ਕੋਰਸ ਚਲਾਏ ਜਾ ਰਹੇ ਹਨ, ਜਿਨ੍ਹਾਂ ਦਾ ਉਦੇਸ਼ ਨੌਜਵਾਨਾਂ ਨੂੰ ਉਦਯੋਗ ਦੀਆਂ ਲੋੜਾਂ ਅਨੁਸਾਰ ਪ੍ਰਸ਼ਿਕਸ਼ਿਤ ਕਰਕੇ ਰੋਜ਼ਗਾਰ ਅਤੇ ਸਵੈਰੋਜ਼ਗਾਰ ਦੇ ਯੋਗ ਬਣਾਉਣਾ ਹੈ। ਸਮਾਗਮ ਦੇ ਅੰਤ ਵਿੱਚ ਮੁੱਖ ਮਹਿਮਾਨ ਡਾ. ਰਾਜ ਕੁਮਾਰ ਚੱਬੇਵਾਲ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਅਕਾਊਟੈਂਟ, ਮਿਸ ਦੀਪਿਕਾ, ਸੀ.ਬੀ.ਐਸ.ਸੀ ਕੋਆਡੀਨੇਟਰ ਅਸ਼ਵਨੀ ਕੁਮਾਰ, ਗਗਨਦੀਪ ਸਿੰਘ, ਸੁਨੀਲ ਕੁਮਾਰ, ਸੌਰਵ ਕੁਮਾਰ, ਹਰਦੀਪ ਕੁਮਾਰ, ਰੋਹਿਤ ਬਜਾਜ ਮੌਜੂਦ ਸਨ।

# ਔਰਤਾਂ ਨੂੰ ਵੋਟ ਦੇ ਹੱਕ ਪ੍ਰਤੀ ਜਾਗਰੂਕ ਕਰਨਾ ਸਮੇਂ ਦੀ ਮੁੱਖ ਲੋੜ : ਰਜਿੰਦਰ ਕੌਰ




**ਤਰਨਤਾਰਨ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸ.ਆਈ.ਆਰ 2026 ਦੇ ਵਿਸ਼ੇਸ਼ ਵੋਟਰ ਸੁਧਾਈ ਅਭਿਆਨ ਤਹਿਤ ਜ਼ਿਲ੍ਹੇ ਵਿੱਚ ਲਗਾਤਾਰ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਆਮ ਲੋਕਾਂ ਦੇ ਨਾਲ-ਨਾਲ ਖਾਸ ਤੌਰ 'ਤੇ ਔਰਤਾਂ ਅਤੇ ਨੌਜਵਾਨ ਲੜਕੀਆਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ।ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ-ਕਮ-ਨੋਡਲ ਅਫ਼ਸਰ ਸਵੀਪ ਰਜਿੰਦਰ ਕੌਰ ਦੀ ਅਗਵਾਈ ਹੇਠ ਸਕੂਲੀ ਵਿਦਿਆਰਥੀਆਂ ਵੱਲੋਂ ਅੱਜ ਡੋਰ-ਟੂ-ਡੋਰ ਮੁਹਿੰਮ ਚਲਾਈ ਗਈ। ਵਿਦਿਆਰਥੀਆਂ ਨੇ ਘਰ-ਘਰ ਜਾ ਕੇ ਔਰਤਾਂ ਅਤੇ ਨੌਜਵਾਨ ਲੜਕੀਆਂ ਨੂੰ ਉਨ੍ਹਾਂ ਦੇ ਵੋਟ ਦੇ ਅਧਿਕਾਰ, ਵੋਟ ਦੀ ਕੀਮਤ ਅਤੇ ਵੋਟਰ ਸੁਧਾਈ ਦੇ ਮਹੱਤਵ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਅਧਿਆਪਕਾਂ ਨੇ ਵੀ ਵਿਦਿਆਰਥਣਾਂ ਨੂੰ ਇਸ ਮੁਹਿੰਮ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਗੱਲਬਾਤ ਕਰਦਿਆਂ ਰਜਿੰਦਰ ਕੌਰ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਔਰਤਾਂ ਹਰ ਖੇਤਰ ਵਿੱਚ ਮਰਦਾਂ ਦੇ ਬਰਾਬਰ ਭਾਗੀਦਾਰੀ ਨਿਭਾਅ ਰਹੀਆਂ ਹਨ। ਉਨ੍ਹਾਂ ਦੀ ਅਹਿਮ ਭੂਮਿਕਾ ਤੋਂ ਬਿਨਾਂ ਇੱਕ ਸੁਚੱਜੇ ਅਤੇ ਮਜ਼ਬੂਤ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਲਈ ਔਰਤਾਂ ਦਾ ਵੋਟਰ ਸੂਚੀ ਵਿੱਚ ਨਾਮ ਦਰਜ ਹੋਣਾ ਅਤੇ ਵੋਟ ਪਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਸਮੂਹ ਔਰਤਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਨਵੀਆਂ ਵੋਟਾਂ ਬਣਵਾਉਣ ਅਤੇ ਵੋਟਰ ਸੁਧਾਈ ਦੇ ਕੰਮਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ। ਉਨ੍ਹਾਂ ਕਿਹਾ ਕਿ ਇਹ ਦੇਸ਼ ਅਤੇ ਸਮਾਜ ਦੀ ਤਰੱਕੀ ਲਈ ਔਰਤਾਂ ਦੀ ਸਰਗਰਮ ਭਾਗੀਦਾਰੀ ਨੂੰ ਯਕੀਨੀ ਬਣਾਉਣ ਦਾ ਸੁਨਹਿਰਾ ਮੌਕਾ ਹੈ।

ਉਨ੍ਹਾਂ ਦੱਸਿਆ ਕਿ ਇਸ ਜਾਗਰੂਕਤਾ ਮੁਹਿੰਮ ਨੂੰ ਅਗਲੇ ਦਿਨਾਂ ਵਿੱਚ ਵੀ ਲਗਾਤਾਰ ਜਾਰੀ ਰੱਖਿਆ ਜਾਵੇਗਾ ਤਾਂ ਜੋ ਜ਼ਿਲ੍ਹੇ ਵਿੱਚ ਕੋਈ ਵੀ ਯੋਗ ਔਰਤ ਵੋਟ ਦੇ ਅਧਿਕਾਰ ਤੋਂ ਵਾਂਝੀ ਨਾ ਰਹੇ।

# ਆਰ.ਟੀ.ਓ. ਨੇ ਸੇਫ ਸਕੂਲ ਵਾਹਨ ਪਾਲਿਸੀ ਤਹਿਤ 15 ਸਕੂਲ ਬੱਸਾਂ ਦੀ ਕੀਤੀ ਜਾਂਚ

**ਹੁਸ਼ਿਆਰਪੁਰ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਖੇਤਰੀ ਟਰਾਂਸਪੋਰਟ ਅਫ਼ਸਰ (ਆਰ.ਟੀ.ਓ.) ਅਮਨਦੀਪ ਕੌਰ ਘੁੰਮਣ ਨੇ ਮੰਗਲਵਾਰ ਨੂੰ ਜ਼ਿਲ੍ਹੇ ਵਿੱਚ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲ ਵਾਹਨਾਂ ਦੀ ਵਿਸ਼ੇਸ਼ ਜਾਂਚ ਮੁਹਿੰਮ ਚਲਾਈ। ਇਸ ਦੌਰਾਨ ਵੱਖ-ਵੱਖ ਸਕੂਲਾਂ ਦੀਆਂ ਕੁੱਲ 15 ਸਕੂਲ ਬੱਸਾਂ ਦੀ ਗਹਿਰਾਈ ਨਾਲ ਜਾਂਚ ਕੀਤੀ ਗਈ।

ਜਾਂਚ ਦੌਰਾਨ ਬੱਸਾਂ ਦੇ ਲੋੜੀਂਦੇ ਦਸਤਾਵੇਜ਼, ਫਿਟਨੈੱਸ ਸਰਟੀਫਿਕੇਟ, ਪਰਮਿਟ, ਬੀਮਾ, ਪ੍ਰਦੂਸ਼ਣ ਸਰਟੀਫਿਕੇਟ, ਅੱਗ ਬੁਝਾਉਣ ਵਾਲੇ ਯੰਤਰ, ਮੁੱਢਲੀ ਸਹਾਇਤਾ ਕਿੱਟ, ਜੀ.ਪੀ.ਐਸ., ਸੀ.ਸੀ.ਟੀ.ਵੀ. ਕੈਮਰੇ ਅਤੇ ਹੋਰ ਸੁਰੱਖਿਆ ਮਾਪਦੰਡਾਂ ਦੀ ਜਾਂਚ ਕੀਤੀ ਗਈ। ਜਾਂਚ ਦੌਰਾਨ ਸੁਰੱਖਿਆ ਨਿਯਮਾਂ ਦੀ ਉਲੰਘਣਾ ਪਾਏ ਜਾਣ 'ਤੇ 2 ਸਕੂਲ ਬੱਸਾਂ ਦੇ ਚਲਾਨ ਕੀਤੇ ਗਏ।

ਆਰ.ਟੀ.ਓ. ਅਮਨਦੀਪ ਕੌਰ ਘੁੰਮਣ ਨੇ ਕਿਹਾ ਕਿ ਵਿਦਿਆਰਥੀਆਂ ਦੀ ਸੁਰੱਖਿਆ ਪ੍ਰਸ਼ਾਸਨ ਦੀ ਸਭ ਤੋਂ ਵੱਡੀ ਤਰਜੀਹ ਹੈ ਅਤੇ ਸਕੂਲ ਵਾਹਨਾਂ ਲਈ ਨਿਰਧਾਰਤ ਸਾਰੇ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ।



ਉਨ੍ਹਾਂ ਸਪੱਸ਼ਟ ਕੀਤਾ ਕਿ ਸੇਫ ਸਕੂਲ ਵਾਹਨ ਨੀਤੀ ਤਹਿਤ ਅਜਿਹੀਆਂ ਵਿਸ਼ੇਸ਼ ਜਾਂਚ ਮੁਹਿੰਮਾਂ ਭਵਿੱਖ ਵਿੱਚ ਵੀ ਨਿਯਮਿਤ ਤੌਰ 'ਤੇ ਜਾਰੀ ਰਹਿਣਗੀਆਂ। ਨਿਯਮਾਂ ਦੀ ਅਣਦੇਖੀ ਕਰਨ ਵਾਲੇ ਵਾਹਨ ਚਾਲਕਾਂ/ਸੰਚਾਲਕਾਂ ਵਿਰੁੱਧ ਮੋਟਰ ਵਾਹਨ ਐਕਟ ਤਹਿਤ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਵਿਦਿਆਰਥੀ ਅੰਦੋਲਨ ਦੀ ਜਿੱਤ; ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਦਿੱਤਾ ਅਸਤੀਫ਼ਾ

## ਸੀ.ਜੇ.ਪੀ. ਨੇ ਖ਼ਤਮ ਕੀਤਾ ਰੋਸ ਵਿਖਾਵਾ, ਵਿਦਿਆਰਥੀਆਂ ਨੂੰ ਘਰ ਜਾਣ ਦੀ ਕੀਤੀ ਅਪੀਲ

**ਨਵੀਂ ਦਿੱਲੀ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਵਿੱਚ ਪ੍ਰੀਖਿਆ ਪ੍ਰਸ਼ਨ ਪੱਤਰ ਲੀਕ ਮਾਮਲੇ ਨੂੰ ਲੈ ਕੇ ਵਧ ਰਹੇ ਵਿਰੋਧ ਅਤੇ ਜੰਤਰ-ਮੰਤਰ ’ਤੇ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਦੀਆਂ ਮੁੱਖ ਮੰਗਾਂ ਅੱਗੇ ਝੁਕਦਿਆਂ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਨੇ ਸਮਾਜਿਕ ਮਾਧਿਅਮ ’ਤੇ ਇੱਕ ਪੱਤਰ ਸਾਂਝਾ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣਾ ਅਸਤੀਫ਼ਾ ਭੇਜਣ ਦੀ ਜਾਣਕਾਰੀ ਦਿੱਤੀ।

ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਵੱਲੋਂ ਦਿੱਤੇ ਗਏ ਅਸਤੀਫ਼ੇ ਤੋਂ ਬਾਅਦ ‘ਕਾਲਜ ਐਂਡ ਸਕੂਲ ਪ੍ਰੋਟੈਸਟ ਜਨਤਾ ਪਾਰਟੀ’ ਦੇ ਸੰਸਥਾਪਕ ਪ੍ਰਧਾਨ ਅਭਿਜੀਤ ਦਿਪਕੇ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਸਾਫ਼ ਕੀਤਾ ਹੈ ਕਿ ਸਿੱਖਿਆ ਮੰਤਰੀ ਦਾ ਅਸਤੀਫ਼ਾ ਸਿਰਫ਼ ਇੱਕ ਸ਼ੁਰੂਆਤ ਹੈ ਅਤੇ ਬਾਕੀ ਮੰਗਾਂ ਪੂਰੀਆਂ ਹੋਣ ਤੱਕ ਜੰਤਰ-ਮੰਤਰ ’ਤੇ ਚੱਲ ਰਿਹਾ ਵਿਦਿਆਰਥੀਆਂ ਦਾ ਅੰਦੋਲਨ ਸਮਾਪਤ ਨਹੀਂ ਹੋਵੇਗਾ।

ਅਭਿਜੀਤ ਦਿਪਕੇ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ, ਡਰਨ ਦੀ ਕੋਈ ਲੋੜ ਨਹੀਂ ਹੈ, ਇਹ ਲੋਕਤੰਤਰ ਹੈ। ਧਰਮੇਂਦਰ ਪ੍ਰਧਾਨ ਨੇ ਅਸਤੀਫ਼ਾ ਦੇ ਦਿੱਤਾ ਹੈ, ਪਰ ਸਾਡੀਆਂ ਦੋ ਹੋਰ ਪ੍ਰਮੁੱਖ ਮੰਗਾਂ ਅਜੇ ਬਾਕੀ ਹਨ ਅਤੇ ਅਸੀਂ ਇੰਝ ਵਾਪਸ ਨਹੀਂ ਜਾਵਾਂਗੇ।

ਐਕਸ ’ਤੇ ਪੋਸਟ ਕੀਤੇ ਆਪਣੇ ਪੱਤਰ ’ਚ ਪ੍ਰਧਾਨ ਨੇ ਲਿਖਿਆ, ਜੰਤਰ-ਮੰਤਰ ਅਤੇ ਦੇਸ਼ ’ਚ ਜੋ ਸਥਿਤੀ ਬਣੀ ਹੋਈ ਹੈ, ਉਸ ਦਾ ਕੋਈ ਦੇਸ਼ ਵਿਰੋਧੀ ਤਾਕਤ ਫ਼ਾਇਦਾ ਨਾ ਚੁੱਕ ਸਕੇ, ਦੇਸ਼ ਦੀ ਅਖੰਡਤਾ ਬਣੀ ਰਹੇ ਅਤੇ ਭਾਰਤ ਦੇ ਇੱਕ ਵੀ ਵਿਦਿਆਰਥੀ ਦਾ ਭਵਿੱਖ ਕਾਨੂੰਨੀ ਉਲਝਣਾਂ ’ਚ ਨਾ ਫਸੇ, ਸਾਡੇ ਬੱਚੇ ਆਪਣਾ ਸਮਾਂ ਪੜ੍ਹਾਈ ’ਚ ਲਗਾਉਣ ਅਤੇ ਕਰੀਅਰ ਬਣਾਉਣ ’ਤੇ ਧਿਆਨ ਦੇਣ-ਇਸੇ ਗੱਲ ਨੂੰ ਧਿਆਨ ’ਚ ਰੱਖਦਿਆਂ ਮੈਂ ਅਹੁਦੇ ਤੋਂ ਅਸਤੀਫ਼ਾ ਪ੍ਰਧਾਨ ਮੰਤਰੀ ਜੀ ਨੂੰ ਭੇਜ ਦਿੱਤਾ ਹੈ।

ਉਨ੍ਹਾਂ ਦੱਸਿਆ ਕਿ 3 ਮਈ ਨੂੰ ਹੋਈ NEET-UG ਪ੍ਰੀਖਿਆ ਵਿੱਚ ਗੜਬੜੀਆਂ ਸਾਹਮਣੇ ਆਉਣ ਤੋਂ ਬਾਅਦ ਕੇਂਦਰ ਸਰਕਾਰ ਨੇ ਪ੍ਰੀਖਿਆ ਰੱਦ ਕਰਕੇ ਜਾਂਚ 329 ਹਵਾਲੇ ਕੀਤੀ ਸੀ। ਇਸ ਤੋਂ ਇਲਾਵਾ ਪ੍ਰੀਖਿਆ ਦੁਬਾਰਾ ਕਰਵਾਉਣ ਦੇ ਨਾਲ-ਨਾਲ ਸਾਲ 2027 ਤੋਂ ਪ੍ਰੀਖਿਆ ਨੂੰ 32“ (ਕੰਪਿਊਟਰ-ਬੇਸਡ ਟੈਸਟ) ਮੋਡ ’ਚ ਕਰਵਾਉਣ ਦਾ ਫ਼ੈਸਲਾ ਲਿਆ ਗਿਆ ਸੀ।

ਧਰਮੇਂਦਰ ਪ੍ਰਧਾਨ ਨੇ ਕਿਹਾ, ਇਸ ਪੂਰੇ ਦੌਰ ਦੌਰਾਨ ਸਾਡੀ ਸਭ ਤੋਂ ਵੱਡੀ ਪ੍ਰਾਥਮਿਕਤਾ 20 ਲੱਖ ਤੋਂ ਵੱਧ ਵਿਦਿਆਰਥੀਆਂ ਦੀ ਪ੍ਰੀਖਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨਾ ਸੀ। ਕੇਂਦਰ ਤੇ ਰਾਜ ਸਰਕਾਰਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ 21 ਜੂਨ, 2026 ਨੂੰ ਪ੍ਰੀਖਿਆ ਸ਼ਾਂਤੀਪੂਰਵਕ ਨੇਪਰੇ ਚੜ੍ਹਾਈ ਗਈ। ਆਪਣੇ ਬਚਾਅ ’ਚ ਉਨ੍ਹਾਂ ਕਿਹਾ, ਮੈਂ ਕਦੇ ਵੀ ਇਸ ਸਥਿਤੀ ਤੋਂ ਪਿੱਛੇ ਨਹੀਂ ਹਟਿਆ। ਮੇਰਾ ਸੰਕਲਪ ਸੀ ਕਿ ਕਿਸੇ ਵੀ ਯੋਗ ਵਿਦਿਆਰਥੀ ਦੇ ਭਵਿੱਖ ਨਾਲ ਖਿਲਵਾੜ ਨਾ ਹੋਵੇ। 16 ਜੁਲਾਈ ਨੂੰ ਐਲਾਨੇ NEET-UG ਦੇ ਨਤੀਜੇ ਤਸੱਲੀਬਖ਼ਸ਼ ਰਹੇ, ਜਿਨ੍ਹਾਂ ’ਚ ਗ਼ਰੀਬ ਪਰਿਵਾਰਾਂ ਦੇ ਹੁਸ਼ਿਆਰ ਬੱਚਿਆਂ ਨੇ ਵੀ ਸਫ਼ਲਤਾ ਹਾਸਲ ਕੀਤੀ।

ਪਿਛਲੇ 10 ਦਿਨਾਂ ਦੀਆਂ ਘਟਨਾਵਾਂ ’ਤੇ ਦੁੱਖ ਪ੍ਰਗਟਾਉਂਦਿਆਂ ਉਨ੍ਹਾਂ ਕਿਹਾ, ਇਹ ਮੇਰੀ ਨਿੱਜੀ ਅਣਖ ਦਾ ਸਵਾਲ ਨਹੀਂ ਹੈ। ਭਾਰਤ ਦੀ ਯੁਵਾ ਸ਼ਕਤੀ ਹੀ ਦੇਸ਼ ਦੀ ਅਸਲ ਤਾਕਤ ਹੈ। ਮੈਂ ਦੇਸ਼ ਦੇ ਯੂਥ ਨੂੰ ਭਰਮ ਦੇ ਜਾਲ ’ਚ ਨਹੀਂ ਫਸਣ ਦਿਆਂਗਾ। ਮੈਂ ਮੰਤਰੀ ਮੰਡਲ ਦੇ ਸਾਥੀਆਂ ਅਤੇ ਵਿਭਾਗੀ ਅਧਿਕਾਰੀਆਂ ਦਾ ਧੰਨਵਾਦ ਕਰਦਾ ਹਾਂ। ਦੇਸ਼ ਦੀ ਸੇਵਾ ਹੀ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਟੀਚਾ ਹੈ।



ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਵੱਲੋਂ ਅਸਤੀਫ਼ਾ ਦਿੱਤੇ ਜਾਣ ਨੂੰ ਨੌਜਵਾਨਾਂ ਅਤੇ ਵਿਦਿਆਰਥੀਆਂ ਦੀ ਜਿੱਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਨੌਜਵਾਨਾਂ ਵੱਲੋਂ ਪਿਛਲੇ ਕਈ ਦਿਨਾਂ ਤੋਂ ਨੀਟ ਪ੍ਰੀਖਿਆ ਲੀਕ ਦੇ ਮਾਮਲੇ ਵਿੱਚ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਸੰਘਰਸ਼ ਕੀਤਾ ਜਾ ਰਿਹਾ ਸੀ, ਜਿਸ ਨੂੰ ਭਾਜਪਾ ਵੱਲੋਂ ਲਗਾਤਾਰ ਦਬਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ। ਪਰ ਨੌਜਵਾਨਾਂ ਦੇ ਰੋਸ ਦੇ ਸਾਹਮਣੇ ਕੇਂਦਰ ਸਰਕਾਰ ਨੂੰ ਝੁਕਣਾ ਪਿਆ ਹੈ। ਉਨ੍ਹਾਂ ਕਿਹਾ ਕਿ ਇਹ ਸ਼ੁਰੂਆਤ ਹੈ, ਹੁਣ ਤੋਂ ਕੇਂਦਰ ਵਿੱਚ ਕਾਬਜ਼ ਭਾਜਪਾ ਸਰਕਾਰ ਦੀ ਉਲਟੀ ਗਿਣਤੀ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਹਾ ਕਿ ਇਹ ਨੌਜਵਾਨ ਆਗਾਮੀ ਚੋਣਾਂ ਦੌਰਾਨ ਭਾਜਪਾ ਨੂੰ ਮੂੰਹ-ਤੋੜਵਾਂ ਜਵਾਬ ਦੇਣਗੇ। ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਵੱਲੋਂ ਦਿੱਤੇ ਗਏ ਅਸਤੀਫ਼ੇ ਤੋਂ ਬਾਅਦ ‘ਕਾਲਜ ਐਂਡ ਸਕੂਲ ਪ੍ਰੋਟੈਸਟ ਜਨਤਾ ਪਾਰਟੀ’ (CJP) ਦੇ ਸੰਸਥਾਪਕ ਪ੍ਰਧਾਨ ਅਭਿਜੀਤ ਦਿਪਕੇ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ।

ਉਨ੍ਹਾਂ ਸਾਫ਼ ਕੀਤਾ ਹੈ ਕਿ ਸਿੱਖਿਆ ਮੰਤਰੀ ਦਾ ਅਸਤੀਫ਼ਾ ਸਿਰਫ਼ ਇੱਕ ਸ਼ੁਰੂਆਤ ਹੈ ਅਤੇ ਬਾਕੀ ਮੰਗਾਂ ਪੂਰੀਆਂ ਹੋਣ ਤੱਕ ਜੰਤਰ-ਮੰਤਰ ’ਤੇ ਚੱਲ ਰਿਹਾ ਵਿਦਿਆਰਥੀਆਂ ਦਾ ਅੰਦੋਲਨ ਸਮਾਪਤ ਨਹੀਂ ਹੋਵੇਗਾ। ਅਭਿਜੀਤ ਦਿਪਕੇ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ, ਡਰਨ ਦੀ ਕੋਈ ਲੋੜ ਨਹੀਂ ਹੈ, ਇਹ ਲੋਕਤੰਤਰ ਹੈ। ਧਰਮੇਂਦਰ ਪ੍ਰਧਾਨ ਨੇ ਅਸਤੀਫ਼ਾ ਦੇ ਦਿੱਤਾ ਹੈ, ਪਰ ਸਾਡੀਆਂ ਦੋ ਹੋਰ ਪ੍ਰਮੁੱਖ ਮੰਗਾਂ ਅਜੇ ਬਾਕੀ ਹਨ ਅਤੇ ਅਸੀਂ ਇੰਝ ਵਾਪਸ ਨਹੀਂ ਜਾਵਾਂਗੇ।



**ਨਵੀਂ ਦਿੱਲੀ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਜੇਪੀ ਦੇ ਬੁਲਾਰੇ ਸੌਰਭ ਦਾਸ ਅਤੇ ਆਸ਼ੂਤੋਸ਼ ਰੰਕਾ ਨੇ ਅੰਦੋਲਨ ਖ਼ਤਮ ਕਰਨ ਦਾ ਐਲਾਨ ਕੀਤਾ ਹੈ ਅਤੇ ਪ੍ਰਦਰਸ਼ਨਕਾਰੀਆਂ ਨੂੰ ਆਪਣੇ ਘਰਾਂ ਨੂੰ ਵਾਪਸ ਜਾਣ ਦੀ ਅਪੀਲ ਕੀਤੀ ਹੈ।

ਦਰਅਸਲ ਕੇਂਦਰੀ ਸਿੱਖਿਆ ਮੰਤਰੀ ਵਜੋਂ ਧਰਮਿੰਦਰ ਪ੍ਰਧਾਨ ਦੇ ਅਸਤੀਫ਼ੇ ਤੋਂ ਥੋੜ੍ਹੀ ਦੇਰ ਬਾਅਦ, ਸ਼ਨੀਵਾਰ ਨੂੰ ਸਰਕਾਰ ਅਤੇ ਸੀਜੇਪੀ ਦੇ ਪ੍ਰਤੀਨਿਧੀਆਂ ਵਿਚਕਾਰ ਇੱਕ ਹੋਰ ਮੀਟਿੰਗ ਹੋਈ। ਮੀਟਿੰਗ ਤੋਂ ਬਾਅਦ, ਸੀਜੇਪੀ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਐਲਾਨ ਕੀਤਾ ਕਿ ਸਰਕਾਰ ਨੇ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਹਨ ਅਤੇ ਉਹ ਆਪਣਾ ਵਿਰੋਧ ਵਾਪਸ ਲੈ ਰਹੇ ਹਨ।

ਸੀਜੇਪੀ ਵਫ਼ਦ ਨੇ ਕਿਹਾ ਕਿ ਧਰਮਿੰਦਰ ਪ੍ਰਧਾਨ ਦੇ ਅਸਤੀਫ਼ੇ ਦੀ ਉਨ੍ਹਾਂ ਦੀ ਮੰਗ ਅੱਜ ਸਵੇਰੇ ਸਵੀਕਾਰ ਕਰ ਲਈ ਗਈ ਹੈ।

ਸਰਕਾਰ ਨੇ ਹੁਣ ਉਨ੍ਹਾਂ ਨੂੰ ਮੰਗਲਵਾਰ ਤੱਕ ਉਨ੍ਹਾਂ ਦੀਆਂ ਹੋਰ ਮੰਗਾਂ ਪੂਰੀਆਂ ਕਰਨ ਦਾ ਭਰੋਸਾ ਦਿੱਤਾ ਹੈ।

# ਧਰਮਿੰਦਰ ਪ੍ਰਧਾਨ ਦਾ ਅਸਤੀਫ਼ਾ ਵਿਦਿਆਰਥੀਆਂ ਦੀ ਜਿੱਤ; ਹੁਣ ਮੋਦੀ ਦੇਸ਼ ਤੋਂ ਮੰਗਣ ਮੁਆਫ਼ੀ: ਕਾਂਗਰਸ

## ‘ਨੀਟ ਪੇਪਰ ਲੀਕ ਮਾਮਲੇ ’ਚ ਹੰਕਾਰੀ ਸਰਕਾਰ ਨੂੰ ਝੁਕਣਾ ਪਿਆ; ਹਿੰਸਕ ਪੁਲਿਸ ਕਾਰਵਾਈ ਲਈ PM ਦੇਣ ਸਪੱਸ਼ਟੀਕਰਨ’: ਖੜਗੇ ਤੇ ਰਾਹੁਲ ਗਾਂਧੀ

**ਨਵੀਂ ਦਿੱਲੀ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਪਾਰਟੀ ਨੇ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਦਾ ਸਵਾਗਤ ਕਰਦਿਆਂ ਇਸ ਨੂੰ ਨੀਟ (NEET) ਪੇਪਰ ਲੀਕ ਖ਼ਿਲਾਫ਼ ਸੰਘਰਸ਼ ਕਰ ਰਹੇ ਲੱਖਾਂ ਵਿਦਿਆਰਥੀਆਂ ਦੀ ਵੱਡੀ ਜਿੱਤ ਕਰਾਰ ਦਿੱਤਾ ਹੈ। ਹਾਲਾਂਕਿ, ਪਾਰਟੀ ਨੇ ਸਪੱਸ਼ਟ ਕੀਤਾ ਹੈ ਕਿ ਜਵਾਬਦੇਹੀ ਦੀ ਇਹ ਲੜਾਈ ਅਜੇ ਖ਼ਤਮ ਨਹੀਂ ਹੋਈ ਹੈ। ਕਾਂਗਰਸ ਨੇ ਮੰਗ ਕੀਤੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਦੇ ਭਵਿੱਖ ਨਾਲ ਹੋਏ ਖਿਲਵਾੜ ਲਈ ਨੌਜਵਾਨਾਂ ਤੋਂ ਮਾਫ਼ੀ ਮੰਗਣ ਅਤੇ ਪ੍ਰਦਰਸ਼ਨਕਾਰੀ ਵਿਦਿਆਰਥੀਆਂ ’ਤੇ ਹੋਏ ਪੁਲੀਸ ਤੱਸ਼ਦਦ ਲਈ ਜ਼ਿੰਮੇਵਾਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ।

ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਕਿਹਾ ਕਿ ਆਖ਼ਰਕਾਰ ਵਿਦਿਆਰਥੀਆਂ ਦੀ ਆਵਾਜ਼ ਨੇ ਇੱਕ ‘ਅਹੰਕਾਰੀ ਸਰਕਾਰ’ ਦੇ ਕੰਨਾਂ ਤੱਕ ਪਹੁੰਚ ਕੇ ਉਨ੍ਹਾਂ ਨੂੰ ਝੁਕਣ ਲਈ ਮਜ਼ਬੂਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਅਸਤੀਫ਼ਾ



ਪ੍ਰਧਾਨ ਮੰਤਰੀ ਮੋਦੀ ਦੀ ਜ਼ਿੱਦ ’ਤੇ ਸੱਚ ਦੀ ਜਿੱਤ ਹੈ ਅਤੇ ਉਨ੍ਹਾਂ ਲੱਖਾਂ ਪਰਿਵਾਰਾਂ ਦਾ ਇਨਸਾਫ਼ ਹੈ ਜਿਨ੍ਹਾਂ ਦੇ ਬੱਚਿਆਂ ਨੇ ਖ਼ਰਾਬ ਪ੍ਰੀਖਿਆ ਪ੍ਰਣਾਲੀ ਕਾਰਨ ਆਪਣੀਆਂ ਜਾਨਾਂ ਗੁਆਈਆਂ ਹਨ। ਖੜਗੇ ਨੇ ਮੰਗ ਕੀਤੀ ਕਿ ਅੰਦੋਲਨ ਦੌਰਾਨ ਵਿਦਿਆਰਥੀਆਂ ’ਤੇ ਲਾਠੀਚਾਰਜ ਅਤੇ ਪੈਲੇਟ ਗਨ ਚਲਾਉਣ ਵਾਲੇ ਅਧਿਕਾਰੀਆਂ ’ਤੇ ਤੁਰੰਤ ਮੁਕੱਦਮਾ ਦਰਜ ਕੀਤਾ ਜਾਵੇ।

ਕਾਂਗਰਸ ਦੇ ਜਨਰਲ ਸਕੱਤਰ (ਸੰਗਠਨ) ਕੇ. ਸੀ. ਵੇਣੂਗੋਪਾਲ ਨੇ ਅਸਤੀਫ਼ੇ ਨੂੰ ‘ਭਾਰਤ ਦੇ ਯੂਥ ਦੀ ਜਿੱਤ’ ਦੱਸਦਿਆਂ ਕਿਹਾ ਕਿ ਰਾਹੁਲ ਗਾਂਧੀ ਸ਼ੁਰੂ ਤੋਂ ਹੀ ਵਿਦਿਆਰਥੀਆਂ ਦੇ ਨਾਲ ਚਟਾਨ ਵਾਂਗ ਖੜ੍ਹੇ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਤੱਕ ਪ੍ਰਦਰਸ਼ਨਕਾਰੀ ਵਿਦਿਆਰਥੀਆਂ ’ਤੇ ਹਮਲਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਨਹੀਂ ਹੁੰਦੀ ਅਤੇ ਪ੍ਰਧਾਨ ਮੰਤਰੀ ਮਾਫ਼ੀ ਨਹੀਂ ਮੰਗਦੇ, ਉਦੋਂ ਤੱਕ ਕਾਂਗਰਸ ਦਾ ਇਹ ਸੰਘਰਸ਼ ਜਾਰੀ ਰਹੇਗਾ।

ਦੂਜੇ ਪਾਸੇ, ਕਾਂਗਰਸ ਦੇ ਰਾਜ ਸਭਾ ਮੈਂਬਰ ਅਤੇ ਸੰਚਾਰ ਵਿਭਾਗ ਦੇ ਇੰਚਾਰਜ ਜੈਰਾਮ ਰਮੇਸ਼ ਨੇ ਦੋਸ਼ ਲਗਾਇਆ ਕਿ ਪ੍ਰਧਾਨ ਮੰਤਰੀ ਸਿੱਖਿਆ ਮੰਤਰੀ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਵਿਦਿਆਰਥੀਆਂ ਦੇ ਅਟੱਲ ਦਬਾਅ ਨੇ ਸਰਕਾਰ ਨੂੰ ਇਹ ਕਦਮ ਚੁੱਕਣ ਲਈ ਮਜ਼ਬੂਰ ਕੀਤਾ। ਰਮੇਸ਼ ਨੇ ਦੋਸ਼ ਲਾਇਆ ਕਿ ਧਰਮੇਂਦਰ ਪ੍ਰਧਾਨ ਨੇ ਹਮੇਸ਼ਾ ਪੇਪਰ ਲੀਕ ਨੂੰ ਮਹਿਜ਼ ‘ਗੜਬੜੀ’ ਦੱਸ ਕੇ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਸੰਸਦੀ ਕਮੇਟੀ ਦੀਆਂ ਸੁਧਾਰ ਸਿਫ਼ਾਰਸ਼ਾਂ ਨੂੰ ਵੀ ਅਣਦੇਖਾ ਕੀਤਾ। ਉਨ੍ਹਾਂ CBSE ਦੇ ਆਨ-ਸਕ੍ਰੀਨ ਮਾਰਕਿੰਗ ਸਿਸਟਮ ਦੇ ਠੇਕੇ ਵਿੱਚ ਹੋਈਆਂ ਗੜਬੜੀਆਂ ਦੀ ਵੀ ਨਿਰਪੱਖ ਜਾਂਚ ਦੀ ਮੰਗ ਕੀਤੀ।

# ਭਵਾਨੀਗੜ੍ਹ ਪਹੁੰਚੇ ਕਾਂਗਰਸ ਆਗੂ ਪ੍ਰਤਾਪ ਸਿੰਘ ਬਾਜਵਾ, ਪੰਜਾਬ ਸਰਕਾਰ ’ਤੇ ਤਿੱਖੇ ਸਵਾਲ

**ਸੰਗਰੂਰ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਦੇ ਸੀਨੀਅਰ ਆਗੂ ਪ੍ਰਤਾਪ ਸਿੰਘ ਬਾਜਵਾ ਅੱਜ ਭਵਾਨੀਗੜ੍ਹ ਪਹੁੰਚੇ, ਜਿੱਥੇ ਉਨ੍ਹਾਂ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ’ਤੇ ਤਿੱਖੇ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ ਬਰਨਾਲਾ ਵਿੱਚ ਸਫ਼ਾਈ ਕਰਮਚਾਰੀਆਂ ਅਤੇ ਨਰੇਗਾ ਕਰਮਚਾਰੀਆਂ ’ਤੇ ਲਾਠੀਚਾਰਜ ਕਰਨਾ ਲੋਕਤੰਤਰ ਦਾ ਘਾਣ ਹੈ।



ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਦੇ ਹੋਮ ਮਿਨਿਸਟਰ ਭਗਵੰਤ ਸਿੰਘ ਮਾਨ ਨੂੰ ਇਸ ਮਾਮਲੇ ਦੀ ਜ਼ਿੰਮੇਵਾਰੀ ਲੈਂਦਿਆਂ ਅਸਤੀਫ਼ਾ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਦਿੱਲੀ ਵਿੱਚ ਵਿਦਿਆਰਥੀਆਂ ਦੇ ਮਾਮਲੇ ਨੂੰ ਲੈ ਕੇ ਕੇਂਦਰ ਸਰਕਾਰ ਖ਼ਿਲਾਫ਼ ਬਿਆਨਬਾਜ਼ੀ ਕੀਤੀ ਜਾ ਰਹੀ ਹੈ, ਜਦਕਿ ਦੂਜੇ ਪਾਸੇ ਪੰਜਾਬ ਵਿੱਚ ਵੀ ਇਸੇ ਤਰ੍ਹਾਂ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ।

ਕਾਂਗਰਸ ਵਿੱਚ ਚੱਲ ਰਹੇ ਕਥਿਤ ਅੰਦਰੂਨੀ ਕਲੇਸ਼ ਬਾਰੇ ਪੁੱਛੇ ਸਵਾਲ ’ਤੇ ਉਨ੍ਹਾਂ ਕਿਹਾ ਕਿ ਕਾਂਗਰਸ ਵਿੱਚ ਕੋਈ ਵੱਡਾ ਕਲੇਸ਼ ਨਹੀਂ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਅਤੇ ਭਾਜਪਾ ਵੱਲੋਂ ਸੋਸ਼ਲ ਮੀਡੀਆ ’ਤੇ ਇਸ ਮਾਮਲੇ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ।

ਉਨ੍ਹਾਂ ਪੰਜਾਬ ਸਰਕਾਰ ’ਤੇ ਵਾਅਦੇ ਪੂਰੇ ਨਾ ਕਰਨ ਦੇ ਦੋਸ਼ ਲਗਾਉਂਦਿਆਂ ਕਿਹਾ ਕਿ ਸਰਕਾਰ ਨੇ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ, ਅੱਜ ਉਨ੍ਹਾਂ ਵਿੱਚੋਂ ਕਈ ਵਾਅਦੇ ਪੂਰੇ ਹੋਣ ਦੀ ਬਜਾਏ ਉਨ੍ਹਾਂ ਦੇ ਉਲਟ ਹਾਲਾਤ ਨਜ਼ਰ ਆ ਰਹੇ ਹਨ।

ਔਰਤਾਂ ਨੂੰ 1000 ਤੋਂ 1500 ਰੁਪਏ ਦੇਣ ਵਾਲੀ ਯੋਜਨਾ ਬਾਰੇ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਇਹ ਯੋਜਨਾ ਵੀ ਅਸਫਲ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ’ਤੇ ਹਾਈਕੋਰਟ ਵੱਲੋਂ ਵੀ ਸਵਾਲ ਚੁੱਕੇ ਗਏ ਹਨ ਅਤੇ ਹੁਣ ਤੱਕ ਬਹੁਤ ਘੱਟ ਔਰਤਾਂ ਨੂੰ ਹੀ ਇਸ ਯੋਜਨਾ ਦਾ ਲਾਭ ਮਿਲਿਆ ਹੈ।

ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਨੂੰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਅਤੇ ਲੋਕਤੰਤਰਿਕ ਢੰਗ ਨਾਲ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਦੀ ਅਪੀਲ ਕੀਤੀ।

# ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ’ਚ ਵੱਡਾ ਫਰਜ਼ੀਵਾੜਾ ਬੇਨਕਾਬ ! ਪੰਜਾਬ ਸਰਕਾਰ ਨੇ ਜਲੰਧਰ ਦਾ ਹਸਪਤਾਲ ਕੀਤਾ ਡੀ-ਐਮਪੈਨਲ

**ਚੰਡੀਗੜ੍ਹ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਵਿੱਚ ਸਾਹਮਣੇ ਆਏ ਇੱਕ ਵੱਡੇ ਫਰਜ਼ੀਵਾੜੇ ਦੇ ਮਾਮਲੇ ਵਿੱਚ ਸਖ਼ਤ ਕਾਰਵਾਈ ਕਰਦਿਆਂ ਜਲੰਧਰ ਦੇ ਇੱਕ ਨਿੱਜੀ ਹਸਪਤਾਲ ਨੂੰ ਡੀ-ਐਮਪੈਨਲ ਕਰ ਦਿੱਤਾ ਹੈ। ਇਸ ਫੈਸਲੇ ਨਾਲ ਸੰਬੰਧਿਤ ਹਸਪਤਾਲ ਹੁਣ ਸਰਕਾਰ ਦੀ ਮਾਨਤਾ ਪ੍ਰਾਪਤ ਹਸਪਤਾਲਾਂ ਦੀ ਸੂਚੀ ਤੋਂ ਬਾਹਰ ਹੋ ਗਿਆ ਹੈ ਅਤੇ ਯੋਜਨਾ ਅਧੀਨ ਮਰੀਜ਼ ਉੱਥੇ ਇਲਾਜ ਨਹੀਂ ਕਰਵਾ ਸਕਣਗੇ।

ਜਾਣਕਾਰੀ ਅਨੁਸਾਰ, ਉਕਤ ਹਸਪਤਾਲ ਵਿੱਚ ਕਥਿਤ ਫਰਜ਼ੀਵਾੜੇ ਸਬੰਧੀ ਪਿਛਲੇ ਕੁਝ ਦਿਨਾਂ ਤੋਂ ਖਬਰਾਂ ਸਾਹਮਣੇ ਆ ਰਹੀਆਂ ਸਨ। ਇਸ ਤੋਂ ਇਲਾਵਾ ਪੰਜਾਬ ਸਰਕਾਰ ਨੂੰ ਇਸ ਮਾਮਲੇ ਬਾਰੇ ਕਈ ਸ਼ਿਕਾਇਤਾਂ ਵੀ ਮਿਲੀਆਂ ਸਨ। ਸ਼ਿਕਾਇਤਾਂ ਦੇ ਆਧਾਰ ’ਤੇ ਸਿਹਤ ਵਿਭਾਗ ਨੇ ਜਾਂਚ ਕਰਵਾਈ, ਜਿਸ ਦੌਰਾਨ ਹਸਪਤਾਲ ਵਿੱਚ ਬੇਨਿਯਮੀਆਂ ਅਤੇ ਧੋਖਾਧੜੀ ਦੇ ਮਾਮਲੇ ਸਾਹਮਣੇ ਆਏ।



ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਜਾਂਚ ਵਿੱਚ ਦੋਸ਼ ਸਾਬਤ ਹੋਣ ਤੋਂ ਬਾਅਦ ਹਸਪਤਾਲ ਨੂੰ ਤੁਰੰਤ ਡੀ-ਐਮਪੈਨਲ ਕਰਨ ਦਾ ਫੈਸਲਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਵਿੱਚ ਕਿਸੇ ਵੀ ਤਰ੍ਹਾਂ ਦੀ ਗੜਬੜ ਜਾਂ ਭ੍ਰਿਸ਼ਟਾਚਾਰ ਨੂੰ ਬਿਲਕੁਲ ਬਰਦਾਸ਼ਤ ਨਹੀਂ ਕਰੇਗੀ ਅਤੇ ਦੋਸ਼ੀ ਸੰਸਥਾਵਾਂ ਖ਼ਿਲਾਫ਼ ਸਖ਼ਤ ਕਾਰਵਾਈ ਜਾਰੀ ਰਹੇਗੀ। ਸਿਹਤ ਮੰਤਰੀ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਕੋਈ ਹਸਪਤਾਲ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਇਲਾਜ ਦੇ ਬਦਲੇ ਮਰੀਜ਼ਾਂ ਤੋਂ ਗੈਰ-ਕਾਨੂੰਨੀ ਤੌਰ ’ਤੇ ਪੈਸੇ ਮੰਗਦਾ ਹੈ ਤਾਂ ਉਹ ਤੁਰੰਤ ਸਰਕਾਰ ਦੇ ਹੈਲਪਲਾਈਨ ਨੰਬਰ 104 ’ਤੇ ਸ਼ਿਕਾਇਤ ਦਰਜ ਕਰਵਾਉਣ। ਉਨ੍ਹਾਂ ਕਿਹਾ ਕਿ ਮਰੀਜ਼ ਦਾ ਪੂਰਾ ਵੇਰਵਾ ਅਤੇ ਹਸਪਤਾਲ ਦਾ ਨਾਮ ਦੇਣ ਉਪਰੰਤ ਸ਼ਿਕਾਇਤ ਦੀ ਜਾਂਚ ਕਰਕੇ ਦੋਸ਼ੀ ਹਸਪਤਾਲ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ।

ਡਾ. ਬਲਬੀਰ ਸਿੰਘ ਨੇ ਸਪੱਸ਼ਟ ਕੀਤਾ ਕਿ ਜੋ ਵੀ ਹਸਪਤਾਲ ਸਰਕਾਰੀ ਯੋਜਨਾਵਾਂ ਵਿੱਚ ਫਰਜ਼ੀਵਾੜਾ ਕਰੇਗਾ, ਉਸ ਨੂੰ ਨਾ ਸਿਰਫ਼ ਬਲੈਕਲਿਸਟ ਕੀਤਾ ਜਾਵੇਗਾ, ਸਗੋਂ ਉਸ ਖ਼ਿਲਾਫ਼ ਵਿਭਾਗੀ ਅਤੇ ਕਾਨੂੰਨੀ ਕਾਰਵਾਈ ਵੀ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਨੂੰ ਪਾਰਦਰਸ਼ੀ ਅਤੇ ਮੁਫ਼ਤ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਹੈ ਅਤੇ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਹਰਿਆਣਾ ਵਿੱਚ ਵਿਸ਼ੇਸ਼ ਤੀਬਰ ਸੁਧਾਈ ਦੇ ਪਹਿਲੇ ਪੜਾਅ ਦਾ ਕੰਮ ਪੂਰਾ

**ਚੰਡੀਗੜ੍ਹ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਏ. ਸ਼੍ਰੀਨਿਵਾਸ ਨੇ ਕਿਹਾ ਕਿ ਪ੍ਰਦੇਸ਼ ਵਿੱਚ ਵਿਸ਼ੇਸ਼ ਤੀਬਰ ਸੁਧਾਈ ਦੇ ਪਹਿਲੇ ਪੜਾਅ ਦਾ ਕੰਮ 100 ਫੀਸਦੀ ਪੂਰਾ ਹੋ ਗਿਆ ਹੈ। ਹੁਣ 31 ਜੁਲਾਈ ਨੂੰ ਡਰਾਫਟ ਵੋਟਰ ਸੂਚੀ ਜਾਰੀ ਕੀਤੀ ਜਾਵੇਗੀ ਜਿਸ ਨੂੰ ਵੈੱਬਸਾਈਟ ਦੇ ਨਾਲ-ਨਾਲ ਹਰ ਜਗ੍ਹਾ ਪ੍ਰਕਾਸ਼ਿਤ ਕੀਤਾ ਜਾਵੇਗਾ। ਉਨ੍ਹਾਂ ਨੇ ਇਹ ਗੱਲ ਸੈਕਟਰ-17 ਸਥਿਤ ਹਰਿਆਣਾ ਸਕੱਤਰੇਤ ਵਿੱਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਹੀ। ਇਸ ਦੌਰਾਨ ਐਡੀਸ਼ਨਲ ਸੀ.ਈ.ਓ. ਸ਼੍ਰੀਮਤੀ ਰਿਤੂ ਅਤੇ ਸ਼੍ਰੀ ਅਪੂਰਵ ਅਤੇ ਜੁਆਇੰਟ ਸੀ.ਈ.ਓ. ਸ਼੍ਰੀ ਰਾਜ ਕੁਮਾਰ ਲੋਹਾਨ ਵੀ ਮੌਜੂਦ ਰਹੇ।

ਉਨ੍ਹਾਂ ਨੇ ਐੱਸ.ਆਈ.ਆਰ. ਦੌਰਾਨ ਕੰਮ ਕਰਨ ਵਾਲੇ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਸਹਿਯੋਗ ਲਈ ਧੰਨਵਾਦ ਕਰਦਿਆਂ ਕਿਹਾ ਕਿ 20629 ਬੀ.ਐੱਲ.ਓ. ਦੁਆਰਾ 2 ਕਰੋੜ 6 ਲੱਖ 55 ਹਜ਼ਾਰ ਤੋਂ ਵੱਧ ਵੋਟਰਾਂ ਨੂੰ ਫਾਰਮ ਵੰਡੇ ਗਏ ਜਿਨ੍ਹਾਂ ਵਿੱਚੋਂ 1 ਕਰੋੜ 72 ਲੱਖ 71 ਹਜ਼ਾਰ 361 ਵੋਟਰਾਂ ਦੇ ਫਾਰਮ ਡਿਜੀਟਾਈਜ਼ ਕੀਤੇ ਗਏ ਹਨ। ਜਦੋਂ ਕਿ 33 ਲੱਖ 84 ਹਜ਼ਾਰ 568 ਵੋਟਰਾਂ ਦੇ ਨਾਂ ਦਰਜ ਨਹੀਂ ਹੋ ਸਕੇ। ਇਨ੍ਹਾਂ ਵਿੱਚੋਂ 13,75,278 ਜਿਹੜੇ ਪੱਕੇ ਤੌਰ ’ਤੇ ਤਬਦੀਲ ਹੋ ਚੁੱਕੇ ਹਨ, 7,66,205 ਮ੍ਰਿਤਕ, 2,04,916 ਪਹਿਲਾਂ ਤੋਂ ਦਰਜ ਵੋਟਰ ਜਦੋਂ ਕਿ 9,36,646 ਵੋਟਰ ਗੈਰ-ਹਾਜ਼ਰ ਪਾਏ ਗਏ ਅਤੇ 1,01,523 ਅਜਿਹੇ ਵੋਟਰ ਹਨ ਜਿਨ੍ਹਾਂ ਨੇ ਕਿਸੇ ਹੋਰ ਕਾਰਨ ਕਰਕੇ ਗਣਨਾ ਫਾਰਮ ਵਾਪਸ ਜਮ੍ਹਾਂ ਨਹੀਂ ਕਰਵਾਏ ਹਨ। ਉਨ੍ਹਾਂ ਕਿਹਾ ਕਿ ਹੁਣ 31 ਜੁਲਾਈ ਤੋਂ 30 ਅਗਸਤ ਤੱਕ ਦਾਅਵੇ ਅਤੇ ਇਤਰਾਜ਼ ਦਰਜ ਕਰਵਾਏ ਜਾ ਸਕਣਗੇ। ਜੇਕਰ ਕਿਸੇ ਵੋਟਰ ਦਾ ਨਾਂ 31 ਜੁਲਾਈ ਨੂੰ ਪ੍ਰਕਾਸ਼ਿਤ ਹੋਣ ਵਾਲੀ ਸੂਚੀ ਵਿੱਚ ਨਹੀਂ ਹੈ ਤਾਂ ਉਹ ਫਾਰਮ 6 ਭਰ ਕੇ ਆਪਣਾ ਨਾਂ ਦੁਬਾਰਾ ਦਰਜ ਕਰਵਾ ਸਕਦਾ ਹੈ।

# ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਗੁਰੂਗ੍ਰਾਮ ਵਿੱਚ ਜ਼ਿਲ੍ਹਾ ਲੋਕ ਸੰਪਰਕ ਅਤੇ ਸ਼ਿਕਾਇਤ ਨਿਵਾਰਣ ਕਮੇਟੀ ਦੀ ਮੀਟਿੰਗ ਹੋਈ

**ਚੰਡੀਗੜ੍ਹ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂਗ੍ਰਾਮ ਦੀ ਸਫਾਈ, ਸੁੰਦਰੀਕਰਨ ਅਤੇ ਵਿਵਸਥਿਤ ਸ਼ਹਿਰੀ ਵਿਕਾਸ ਸਰਕਾਰ ਦੀਆਂ ਸਰਵਉੱਚ ਪਹਿਲਾਂ ਵਿੱਚ ਸ਼ਾਮਲ ਹਨ। ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਜ਼ਿਲ੍ਹਾ ਲੋਕ ਸੰਪਰਕ ਅਤੇ ਸ਼ਿਕਾਇਤ ਨਿਵਾਰਣ ਕਮੇਟੀ ਦੀ ਮੀਟਿੰਗ ਵਿੱਚ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸ਼ਹਿਰ ਦੀ ਸਫਾਈ ਅਤੇ ਸੁੰਦਰਤਾ ਨਾਲ ਕਿਸੇ ਵੀ ਪੱਧਰ ’ਤੇ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਿਰਮਾਣ ਕਾਰਜ ਕਰਨ ਵਾਲੀਆਂ ਸਾਰੀਆਂ ਏਜੰਸੀਆਂ ਅਤੇ ਸਬੰਧਤ ਅਧਿਕਾਰੀ ਇਹ ਯਕੀਨੀ ਬਣਾਉਣ ਕਿ ਨਿਰਮਾਣ ਅਤੇ ਢਾਹੁਣ (ਸੀ.ਐਂਡ.ਡੀ.) ਰਹਿੰਦ-ਖੂੰਹਦ ਦਾ ਵਿਗਿਆਨਕ ਅਤੇ ਨਿਰਧਾਰਤ ਥਾਵਾਂ ’ਤੇ ਹੀ ਨਿਪਟਾਰਾ ਹੋਵੇ।

ਮੁੱਖ ਮੰਤਰੀ ਸ਼ਨੀਵਾਰ ਨੂੰ ਗੁਰੂਗ੍ਰਾਮ ਵਿੱਚ ਜ਼ਿਲ੍ਹਾ ਲੋਕ ਸੰਪਰਕ ਅਤੇ ਸ਼ਿਕਾਇਤ ਨਿਵਾਰਣ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਮੀਟਿੰਗ ਵਿੱਚ ਹਰਿਆਣਾ ਦੇ ਉਦਯੋਗ ਅਤੇ ਵਪਾਰ ਮੰਤਰੀ ਰਾਓ ਨਰਬੀਰ ਸਿੰਘ, ਪਟੌਦੀ ਤੋਂ ਵਿਧਾਇਕ ਸ਼੍ਰੀਮਤੀ ਬਿਮਲਾ ਚੌਧਰੀ, ਸੋਹਣਾ ਤੋਂ ਵਿਧਾਇਕ ਸ਼੍ਰੀ ਤੇਜਪਾਲ ਤੰਵਰ, ਗੁਰੂਗ੍ਰਾਮ ਦੇ ਵਿਧਾਇਕ ਸ਼੍ਰੀ ਮੁਕੇਸ਼ ਸ਼ਰਮਾ ਵੀ ਮੌਜੂਦ ਰਹੇ। ਮੀਟਿੰਗ ਵਿੱਚ ਕੁੱਲ 15 ਸ਼ਿਕਾਇਤਾਂ ਰੱਖੀਆਂ ਗਈਆਂ, ਜਿਨ੍ਹਾਂ ਵਿੱਚੋਂ ਮੁੱਖ ਮੰਤਰੀ ਨੇ 13 ਦਾ ਮੌਕੇ ’ਤੇ ਹੀ ਨਿਪਟਾਰਾ ਕੀਤਾ, ਜਦੋਂ ਕਿ 2 ਮਾਮਲਿਆਂ ਨੂੰ ਅਗਲੀ ਮੀਟਿੰਗ ਤੱਕ ਲੰਬਿਤ ਰੱਖਣ ਦੇ ਨਿਰਦੇਸ਼ ਦਿੱਤੇ ਗਏ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਨ੍ਹਾਂ ਲੰਬਿਤ ਮਾਮਲਿਆਂ ਦੀ ਸਟੇਟਸ ਰਿਪੋਰਟ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ। ਸੀ.ਐੱਮ. ਵਿੰਡੋ ’ਤੇ ਆਉਣ ਵਾਲੀਆਂ ਸ਼ਿਕਾਇਤਾਂ ਦਾ ਸਮਾਂਬੱਧ ਹੱਲ ਯਕੀਨੀ ਕੀਤਾ ਜਾਵੇ।

ਮੁੱਖ ਮੰਤਰੀ ਨੇ ਮੀਟਿੰਗ ਵਿੱਚ ਸੀ.ਐੱਮ. ਵਿੰਡੋ ’ਤੇ ਪ੍ਰਾਪਤ ਸ਼ਿਕਾਇਤਾਂ ਦੇ ਤੁਰੰਤ ਅਤੇ ਪ੍ਰਭਾਵਸ਼ਾਲੀ ਹੱਲ ’ਤੇ ਵਿਸ਼ੇਸ਼ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਖੁਦ ਸੀ.ਐੱਮ. ਵਿੰਡੋ ’ਤੇ ਆਉਣ ਵਾਲੀਆਂ ਸ਼ਿਕਾਇਤਾਂ ਦੀ ਨਿਯਮਤ ਸਮੀਖਿਆ ਕਰਦੇ ਹਨ.

# ਡੀਐੱਸਪੀ ਦੀ ਮੁਅੱਤਲੀ ਤੋਂ ਬਾਅਦ ਹੁਣ ਬਰਨਾਲਾ ਦਾ ਐੱਸਐੱਚਓ ਲਾਈਨ ਹਾਜ਼ਰ

**ਬਰਨਾਲਾ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬੁੱਧਵਾਰ ਨੂੰ ਪ੍ਰਦਰਸ਼ਨ ਕਰ ਰਹੇ ਸਫ਼ਾਈ ਕਰਮਚਾਰੀਆਂ ’ਤੇ ਕਥਿਤ ਲਾਠੀਚਾਰਜ ਕਰਨ ਦੇ ਦੋਸ਼ ਵਿੱਚ ਬਰਨਾਲਾ ਦੇ ਡੀਐੱਸਪੀ ਸਤਬੀਰ ਸਿੰਘ ਨੂੰ ਮੁਅੱਤਲ ਕੀਤੇ ਜਾਣ ਤੋਂ ਅਗਲੇ ਦਿਨ, ਸਿਟੀ-1 ਪੁਲੀਸ ਸਟੇਸ਼ਨ ਦੇ ਐੱਸਐੱਚਓ ਇੰਸਪੈਕਟਰ ਲਖਵਿੰਦਰ ਸਿੰਘ ਨੂੰ ਜ਼ਿਲ੍ਹਾ ਪੁਲੀਸ ਲਾਈਨਜ਼ ਵਿੱਚ ਹਾਜ਼ਰ ਕਰ ਦਿੱਤਾ ਗਿਆ ਹੈ।

ਇਹ ਕਾਰਵਾਈ ਸਫ਼ਾਈ ਕਰਮਚਾਰੀਆਂ ਵੱਲੋਂ ਬਣਾਏ ਜਾ ਰਹੇ ਭਾਰੀ ਦਬਾਅ ਦਰਮਿਆਨ ਸਾਹਮਣੇ ਆਈ ਹੈ, ਜਿਨ੍ਹਾਂ ਨੇ ਆਪਣੀਆਂ ਮੰਗਾਂ ਪੂਰੀਆਂ ਨਾ ਹੋਣ ’ਤੇ ਸੋਮਵਾਰ ਤੋਂ ਸੂਬਾ ਪੱਧਰੀ ਅੰਦੋਲਨ ਸ਼ੁਰੂ ਕਰਨ ਦੀ ਚਿਤਾਵਨੀ ਦਿੱਤੀ ਹੈ। ਪ੍ਰਦਰਸ਼ਨਕਾਰੀ ਡੀਐੱਸਪੀ ਅਤੇ ਐੱਸਐੱਚਓ ਨੂੰ ਬਰਖ਼ਾਸਤ ਕਰਨ ਦੀ ਮੰਗ ਕਰ ਰਹੇ ਹਨ ਅਤੇ ਉਨ੍ਹਾਂ ਨੇ ਕਥਿਤ ਲਾਠੀਚਾਰਜ ਵਿੱਚ ਸ਼ਾਮਲ ਸਾਰੇ ਪੁਲੀਸ ਕਰਮਚਾਰੀਆਂ ਵਿਰੁੱਧ ਅਪਰਾਧਿਕ ਕੇਸ ਦਰਜ ਕਰਨ ਦੀ ਵੀ ਮੰਗ ਕੀਤੀ ਹੈ। ਉਨ੍ਹਾਂ ਨੇ ਮਾਮਲੇ ਵਿੱਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲੇ (ਅੱਤਿਆਚਾਰ ਰੋਕਥਾਮ) ਕਾਨੂੰਨ ਦੀਆਂ ਧਾਰਾਵਾਂ ਨੂੰ ਸ਼ਾਮਲ ਕਰਨ ਦੀ ਵੀ ਮੰਗ ਕੀਤੀ ਹੈ। ਇਸ ਮੁੱਦੇ



ਨੇ ਸਿਆਸੀ ਧਿਆਨ ਵੀ ਖਿੱਚਿਆ ਹੈ ਜਿਸ ਵਿੱਚ ਵਿਰੋਧੀ ਧਿਰ ਦੀਆਂ ਸਾਰੀਆਂ ਪਾਰਟੀਆਂ ਪ੍ਰਦਰਸ਼ਨਕਾਰੀਆਂ ਦੀ ਹਮਾਇਤ ਕਰ ਰਹੀਆਂ ਹਨ। ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ, ਵਿਧਾਇਕ ਰਾਣਾ ਗੁਰਜੀਤ ਸਿੰਘ, ਪਰਗਟ ਸਿੰਘ ਅਤੇ ਕੁਲਦੀਪ ਸਿੰਘ ਕਾਲਾ ਢਿੱਲੋਂ ਸਮੇਤ ਸੀਨੀਅਰ ਕਾਂਗਰਸੀ ਆਗੂ ਅੱਜ ਬਰਨਾਲਾ ਵਿੱਚ ਪ੍ਰਦਰਸ਼ਨ ਕਰ ਰਹੇ ਸਫ਼ਾਈ ਕਰਮਚਾਰੀਆਂ ਨਾਲ ਮੁਲਾਕਾਤ ਕਰਨ ਅਤੇ ਉਨ੍ਹਾਂ ਨਾਲ ਇਕਮੁੱਤਤਾ ਪ੍ਰਗਟ ਕਰਨ ਲਈ ਨਿਰਧਾਰਤ ਹਨ।

ਇਸ ਤੋਂ ਇਲਾਵਾ, ਸਫ਼ਾਈ ਕਰਮਚਾਰੀਆਂ ਦੀਆਂ ਯੂਨੀਅਨਾਂ ਦੇ ਸੂਬਾ ਪੱਧਰੀ ਆਗੂਆਂ ਦੇ ਪ੍ਰਸਤਾਵਿਤ ਸੂਬਾ ਪੱਧਰੀ ਅੰਦੋਲਨ ਸਮੇਤ ਆਪਣੇ ਭਵਿੱਖ ਦੇ ਐਕਸ਼ਨ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਬਰਨਾਲਾ ਵਿਖੇ ਇਕੱਠੇ ਹੋਣ ਦੀ ਉਮੀਦ ਹੈ।

ਬੁੱਧਵਾਰ ਨੂੰ ਹੋਏ ਇਸ ਟਕਰਾਅ ਕਾਰਨ 18 ਸਫ਼ਾਈ ਕਰਮਚਾਰੀ ਅਤੇ 4 ਪੁਲੀਸ ਮੁਲਾਜ਼ਮ ਜ਼ਖ਼ਮੀ ਹੋ ਗਏ ਸਨ। ਕਰਮਚਾਰੀਆਂ ਨੇ ਕੂੜਾ ਚੁਕਵਾਉਣ ਨੂੰ ਲੈ ਕੇ ਐੱਸ.ਡੀ. ਕਾਲਜ ਨੇੜੇ ਇਸ ਕਦਮ ਦਾ ਵਿਰੋਧ ਕੀਤਾ, ਜਿੱਥੇ ਪੁਲੀਸ ਨੇ ਕਥਿਤ ਤੌਰ ’ਤੇ ਲਾਠੀਚਾਰਜ ਕੀਤਾ। ਬਾਅਦ ਵਿੱਚ, ਜਦੋਂ ਪ੍ਰਦਰਸ਼ਨਕਾਰੀ ਹੰਡਿਆਇਆ ਬਾਜ਼ਾਰ ਵਿਖੇ ਇਕੱਠੇ ਹੋਏ ਅਤੇ ਕਥਿਤ ਤੌਰ ’ਤੇ ਪੁਲੀਸ ’ਤੇ ਕੂੜਾ ਸੁੱਟਿਆ, ਤਾਂ ਕਥਿਤ ਤੌਰ ’ਤੇ ਲਾਠੀਚਾਰਜ ਦਾ ਇੱਕ ਹੋਰ ਦੌਰ ਸ਼ੁਰੂ ਹੋ ਗਿਆ।

ਜ਼ਿਕਰਯੋਗ ਹੈ ਕਿ ਸਫ਼ਾਈ ਕਰਮਚਾਰੀ ਪਹਿਲਾਂ ਹੀ ਹੜਤਾਲ ’ਤੇ ਸਨ ਅਤੇ ਪੱਕੇ ਕਰਨ ਦੀ ਮੰਗ ਕਰ ਰਹੇ ਸਨ। ਜਿਸ ਦੌਰਾਨ ਪੂਰੇ ਸ਼ਹਿਰ ਵਿੱਚ ਕੂੜਾ ਲਗਾਤਾਰ ਇਕੱਠਾ ਹੋ ਰਿਹਾ ਸੀ। ਘੱਟੋ-ਘੱਟ 12 ਸਫ਼ਾਈ ਕਰਮਚਾਰੀਆਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ, ਜਿਨ੍ਹਾਂ ਦਾ ਦਾਅਵਾ ਸੀ ਕਿ ਪੁਲੀਸ ਉਨ੍ਹਾਂ ਦੇ ਬਿਆਨ ਵੀ ਦਰਜ ਨਹੀਂ ਕਰ ਰਹੀ ਹੈ।

# ਪੇਪਰ ਲੀਕ ਮਾਮਲਿਆਂ ਲਈ ਵਿਸ਼ੇਸ਼ ਅਦਾਲਤ: ਜੱਜ ਅਨੂ ਗਰੋਵਰ ਬਾਲੀਆ ਨੇ ਸੰਭਾਲਿਆ ਚਾਰਜ

**ਨਵੀਂ ਦਿੱਲੀ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅਦਾਲਤੀ ਸੂਤਰਾਂ ਨੇ ਦੱਸਿਆ ਕਿ ਇੱਕ ਵਿਸ਼ੇਸ਼ ਜੱਜ ਨੇ ਸ਼ਨਿਚਰਵਾਰ ਨੂੰ ਪੇਪਰ ਲੀਕ ਹੋਣ ਦੇ ਨਾਲ-ਨਾਲ ਜਨਤਕ ਪ੍ਰੀਖਿਆਵਾਂ ਵਿੱਚ ਹੋਰ ਗਲਤ ਤਰੀਕਿਆਂ ਦੀ ਵਰਤੋਂ ਤੋਂ ਪੈਦਾ ਹੋਣ ਵਾਲੇ ਅਪਰਾਧਿਕ ਮਾਮਲਿਆਂ ਨਾਲ ਨਜਿੱਠਣ ਲਈ ਮਨੋਨੀਤ ਅਦਾਲਤ ਦਾ ਚਾਰਜ ਸੰਭਾਲ ਲਿਆ ਹੈ।...

ਅਦਾਲਤੀ ਸੂਤਰਾਂ ਨੇ ਦੱਸਿਆ ਕਿ ਇੱਕ ਵਿਸ਼ੇਸ਼ ਜੱਜ ਨੇ ਸ਼ਨਿਚਰਵਾਰ ਨੂੰ ਪੇਪਰ ਲੀਕ ਹੋਣ ਦੇ ਨਾਲ-ਨਾਲ ਜਨਤਕ ਪ੍ਰੀਖਿਆਵਾਂ ਵਿੱਚ ਹੋਰ ਗਲਤ ਤਰੀਕਿਆਂ ਦੀ ਵਰਤੋਂ ਤੋਂ ਪੈਦਾ ਹੋਣ ਵਾਲੇ ਅਪਰਾਧਿਕ ਮਾਮਲਿਆਂ ਨਾਲ ਨਜਿੱਠਣ ਲਈ ਮਨੋਨੀਤ ਅਦਾਲਤ ਦਾ ਚਾਰਜ ਸੰਭਾਲ ਲਿਆ ਹੈ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਜੱਜ ਅਨੂ ਗਰੋਵਰ ਬਾਲੀਆ ਨੇ ਰਾਉਜ਼ ਐਵੇਨਿਊ ਡਿਸਟ੍ਰਿਕਟ ਕੋਰਟ ਕੰਪਲੈਕਸ ਵਿੱਚ ਪਬਲਿਕ ਐਗਜ਼ਾਮੀਨੇਸ਼ਨਜ਼ (ਪ੍ਰੀਵੈਂਸ਼ਨ ਆਫ਼ ਅਨਫੇਅਰ ਮੀਨਜ਼) ਐਕਟ, 2024 ਦੇ ਤਹਿਤ ਅਪਰਾਧਾਂ ਅਤੇ ਇਸ ਨਾਲ ਜੁੜੇ ਅਪਰਾਧਾਂ ਦੀ ਸੁਣਵਾਈ ਲਈ ਇੱਕ ਵਿਸ਼ੇਸ਼ ਤੌਰ ’ਤੇ ਮਨੋਨੀਤ ਫਾਸਟ ਟ੍ਰੈਕ ਕੋਰਟ ਦਾ ਚਾਰਜ ਸੰਭਾਲ ਲਿਆ ਹੈ।

ਅਦਾਲਤੀ ਸੂਤਰਾਂ ਨੇ ਅੱਗੇ ਕਿਹਾ ਕਿ ਇਹ ਸੰਭਾਵਨਾ ਹੈ ਕਿ NEET-UG 2026 ਪ੍ਰੀਖਿਆ ਪੇਪਰ ਲੀਕ ਕੇਸ ਵਿੱਚ ਗ੍ਰਿਫ਼ਤਾਰ ਅਤੇ ਜੇਲ੍ਹ ਵਿੱਚ ਬੰਦ 13 ਦੋਸ਼ੀਆਂ ਨਾਲ ਸਬੰਧਤ ਮੁਕੱਦਮੇ ਨੂੰ ਮੌਜੂਦਾ ਅਦਾਲਤ ਵਿੱਚ ਤਬਦੀਲ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਵੀਰਵਾਰ ਨੂੰ ਦਿੱਲੀ ਹਾਈ ਕੋਰਟ ਨੇ ਇੱਕ ਨੋਟੀਫਿਕੇਸ਼ਨ ਜਾਰੀ ਕਰਦਿਆਂ ਕਿਹਾ ਸੀ ਕਿ ਨਿਆਂਇਕ ਅਧਿਕਾਰੀ ਅਨੂ ਗਰੋਵਰ ਬਾਲੀਆ ਦੀ ਅਦਾਲਤ ਤੁਰੰਤ ਪ੍ਰਭਾਵ ਨਾਲ ਅਪਰਾਧਾਂ ਦੀ ਸੁਣਵਾਈ ਲਈ ਵਿਸ਼ੇਸ਼ ਤੌਰ ’ਤੇ ਮਨੋਨੀਤ ਫਾਸਟ ਟ੍ਰੈਕ ਕੋਰਟ ਵਜੋਂ ਕੰਮ ਕਰੇਗੀ।

ਇਹ ਨੋਟੀਫਿਕੇਸ਼ਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 23 ਜੁਲਾਈ ਦੇ ਉਸ ਐਲਾਨ ਤੋਂ ਬਾਅਦ ਜਾਰੀ ਕੀਤਾ ਗਿਆ ਸੀ ਜਿਸ ਵਿੱਚ ਪੇਪਰ ਲੀਕ ਦੇ ਮਾਮਲਿਆਂ ਨਾਲ ਤੇਜ਼ੀ ਨਾਲ ਨਜਿੱਠਣ ਲਈ ਫਾਸਟ ਟਰੈਕ ਕੋਰਟਾਂ ਸਥਾਪਤ ਕਰਨ ਦੀ ਗੱਲ ਕਹੀ ਗਈ ਸੀ।

# ਪੰਜਾਬ ਦੇ ਰਾਜਪਾਲ ਨੇ 16ਵੀਂ ਪੰਜਾਬ ਵਿਧਾਨ ਸਭਾ ਦਾ 13ਵਾਂ ਇਜਲਾਸ ਸੱਦਿਆ

**ਚੰਡੀਗੜ੍ਹ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਵੱਲੋਂ ਸੋਲ੍ਹਵੀਂ ਪੰਜਾਬ ਵਿਧਾਨ ਸਭਾ ਦਾ 13ਵਾਂ ਇਜਲਾਸ ਸੋਮਵਾਰ, 3 ਅਗਸਤ, 2026 ਨੂੰ ਸਵੇਰੇ 11:00 ਵਜੇ ਪੰਜਾਬ ਵਿਧਾਨ ਸਭਾ ਹਾਲ, ਵਿਧਾਨ ਭਵਨ, ਚੰਡੀਗੜ੍ਹ ਵਿਖੇ ਬੁਲਾਇਆ ਗਿਆ ਹੈ।

# ਇੰਡੋਨੇਸ਼ੀਆ ਤੋਂ ਡਿਪੋਰਟ ਕਰਵਾ ਕੇ ਪੰਜਾਬ ਲਿਆਂਦਾ ਗੈਂਗਸਟਰ ਜੋਬਨ ਬਿੱਲਾ

## ‘ਅਪਰੇਸ਼ਨ ਨੋਮੈਡ ਹੰਟ’ ਤਹਿਤ AGTF ਦੀ ਵੱਡੀ ਸਫ਼ਲਤਾ; 4 ਕਤਲਾਂ ਸਮੇਤ 10 ਤੋਂ ਵੱਧ ਮਾਮਲਿਆਂ ’ਚ ਸੀ ਲੋੜੀਂਦਾ

**ਚੰਡੀਗੜ੍ਹ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲੀਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (AGTF) ਨੇ ਵਿਦੇਸ਼ਾਂ ’ਚ ਬੈਠੇ ਅਪਰਾਧੀਆਂ ’ਚ ਸ਼ਿਕੰਜਾ ਕੱਸਦਿਆਂ ਫ਼ਰਾਰ ਗੈਂਗਸਟਰ ਜੋਬਨਜੀਤ ਸਿੰਘ ਉਰਫ਼ ਜੋਬਨ ਬਿੱਲਾ ਨੂੰ ਇੰਡੋਨੇਸ਼ੀਆ ਦੀ ਰਾਜਧਾਨੀ ਜਕਾਰਤਾ ਤੋਂ ਡਿਪੋਰਟ ਕਰਵਾ ਕੇ ਪੰਜਾਬ ਲਿਆਉਣ ’ਚ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਡਾਇਰੈਕਟਰ ਜਨਰਲ ਆਫ਼ ਪੁਲੀਸ (DGP) ਗੌਰਵ ਯਾਦਵ ਨੇ ਦੱਸਿਆ ਕਿ AGTF ਨੇ ਪੰਜਾਬ ਪੁਲੀਸ ਦੇ ‘ਓਵਰਸੀਜ਼ ਫਿਊਜਿਟਿਵ ਟਰੈਕਿੰਗ ਐਂਡ ਐਕਸਟਰਾਡੀਸ਼ਨ ਸੈੱਲ’ (OFTEC) ਅਤੇ ਕੇਂਦਰੀ ਏਜੰਸੀਆਂ ਨਾਲ ਮਿਲ ਕੇ ਇਸ ਕੌਮਾਂਤਰੀ ਕਾਰਵਾਈ ਨੂੰ ਅੰਜਾਮ ਦਿੱਤਾ ਹੈ। ਉਨ੍ਹਾਂ ਨੇ ਇਸ ਨੂੰ ਸਰਹੱਦ ਪਾਰ ਚੱਲ ਰਹੇ ਸੰਗਠਿਤ ਅਪਰਾਧ ਖ਼ਿਲਾਫ਼ ਪੰਜਾਬ ਪੁਲੀਸ ਦੀ ਇੱਕ ਅਹਿਮ ਪ੍ਰਾਪਤੀ ਕਰਾਰ ਦਿੱਤਾ।

ਅੰਮ੍ਰਿਤਸਰ ਦਿਹਾਤੀ ਦੇ ਪਿੰਡ ਅਰਜਨ ਮੰਗਾ ਦਾ ਰਹਿਣ ਵਾਲਾ ਜੋਬਨ ਬਿੱਲਾ ਬੰਬੀਹਾ ਗਿਰੋਹ ਦਾ ਸਰਗਰਮ ਮੈਂਬਰ ਹੈ, ਜੋ ਨਸ਼ਾ ਤਸਕਰੀ, ਫਿਰੌਤੀਆਂ ਵਸੂਲਣ ਅਤੇ ਗੈਂਗ ਦੇ ਹੋਰ ਮੈਂਬਰਾਂ ਨੂੰ ਲੌਜਿਸਟਿਕ ਮਦਦ ਮੁਹੱਈਆ ਕਰਵਾਉਣ ਦਾ ਕੰਮ ਕਰਦਾ ਸੀ। ਪੁਲੀਸ ਰਿਕਾਰਡ ਮੁਤਾਬਕ ਉਹ ਪੰਜਾਬ ਵਿੱਚ ਚਾਰ ਕਤਲ ਕੇਸਾਂ ਵਿੱਚ ਲੋੜੀਂਦਾ ਸੀ, ਜਿਨ੍ਹਾਂ ਵਿੱਚ ਇੱਕ 13 ਸਾਲਾ ਬੱਚੇ ਦਾ ਕਤਲ ਵੀ ਸ਼ਾਮਲ ਹੈ। ਇਸ ਤੋਂ ਇਲਾਵਾ ਉਸ ਉੱਤੇ ਕਤਲ ਦੀ ਕੋਸ਼ਿਸ਼, NDPS ਐਕਟ ਅਤੇ ਆਰਮਜ਼ ਐਕਟ ਤਹਿਤ 10 ਤੋਂ ਵੱਧ FIRs ਦਰਜ ਹਨ।

ਬਿੱਲਾ ਸਾਲ 2023 ’ਚ ਪਿੰਡ ਸਠਿਆਲਾ ਵਿਖੇ ਹੋਏ ਜਰਨੈਲ ਸਿੰਘ ਦੇ ਹਾਈ ਪ੍ਰੋਫਾਈਲ ਕਤਲ ਕਾਂਡ ’ਚ ਵੀ ਨਾਮਜ਼ਦ ਹੈ। ਉਸ ਉੱਤੇ ਆਪਣੇ ਭਰਾ ਗੁਰਵਿੰਦਰ ਸਿੰਘ ਨਾਲ ਮਿਲ ਕੇ ਅੰਮ੍ਰਿਤਸਰ ਦੇ ਦਿਹਾਤੀ ਇਲਾਕੇ ਦੇ ਵਪਾਰੀਆਂ ਅਤੇ ਦੁਕਾਨਦਾਰਾਂ ਤੋਂ ਗੋਲੀਬਾਰੀ ਦੀਆਂ ਧਮਕੀਆਂ ਦੇ ਕੇ ਲੱਖਾਂ ਰੁਪਏ ਦੀ ਫਿਰੌਤੀ ਮੰਗਣ ਦੇ ਵੀ ਕਈ ਇਲਜ਼ਾਮ ਹਨ। ਪੁਲੀਸ ਗ੍ਰਿਫ਼ਤਾਰੀ ਤੋਂ ਬਚਣ ਲਈ ਉਹ ਦੁਬਈ ਸਮੇਤ ਵੱਖ-ਵੱਖ ਦੇਸ਼ਾਂ ਵਿੱਚ ਆਪਣੇ ਟਿਕਾਣੇ ਬਦਲ ਕੇ ਅਪਰਾਧਿਕ ਨੈੱਟਵਰਕ ਚਲਾ ਰਿਹਾ ਸੀ।

ਡੀਜੀਪੀ ਨੇ ਖ਼ੁਲਾਸਾ ਕੀਤਾ ਕਿ ਇਹ ਗ੍ਰਿਫ਼ਤਾਰੀ ਅਤੇ ਡਿਪੋਰਟੇਸ਼ਨ ‘ਅਪਰੇਸ਼ਨ ਨੋਮੈਡ ਹੰਟ’ (Operation Nomad Hunt) ਦਾ ਨਤੀਜਾ ਹੈ। ਇਹ ਵਿਸ਼ੇਸ਼ ਮੁਹਿੰਮ ਪਿਛਲੇ ਛੇ ਮਹੀਨਿਆਂ ਤੋਂ ਚੱਲ ਰਹੀ ਸੀ, ਜਿਸ ਦੌਰਾਨ ਕੌਮੀਂ ਅਤੇ ਕੌਮਾਂਤਰੀ ਏਜੰਸੀਆਂ ਨਾਲ ਨਿਰੰਤਰ ਤਾਲਮੇਲ ਅਤੇ ਸੂਚਨਾਵਾਂ ਦੇ ਆਧਾਰ ’ਤੇ ਉਸ ਦੀਆਂ ਗਤੀਵਿਧੀਆਂ ’ਤੇ ਨਜ਼ਰ ਰੱਖੀ ਜਾ ਰਹੀ ਸੀ।

# ਸੂਬਾ ਸਰਕਾਰ ਦਾ ਉਦੇਸ਼ ਹਰ ਨਾਗਰਿਕ ਨੂੰ ਸਮੇਂ ਸਿਰ ਅਤੇ ਵਧੀਆ ਸਿਹਤ ਸੇਵਾਵਾਂ ਉਪਲੱਬਧ ਕਰਵਾਉਣਾ ਹੈ : ਸ਼ਿਆਮ ਸਿੰਘ ਰਾਣਾ

**ਚੰਡੀਗੜ੍ਹ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਾਂਗਰਸ ਕੋਲ ਅੱਜ ਕੋਈ ਅਸਲ ਮੁੱਦਾ ਨਹੀਂ ਬਚਿਆ ਹੈ। ਇਹੀ ਕਾਰਨ ਹੈ ??ਉਹ ਨੌਜਵਾਨਾਂ ਦੇ ਨਾਂ ’ਤੇ ਘਟੀਆ ਰਾਜਨੀਤੀ ਕਰਨ ਵਿੱਚ ਲੱਗੀ ਹੋਈ ਹੈ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੱਕ ਸੱਤਾ ਵਿੱਚ ਰਹਿਣ ਵਾਲੀ ਕਾਂਗਰਸ ਨੂੰ ਪਹਿਲਾਂ ਆਪਣੇ ਸ਼ਾਸਨਕਾਲ ਦਾ ਲੇਖਾ-ਜੋਖਾ ਦੇਣਾ ਚਾਹੀਦਾ ਹੈ ਕਿ ਉਸ ਦੌਰਾਨ ਨੌਜਵਾਨਾਂ ਨੂੰ ਕਿੰਨੀ ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਭਰਤੀ ਪ੍ਰਕਿਰਿਆਵਾਂ ਵਿੱਚ ਬੇਨਿਯਮੀਆਂ ਦਾ ਸਾਹਮਣਾ ਕਰਨਾ ਪਿਆ।

ਮੁੱਖ ਮੰਤਰੀ ਸ਼ਨੀਵਾਰ ਨੂੰ ਗੁਰੂਗ੍ਰਾਮ ਵਿੱਚ ਜ਼ਿਲ੍ਹਾ ਲੋਕ ਸੰਪਰਕ ਤੇ ਸ਼ਿਕਾਇਤ ਨਿਵਾਰਣ ਕਮੇਟੀ ਦੀ ਮੀਟਿੰਗ ਤੋਂ ਬਾਅਦ ਮੀਡੀਆ ਕਰਮੀਆਂ ਨਾਲ ਗੱਲਬਾਤ ਕਰ ਰਹੇ ਸਨ। ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਦੇ ਸ਼ਾਸਨਕਾਲ ਵਿੱਚ ਨੌਕਰੀਆਂ ਵਿੱਚ ਖੁੱਲ੍ਹੇ ਆਮ ਧਾਂਦਲੀ ਹੁੰਦੀ ਸੀ ਅਤੇ ਅਨੇਕ ਮਾਮਲਿਆਂ ਵਿੱਚ ਅਦਾਲਤਾਂ ਨੂੰ ਦਖਲ ਦੇ ਕੇ ਭਰਤੀ ਪ੍ਰਕਿਰਿਆਵਾਂ ’ਤੇ ਰੋਕ ਲਗਾਉਣੀ ਪੈਂਦੀ ਸੀ। ਕਾਂਗਰਸ ਨੇ ਆਪਣੇ ਕਾਰਜਕਾਲ ਵਿੱਚ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ, ਜਦੋਂ ਕਿ ਅੱਜ ਉਹ ਹੀ ਪਾਰਟੀ ਨੌਜਵਾਨਾਂ ਦੇ ਨਾਂ ’ਤੇ ਰਾਜਨੀਤੀ ਕਰ ਰਹੀ ਹੈ। ਉਨ੍ਹਾਂ ਕਿਹਾ ਕਾਂਗਰਸ ਅਤੇ ਇੰਡੀ ਗਠਜੋੜ ਦੇ ਨੇਤਾਵਾਂ ਕੋਲ ਜਨਤਾ ਦੇ ਵਿਚਕਾਰ ਜਾਣ ਲਈ ਕੋਈ ਠੋਸ ਮੁੱਦਾ ਨਹੀਂ ਬਚਿਆ ਹੈ, ਇਸ ਲਈ ਉਹ ਨੌਜਵਾਨਾਂ ਨੂੰ ਗੁੰਮਰਾਹ ਕਰਨ ਦਾ ਯਤਨ ਕਰ ਰਹੇ ਹਨ। ਸ਼੍ਰੀ ਸੈਣੀ ਨੇ ਪੰਜਾਬ ਵਿੱਚ ਹਾਲ ਹੀ ਵਿੱਚ ਹੋਈ ਆਬਕਾਰੀ ਇੰਸਪੈਕਟਰ ਭਰਤੀ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਉੱਥੇ ਭਰਤੀ ਪ੍ਰਕਿਰਿਆ ਵਿੱਚ ਗੰਭੀਰ ਬੇਨਿਯਮੀਆਂ ਦੇ ਦੋਸ਼ ਸਾਹਮਣੇ ਆਏ ਹਨ। ਉਨ੍ਹਾਂ ਕਿਹਾ ਕਿ ਅਜਿਹੇ ਮਾਮਲੇ ਨੌਜਵਾਨਾਂ ਨਾਲ ਬਹੁਤ ਵੱਡਾ ਅਨਿਆਏ ਹਨ ਅਤੇ ਕਾਂਗਰਸ ਨੂੰ ਪਹਿਲਾਂ ਉਨ੍ਹਾਂ ਤੋਂ ਸਵਾਲ ਕਰਨਾ ਚਾਹੀਦਾ ਹੈ। ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਦਾ ਧੰਨਵਾਦ ਕਰਦੇ ਹਨ ਕਿ ਉਨ੍ਹਾਂ ਨੇ ਨੌਜਵਾਨਾਂ ਦੇ ਭਵਿੱਖ ਨੂੰ ਸਰਵਉੱਚ ਪਹਿਲ ਦਿੰਦਿਆਂ ਕੇਂਦਰੀ ਮੰਤਰੀ ਮੰਡਲ ਵਿੱਚ ਸਖ਼ਤ ਤੇ ਦੂਰਦਰਸ਼ੀ ਫੈਸਲੇ ਲਏ ਹਨ। ਉਨ੍ਹਾਂ ਕਿਹਾ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਅਤੇ ਹਰਿਆਣਾ ਸਰਕਾਰ ਨੌਜਵਾਨਾਂ ਦੇ ਭਵਿੱਖ ਨੂੰ ਸੁਰੱਖਿਅਤ ਅਤੇ ਉੱਜਵਲ ਬਣਾਉਣ ਲਈ ਪੂਰੀ ਵਚਨਬੱਧਤਾ ਨਾਲ ਕੰਮ ਕਰ ਰਹੀਆਂ ਹਨ। ਪਿਛਲੇ 12 ਸਾਲਾਂ ਵਿੱਚ ਨੌਜਵਾਨਾਂ ਨੂੰ ਆਤਮਨਿਰਭਰ ਅਤੇ ਰੁਜ਼ਗਾਰ ਦੇ ਜ਼ਿਆਦਾ ਅਵਸਰ ਉਪਲਬਧ ਕਰਵਾਉਣ ਲਈ ਅਨੇਕ ਇਤਿਹਾਸਕ ਕਦਮ ਚੁੱਕੇ ਗਏ ਹਨ। ਉਨ੍ਹਾਂ ਕਾਂਗਰਸ ਤੋਂ ਪੁੱਛਿਆ ਕਿ ਉਹ ਵੀ ਆਪਣੇ ਲੰਬੇ ਸ਼ਾਸਨਕਾਲ ਵਿੱਚ ਨੌਜਵਾਨਾਂ ਦੇ ਹਿੱਤ ਵਿੱਚ ਕੀਤੇ ਗਏ ਕਾਰਜਾਂ ਦਾ ਹਿਸਾਬ ਜਨਤਾ ਦੇ ਸਾਹਮਣੇ ਰੱਖੇ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲੇ ਕਿਸੇ ਵੀ ਵਿਅਕਤੀ ਜਾਂ ਸੰਸਥਾ ਨੂੰ ਬਖਸ਼ਿਆ ਨਹੀਂ ਜਾਵੇਗਾ।

# ਲੋਕ ਭਲਾਈ ਅਤੇ ਵਿਕਾਸ ਦੇ ਮੁੱਦਿਆਂ ਨੂੰ ਲੈ ਕੇ ਮੁੱਖ ਮੰਤਰੀ ਨੂੰ ਮਿਲੇ ਸੁਰਜੀਤ ਸਿੰਘ ਰੱਖੜਾ



**ਸਮਾਣਾ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੁਰਜੀਤ ਸਿੰਘ ਰੱਖੜਾ ਵੱਲੋਂ ਹਲਕਾ ਸਮਾਣਾ ਦੇ ਸਰਬਪੱਖੀ ਵਿਕਾਸ ਨੂੰ ਹੋਰ ਗਤੀ ਦੇਣ ਅਤੇ ਲੋਕ ਭਲਾਈ ਨਾਲ ਜੁੜੇ ਅਹਿਮ ਮੁੱਦਿਆਂ ਦੇ ਹੱਲ ਲਈ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨਾਲ ਇੱਕ ਅਹਿਮ ਮੁਲਾਕਾਤ ਕੀਤੀ ਗਈ।

ਇਸ ਮੌਕੇ ਹਲਕਾ ਸਮਾਣਾ ਵਿੱਚ ਚੱਲ ਰਹੇ ਅਤੇ ਆਉਣ ਵਾਲੇ ਸਮੇਂ ਵਿੱਚ ਸ਼ੁਰੂ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਸੰਬੰਧੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।

ਮੀਟਿੰਗ ਦੌਰਾਨ ਸ. ਰੱਖੜਾ ਨੇ ਸਮਾਣਾ ਹਲਕੇ ਦੇ ਲੋਕਾਂ ਦੀਆਂ ਲੋੜਾਂ ਅਤੇ ਖੇਤਰ ਨਾਲ ਸੰਬੰਧਿਤ ਅਹਿਮ ਮੁੱਦਿਆਂ ਨੂੰ ਮੁੱਖ ਮੰਤਰੀ ਦੇ ਧਿਆਨ ਵਿੱਚ ਲਿਆਂਦਾ। ਉਨ੍ਹਾਂ ਸੜਕਾਂ, ਸਿੱਖਿਆ, ਸਿਹਤ, ਪੀਣ ਵਾਲੇ ਪਾਣੀ, ਸੀਵਰੇਜ ਅਤੇ ਹੋਰ ਬੁਨਿਆਦੀ ਸਹੂਲਤਾਂ ਨਾਲ ਜੁੜੇ ਵਿਕਾਸ ਕਾਰਜਾਂ ਨੂੰ ਜਲਦ ਮਨਜ਼ੂਰੀ ਦੇ ਕੇ ਤੇਜ਼ੀ ਨਾਲ ਅਮਲ ਵਿੱਚ ਲਿਆਉਣ ਦੀ ਮੰਗ ਕੀਤੀ, ਤਾਂ ਜੋ ਹਲਕੇ ਦੇ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਮਿਲ ਸਕਣ।

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਸਮਾਣਾ ਹਲਕੇ ਦੇ ਸਰਬਪੱਖੀ ਵਿਕਾਸ ਪ੍ਰਤੀ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਭਰੋਸਾ ਦਿੱਤਾ ਕਿ ਲੋਕ ਹਿੱਤ ਨਾਲ ਜੁੜੇ ਹਰ ਵਿਕਾਸ ਕਾਰਜ ਨੂੰ ਪਹਿਲ ਦੇ ਆਧਾਰ 'ਤੇ ਅੱਗੇ ਵਧਾਇਆ ਜਾਵੇਗਾ ਅਤੇ ਵਿਕਾਸ ਪ੍ਰੋਜੈਕਟਾਂ ਨੂੰ ਸਮੇਂ ਸਿਰ ਪੂਰਾ ਕਰਨ ਲਈ ਲੋੜੀਂਦੇ ਕਦਮ ਚੁੱਕੇ ਜਾਣਗੇ।

ਇਸ ਮੌਕੇ ਪ੍ਰੀਤ ਗਰੁੱਪ ਆਫ ਕੰਪਨੀਜ਼ ਦੇ ਡਾਇਰੈਕਟਰ ਹਰੀ ਸਿੰਘ ਅਤੇ ਗੁਰਪ੍ਰੀਤ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

# ਸਰਕਾਰ ਦੀ 'ਮਾਂਵਾਂ-ਧੀਆਂ ਸਤਿਕਾਰ ਯੋਜਨਾ' 100 ਸਾਲ ਤੋਂ ਵੱਧ ਉਮਰ ਦੀਆਂ ਮਹਿਲਾਵਾਂ ਨੂੰ ਵੀ ਦੇ ਰਹੀ ਹੈ ਸਨਮਾਨ ਅਤੇ ਆਰਥਿਕ ਸਹਾਰਾ

**ਚੰਡੀਗੜ੍ਹ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀਆਂ 100 ਸਾਲ ਜਾਂ ਇਸ ਤੋਂ ਵੱਧ ਉਮਰ ਦੀਆਂ ਮਹਿਲਾਵਾਂ ਲਈ ਭਗਵੰਤ ਮਾਨ ਸਰਕਾਰ ਵੱਲੋਂ 'ਮਾਂਵਾਂ-ਧੀਆਂ ਸਤਿਕਾਰ ਯੋਜਨਾ' ਤਹਿਤ ਦਿੱਤੀ ਜਾ ਰਹੀ ਵਿੱਤੀ ਸਹਾਇਤਾ ਸਿਰਫ਼ ਆਰਥਿਕ ਮਦਦ ਨਹੀਂ ਹੈ। ਇਹ ਉਨ੍ਹਾਂ ਦੇ ਜੀਵਨ ਦੇ ਆਖ਼ਰੀ ਪੜਾਅ ਵਿੱਚ ਸਨਮਾਨ, ਆਤਮਨਿਰਭਰਤਾ ਅਤੇ ਭਰੋਸੇ ਦਾ ਨਵਾਂ ਆਧਾਰ ਬਣ ਗਈ ਹੈ। ਇਨ੍ਹਾਂ ਵਿੱਚੋਂ ਕਈ ਔਰਤਾਂ ਤੁਰਨ-ਫਿਰਨ ਤੋਂ ਅਸਮਰੱਥ ਹਨ, ਕਿਸੇ ਨੂੰ ਠੀਕ ਤਰ੍ਹਾਂ ਸੁਣਾਈ ਨਹੀਂ ਦਿੰਦਾ ਅਤੇ ਕੋਈ ਠੀਕ ਤਰ੍ਹਾਂ ਬੋਲ ਵੀ ਨਹੀਂ ਸਕਦੀ। ਫਿਰ ਵੀ, ਸਦੀ ਦਾ ਅੰਕੜਾ ਪਾਰ ਕਰ ਚੁੱਕੀਆਂ ਇਹ ਮਹਿਲਾਵਾਂ ਚੰਗੀ ਤਰ੍ਹਾਂ ਜਾਣਦੀਆਂ ਹਨ ਕਿ ਇਹ ਰਕਮ ਉਨ੍ਹਾਂ ਦੀ ਆਪਣੀ ਹੈ ਅਤੇ ਉਹ ਇਸ ਨੂੰ ਆਪਣੀ ਮਰਜ਼ੀ ਅਨੁਸਾਰ ਖ਼ਰਚ ਕਰ ਸਕਦੀਆਂ ਹਨ। ਇਸ ਹੱਕ ਦਾ ਅਹਿਸਾਸ ਹੀ ਉਨ੍ਹਾਂ ਨੂੰ ਡੂੰਘੀ ਤਸੱਲੀ ਦਿੰਦਾ ਹੈ।

ਕਈ ਲਾਭਪਾਤਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਯੋਜਨਾ ਬਾਰੇ ਸਭ ਤੋਂ ਪਹਿਲਾਂ ਆਪਣੇ ਗੁਆਂਢੀਆਂ ਅਤੇ ਰਿਸ਼ਤੇਦਾਰਾਂ ਤੋਂ ਪਤਾ ਲੱਗਿਆ। ਉਹ ਇਸ ਮੌਕੇ ਨੂੰ ਹੱਥੋਂ ਨਹੀਂ ਜਾਣ ਦੇਣਾ ਚਾਹੁੰਦੀਆਂ ਸਨ, ਇਸ ਲਈ ਉਨ੍ਹਾਂ ਨੇ ਆਪਣੇ ਬੱਚਿਆਂ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਮਨਾਇਆ ਤਾਂ ਜੋ ਉਹ ਉਨ੍ਹਾਂ ਨਾਲ ਨੇੜਲੇ ਆਂਗਣਵਾੜੀ ਕੇਂਦਰ ਜਾ ਕੇ ਲੋੜੀਂਦੀਆਂ ਰਸਮੀ ਕਾਰਵਾਈਆਂ ਪੂਰੀਆਂ ਕਰਵਾ ਸਕਣ। ਇਹ ਸਹਾਇਤਾ ਉਨ੍ਹਾਂ ਲਈ ਇਸ ਕਰਕੇ ਵੀ ਹੋਰ ਮਹੱਤਵਪੂਰਨ ਹੈ ਕਿਉਂਕਿ ਇਹ ਉਨ੍ਹਾਂ ਨੂੰ ਮਿਲ ਰਹੀ ਬੁਢਾਪਾ ਜਾਂ ਵਿਧਵਾ ਪੈਨਸ਼ਨ ਤੋਂ ਇਲਾਵਾ ਦਿੱਤੀ ਜਾ ਰਹੀ ਹੈ।

ਸੰਗਰੂਰ ਦੀ 109 ਸਾਲਾ ਭਰਪੂਰ ਕੌਰ ਨੇ ਆਪਣੇ ਪੜਪੋਤੇ ਦੀ ਪਤਨੀ ਦੀ ਮਦਦ ਨਾਲ ਅਰਜ਼ੀ ਦੀ ਪ੍ਰਕਿਰਿਆ ਪੂਰੀ ਕੀਤੀ ਅਤੇ ਹੁਣ ਉਸੇ ਦੀ ਸਹਾਇਤਾ ਨਾਲ ਬੈਂਕ ਤੋਂ ਪੈਸੇ ਕਢਵਾਉਂਦੇ ਹਨ। ਉਨ੍ਹਾਂ ਨੇ ਇਹ ਰਕਮ ਆਪਣੇ ਬਟੂਏ ਵਿੱਚ ਸੰਭਾਲ ਕੇ ਰੱਖੀ ਹੋਈ ਹੈ। ਉਹ ਕਹਿੰਦੇ ਹਨ, ਮੈਂ ਇਸ ਪੈਸੇ ਦਾ ਕੁਝ ਹਿੱਸਾ ਆਪਣੀਆਂ ਧੀਆਂ 'ਤੇ ਖ਼ਰਚ ਕਰਾਂਗੀ, ਜਿਨ੍ਹਾਂ ਦੀ ਉਮਰ ਵੀ ਹੁਣ 50 ਸਾਲ ਤੋਂ ਵੱਧ ਹੈ, ਅਤੇ ਬਾਕੀ ਰਕਮ ਨਾਲ ਆਪਣੇ ਲਈ ਹਿਅਰਿੰਗ ਏਡ ਖਰੀਦਾਂਗੀ। ਮੈਨੂੰ ਸੁਣਨ ਵਿੱਚ ਦਿੱਕਤ ਹੈ, ਪਰ ਇਸ ਤੋਂ ਇਲਾਵਾ ਮੈਂ ਬਿਲਕੁਲ ਤੰਦਰੁਸਤ ਹਾਂ। ਅੱਜ ਵੀ ਘਰ ਦਾ ਸਾਰਾ ਕੰਮ ਆਪ ਕਰ ਲੈਂਦੀ ਹਾਂ। ਮੈਨੂੰ ਨਾ ਗੋਡਿਆਂ ਦਾ ਦਰਦ ਹੈ ਤੇ ਨਾ ਹੀ ਕੋਈ ਹੋਰ ਬੀਮਾਰੀ। ਅੱਜ ਤੱਕ ਕਿਸੇ ਵੀ ਸਰਕਾਰ ਨੇ ਅਜਿਹਾ ਕੰਮ ਨਹੀਂ ਕੀਤਾ।

ਕੋਟਕਪੂਰਾ ਦੀ 110 ਸਾਲਾ ਮੁਖਤਿਆਰ ਕੌਰ ਨੂੰ ਵੀ ਇਸ ਯੋਜਨਾ ਤਹਿਤ ਵਿੱਤੀ ਸਹਾਇਤਾ ਮਿਲੀ ਹੈ। ਉਨ੍ਹਾਂ ਨੂੰ ਸੁਣਨ ਵਿੱਚ ਦਿੱਕਤ ਹੈ, ਪਰ ਉਹ ਸਾਫ਼-ਸਾਫ਼ ਗੱਲ ਕਰ ਸਕਦੇ ਹਨ। ਉਹ ਦੱਸਦੇ ਹਨ ਕਿ ਉਨ੍ਹਾਂ ਨੇ ਇਹ ਰਕਮ ਘਰੇਲੂ ਲੋੜਾਂ 'ਤੇ ਖ਼ਰਚ ਕੀਤੀ। ਉਹ ਕਹਿੰਦੇ ਹਨ, ਮੈਂ ਪਹਿਲਾਂ ਕਦੇ ਕਿਸੇ ਸਰਕਾਰ ਨੂੰ ਪੰਜਾਬ ਦੀਆਂ ਮਹਿਲਾਵਾਂ ਨੂੰ ਇੰਨਾ ਸਨਮਾਨ ਦਿੰਦੇ ਨਹੀਂ ਦੇਖਿਆ।

ਫ਼ਰੀਦਕੋਟ ਦੀ 102 ਸਾਲਾ ਜਸਮੇਲ ਕੌਰ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਪਰਿਵਾਰ ਦੀ ਸੇਵਾ ਕਰਦਿਆਂ ਬਿਤਾਇਆ ਹੈ। ਉਨ੍ਹਾਂ ਨੂੰ ਮਿਲੀ ਸਹਾਇਤਾ ਰਕਮ ਵੀ ਉਨ੍ਹਾਂ ਨੇ ਪਰਿਵਾਰ ਦੀ ਭਲਾਈ ਲਈ ਹੀ ਵਰਤੀ। ਉਹ ਕਹਿੰਦੇ ਹਨ, ਮੈਂ ਕੁਝ ਪੈਸੇ ਆਪਣੀ ਦਵਾਈ-ਬੂਟੀ 'ਤੇ ਖ਼ਰਚ ਕੀਤੇ ਤੇ ਕੁਝ ਪੈਸੇ ਆਪਣੀ ਧੀ ਨੂੰ ਉਸਦੇ ਪਤੀ ਦੇ ਇਲਾਜ ਲਈ ਦੇ ਦਿੱਤੇ। ਮੁਸਕਰਾਉਂਦਿਆਂ ਉਹ ਕਹਿੰਦੇ ਹਨ, ਮੈਨੂੰ ਖ਼ੁਸ਼ੀ ਹੈ ਕਿ ਭਗਵੰਤ ਮਾਨ ਸਰਕਾਰ ਮਹਿਲਾਵਾਂ ਦਾ ਇੰਨਾ ਧਿਆਨ ਰੱਖ ਰਹੀ ਹੈ। ਇਸ ਉਮਰ ਵਿੱਚ ਪੈਸਾ ਤੁਹਾਡਾ ਸਭ ਤੋਂ ਵੱਡਾ ਸਹਾਰਾ ਬਣ ਜਾਂਦਾ ਹੈ। ਹਰ ਕੰਮ ਲਈ ਇਸ ਦੀ ਲੋੜ ਪੈਂਦੀ ਹੈ। ਹੁਣ ਤਾਂ ਹਰ ਸਾਹ ਲੈਣਾ ਵੀ ਔਖਾ ਲੱਗਦਾ ਹੈ।

ਮੋਗਾ ਦੀ 102 ਸਾਲਾ ਪ੍ਰੀਤਮ ਕੌਰ ਬਹੁਤ ਕਮਜ਼ੋਰ ਹਨ ਅਤੇ ਉਨ੍ਹਾਂ ਨੂੰ ਸੁਣਨ ਵਿੱਚ ਵੀ ਦਿੱਕਤ ਹੁੰਦੀ ਹੈ। ਉਮਰ ਦੇ ਕਾਰਨ ਉਹ ਬਹੁਤ ਘੱਟ ਬੋਲਦੇ ਹਨ, ਇਸ ਲਈ ਉਨ੍ਹਾਂ ਦੇ ਪੁੱਤਰ ਸਿਕੰਦਰ ਸਿੰਘ ਦੱਸਦੇ ਹਨ ਕਿ 3,000 ਰੁਪਏ ਦੀ ਇਸ ਸਹਾਇਤਾ ਨੇ ਉਨ੍ਹਾਂ ਦੀ ਮਾਤਾ ਦੀ ਜ਼ਿੰਦਗੀ ਕੁਝ ਆਸਾਨ ਬਣਾ ਦਿੱਤੀ ਹੈ। ਪਰਿਵਾਰ ਨੇ ਇਸ ਰਕਮ ਨਾਲ ਉਨ੍ਹਾਂ ਲਈ ਇੱਕ ਵ੍ਹੀਲਚੇਅਰ ਖਰੀਦੀ, ਜਿਸ ਨਾਲ ਹੁਣ ਉਹ ਘਰ ਦੇ ਅੰਦਰ ਆਸਾਨੀ ਨਾਲ ਆ-ਜਾ ਸਕਦੇ ਹਨ। ਬਾਕੀ ਰਕਮ ਉਨ੍ਹਾਂ ਦੀਆਂ ਦਵਾਈਆਂ 'ਤੇ ਖ਼ਰਚ ਕੀਤੀ ਗਈ। ਪ੍ਰੀਤਮ ਕੌਰ ਲਈ ਇਹ ਸਹਾਇਤਾ ਉਨ੍ਹਾਂ ਦੀ ਰੋਜ਼ਾਨਾ ਦੀ ਜ਼ਿੰਦਗੀ ਨੂੰ ਪਹਿਲਾਂ ਨਾਲੋਂ ਵੱਧ ਸੁਖਾਲਾ ਬਣਾਉਣ ਦਾ ਸਾਧਨ ਬਣੀ ਹੈ।

102 ਸਾਲਾ ਅੰਗਰੇਜ਼ ਕੌਰ ਵੀ ਇਸ ਯੋਜਨਾ ਤੋਂ ਬਹੁਤ ਖ਼ੁਸ਼ ਹਨ। ਉਨ੍ਹਾਂ ਨੂੰ ਸੁਣਨ ਵਿੱਚ ਦਿੱਕਤ ਹੁੰਦੀ ਹੈ, ਪਰ ਉਨ੍ਹਾਂ ਦਾ ਉਤਸ਼ਾਹ ਸਾਫ਼ ਦਿਖਾਈ ਦਿੰਦਾ ਹੈ। ਉਹ ਪੂਰੇ ਵਿਸ਼ਵਾਸ ਨਾਲ ਕਹਿੰਦੇ ਹਨ, ਮੈਂ ਤਾਂ ਇਹ ਪੈਸਾ ਆਪਣੇ ਕੋਲ ਹੀ ਰੱਖਾਂਗੀ। ਜਿੱਥੇ ਮੇਰਾ ਦਿਲ ਕਰੇਗਾ, ਉੱਥੇ ਹੀ ਖ਼ਰਚ ਕਰਾਂਗੀ।

ਉਨ੍ਹਾਂ ਨੇ ਇਸ ਰਕਮ ਨਾਲ ਆਪਣੀਆਂ ਦਵਾਈਆਂ ਖਰੀਦੀਆਂ, ਆਪਣੇ ਲਈ ਨਵਾਂ ਸੂਟ ਲਿਆ ਅਤੇ ਕੁਝ ਪੈਸੇ ਆਪਣੀ ਪੋਤੀ 'ਤੇ ਵੀ ਖ਼ਰਚ ਕੀਤੇ। 102 ਸਾਲ ਦੀ ਉਮਰ ਵਿੱਚ ਵੀ ਉਨ੍ਹਾਂ ਦਾ ਇਹ ਪਿਆਰ ਅਤੇ ਦਰਿਆਦਿਲੀ ਦੂਜਿਆਂ ਪ੍ਰਤੀ ਉਨ੍ਹਾਂ ਦੇ ਸਨੇਹ ਨੂੰ ਦਰਸਾਉਂਦੀ ਹੈ।

ਇਨ੍ਹਾਂ ਮਹਿਲਾਵਾਂ ਦੀ ਵਧਦੀ ਉਮਰ ਨਾਲ ਜੁੜੀਆਂ ਸਿਹਤ ਸਮੱਸਿਆਵਾਂ, ਸਰੀਰਕ ਸੀਮਾਵਾਂ ਅਤੇ ਔਖੇ ਹਾਲਾਤਾਂ ਵਿੱਚ ਵੀ ਉਨ੍ਹਾਂ ਦਾ ਸ਼ਾਂਤ ਹੌਂਸਲਾ 'ਮਾਂਵਾਂ-ਧੀਆਂ ਸਤਿਕਾਰ ਯੋਜਨਾ' ਦੀ ਮਹੱਤਤਾ ਨੂੰ ਹੋਰ ਉਜਾਗਰ ਕਰਦਾ ਹੈ। ਇਨ੍ਹਾਂ 100 ਸਾਲ ਤੋਂ ਵੱਧ ਉਮਰ ਦੀਆਂ ਮਹਿਲਾਵਾਂ ਲਈ ਇਹ ਵਿੱਤੀ ਸਹਾਇਤਾ ਸਿਰਫ਼ ਉਨ੍ਹਾਂ ਦੇ ਬੈਂਕ ਖ਼ਾਤੇ ਵਿੱਚ ਆਉਣ ਵਾਲੀ ਰਕਮ ਨਹੀਂ, ਸਗੋਂ ਉਨ੍ਹਾਂ ਦੇ ਸਨਮਾਨਯੋਗ ਜੀਵਨ ਨੂੰ ਦਿੱਤਾ ਗਿਆ ਸਤਿਕਾਰ, ਆਰਥਿਕ ਸਹਾਰਾ ਅਤੇ ਇਸ ਗੱਲ ਦਾ ਪ੍ਰਤੀਕ ਹੈ ਕਿ ਸਮਾਜ ਅਤੇ ਸਰਕਾਰ ਦੀ ਨਜ਼ਰ ਵਿੱਚ ਅੱਜ ਵੀ ਉਨ੍ਹਾਂ ਦੀ ਅਹਿਮੀਅਤ ਕਾਇਮ ਹੈ। ਆਪਣੇ ਸ਼ਾਂਤ ਅਤੇ ਪ੍ਰੇਰਨਾਦਾਇਕ ਜੀਵਨ ਰਾਹੀਂ ਇਹ ਮਹਿਲਾਵਾਂ ਇਹ ਸੰਦੇਸ਼ ਦਿੰਦੀਆਂ ਹਨ ਕਿ ਸਨਮਾਨ, ਸਵੈ-ਮਾਣ ਅਤੇ ਆਪਣੀ ਮਰਜ਼ੀ ਨਾਲ ਫ਼ੈਸਲੇ ਕਰਨ ਦੀ ਆਜ਼ਾਦੀ ਜੀਵਨ ਦੇ ਹਰ ਪੜਾਅ 'ਤੇ ਅਨਮੋਲ ਹੁੰਦੀ ਹੈ।

# ਐਸ.ਆਈ.ਆਰ.-2026: ਸੀ.ਈ.ਓ. ਪੰਜਾਬ ਵੱਲੋਂ ਘਰੋ-ਘਰੀ ਗਣਨਾ ਪੜਾਅ ਨੂੰ ਅਗਾਊਂ ਨੇਪਰੇ ਚਾੜ੍ਹਨ ਲਈ ਈ.ਆਰ.ਓਜ਼. ਦਾ ਸਨਮਾਨ



**ਚੰਡੀਗੜ੍ਹ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਚੋਣ ਪ੍ਰਬੰਧਨ ਵਿੱਚ ਉੱਤਮਤਾ ਨੂੰ ਮਾਨਤਾ ਦੇਣ ਅਤੇ ਉਤਸ਼ਾਹਿਤ ਕਰਨ ਲਈ ਮੁੱਖ ਚੋਣ ਅਫ਼ਸਰ,ਪੰਜਾਬ ਸ਼੍ਰੀਮਤੀ ਅਨਿੰਦਿਤਾ ਮਿਤਰਾ ਨੇ ਅੱਜ ਚੋਣਕਾਰ ਰਜਿਸਟ੍ਰੇਸ਼ਨ ਅਧਿਕਾਰੀਆਂ (ਈਆਰਓਜ਼) ਨੂੰ ਵਿਸ਼ੇਸ਼ ਗਹਿਰੀ ਸੋਧ (ਐਸ.ਆਈ.ਆਰ.) 2026 ਦੇ ਘਰੋ-ਘਰੀ ਗਣਨਾ ਪੜਾਅ ਨੂੰ ਨਿਰਧਾਰਤ ਸਮਾਂ-ਸੀਮਾਵਾਂ ਤੋਂ ਪਹਿਲਾਂ ਮੁਕੰਮਲ ਕਰਨ ਵਿੱਚ ਉਨ੍ਹਾਂ ਦੇ ਅਸਾਧਾਰਨ ਸਮਰਪਣ ਅਤੇ ਵਚਨਬੱਧਤਾ ਲਈ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ। ਇਹ ਅਹਿਮ ਪ੍ਰਾਪਤੀ, ਚੋਣ ਪ੍ਰਕਿਰਿਆ ਵਿੱਚ ਸ਼ੁੱਧਤਾ, ਪਾਰਦਰਸ਼ਤਾ ਅਤੇ ਕੁਸ਼ਲਤਾ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਸਮੂਹਿਕ ਯਤਨਾਂ ਦੀ ਪ੍ਰਤੱਖ ਪ੍ਰਮਾਣ ਹੈ। ਸ਼੍ਰੀ ਗੁਰਵਿੰਦਰ ਸਿੰਘ ਜੌਹਲ, ਦੀ ਅਗਵਾਈ ਹੇਠ ਧਰਮਕੋਟ ਵਿਧਾਨ ਸਭਾ ਹਲਕਾ (ਜ਼ਿਲ੍ਹਾ ਮੋਗਾ), ਘਰੋ-ਘਰੀ ਗਣਨਾ ਅਭਿਆਸ ਨੂੰ ਪੂਰਾ ਕਰਨ ਵਾਲਾ ਰਾਜ ਦਾ ਪਹਿਲਾ ਹਲਕਾ ਬਣ ਕੇ ਉਭਰਿਆ। ਇਸ ਤੋਂ ਬਾਅਦ ਸ਼੍ਰੀ ਸੁਨੀਲ ਫੋਗਾਟ, ਆਈ.ਏ.ਐਸ. ਬਲਾਚੌਰ (ਜ਼ਿਲ੍ਹਾ ਐਸ.ਬੀ.ਐਸ. ਨਗਰ); ਸ਼੍ਰੀ ਤਰਸੇਮ ਚੰਦ, ਪੀਸੀਐਸ, ਦਿੜ੍ਹਬਾ (ਜ਼ਿਲ੍ਹਾ ਸੰਗਰੂਰ); ਸ਼੍ਰੀ ਗਗਨਦੀਪ, ਪੀਸੀਐਸ, ਨਿਹਾਲ ਸਿੰਘ ਵਾਲਾ (ਜ਼ਿਲ੍ਹਾ ਮੋਗਾ); ਸ਼੍ਰੀ ਅਮਰੀਕ ਸਿੰਘ ਸਿੱਧੂ, ਪੀ.ਸੀ.ਐਸ., ਬਾਘਾ ਪੁਰਾਣਾ (ਜ਼ਿਲ੍ਹਾ ਮੋਗਾ); ਸ਼੍ਰੀ ਸਤਵਿੰਦਰ ਪਾਲ ਰਣੀਕੇ, ਪੀਸੀਐਸ, ਮੋਗਾ (ਜ਼ਿਲ੍ਹਾ ਮੋਗਾ); ਸ਼੍ਰੀਮਤੀ ਇਸਮਤ ਵਿਜੇ ਸਿੰਘ, ਪੀ.ਸੀ.ਐਸ., ਧੂਰੀ (ਜ਼ਿਲ੍ਹਾ ਸੰਗਰੂਰ) ਅਤੇ ਸ਼੍ਰੀ ਵਿਪਨ ਭੰਡਾਰੀ, ਪੀ.ਸੀ.ਐਸ., ਬੰਗਾ (ਜ਼ਿਲ੍ਹਾ ਐਸਬੀਐਸ ਨਗਰ) ਸ਼ਾਮਲ ਹਨ।

ਜ਼ਿਲ੍ਹਾ ਚੋਣ ਅਧਿਕਾਰੀਆਂ, ਈਆਰਓਜ਼, ਏ.ਈ.ਆਰ.ਓਜ਼., ਸੁਪਰਵਾਈਜ਼ਰਾਂ ਅਤੇ ਬੀਐਲਓਜ਼ ਦੇ ਸਮੂਹਿਕ ਯਤਨਾਂ ਦੀ ਸ਼ਲਾਘਾ ਕਰਦਿਆਂ ਸ਼੍ਰੀਮਤੀ ਮਿਤਰਾ ਨੇ ਕਿਹਾ ਕਿ ਇਹ ਮੀਲ ਪੱਥਰ ਉਨ੍ਹਾਂ ਦੇ ਸਮੂਹਿਕ ਸਮਰਪਣ ਅਤੇ ਮਿਸ਼ਨ-ਅਧਾਰਤ ਕੰਮ ਨੂੰ ਦਰਸਾਉਂਦਾ ਹੈ।

ਇਸ ਮੌਕੇ ਬੋਲਦਿਆਂ ਸੀ.ਈ.ਓ. ਨੇ ਅਧਿਕਾਰੀਆਂ ਦੀ ਉਨ੍ਹਾਂ ਦੇ ਅਣਥੱਕ ਯਤਨਾਂ ਅਤੇ ਜਮਹੂਰੀ ਪ੍ਰਕਿਰਿਆਵਾਂ ਨੂੰ ਮਜ਼ਬੂਤ ਕਰਨ ਪ੍ਰਤੀ ਅਟੁੱਟ ਵਚਨਬੱਧਤਾ ਲਈ ਪ੍ਰਸ਼ੰਸਾ ਕੀਤੀ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਇਸ ਪੜਾਅ ਦਾ ਸਫਲਤਾਪੂਰਵਕ ਪੂਰਾ ਹੋਣਾ ਮਜ਼ਬੂਤ ਅਤੇ ਪੂਰੀ ਤਰ੍ਹਾਂ ਡਿਜੀਟਾਈਜ਼ਡ ਵੋਟਰ ਸੂਚੀ ਬਣਾਉਣ ਵੱਲ ਅਹਿਮ ਕਦਮ ਹੈ, ਜਿਸ ਨਾਲ ਨਾ ਸਿਰਫ਼ ਨਾਗਰਿਕਾਂ ਨੂੰ ਸਸ਼ਕਤ ਬਣਾਇਆ ਜਾ ਰਿਹਾ ਹੈ ਸਗੋਂ ਉਨ੍ਹਾਂ ਦਾ ਵੋਟਾਂ ਦੇ ਅਮਲ ਵਿੱਚ ਵਿਸ਼ਵਾਸ ਵੀ ਵਧਿਆ ਹੈ।

ਸੀ.ਈ.ਓ. ਨੇ ਸਾਰੇ ਜ਼ਿਲ੍ਹਿਆਂ ਨੂੰ ਐਸ.ਆਈ.ਆਰ.- 2026 ਦੇ ਆਉਣ ਵਾਲੇ ਪੜਾਵਾਂ ਵਿੱਚ ਇਸੇ ਤਰ੍ਹਾਂ ਸਮਰਪਣ ਨਾਲ ਕੰਮ ਕਰਦੇ ਰਹਿਣ ਦੀ ਅਪੀਲ ਕੀਤੀ।

ਉਨ੍ਹਾਂ ਪੰਜਾਬ ਦੇ ਵੋਟਰਾਂ ਨੂੰ ਵੀ ਅਪੀਲ ਕੀਤੀ ਕਿ ਜਿਨ੍ਹਾਂ ਨੇ ਅਜੇ ਤੱਕ ਸਬੰਧਤ ਬੂਥ ਲੈਵਲ ਅਫਸਰਾਂ ਨੂੰ ਆਪਣੇ ਗਣਨਾ ਫਾਰਮ ਜਮ੍ਹਾਂ ਨਹੀਂ ਕਰਵਾਏ ਹਨ, ਉਹ 3 ਅਗਸਤ (ਆਖਰੀ ਮਿਤੀ ) ਤੋਂ ਪਹਿਲਾਂ ਅਜਿਹਾ ਕਰਨਾ ਯਕੀਨੀ ਬਣਾਉਣ ਤਾਂ ਜੋ ਉਨ੍ਹਾਂ ਦੇ ਨਾਮ 13 ਅਗਸਤ, 2026 ਨੂੰ ਪ੍ਰਕਾਸ਼ਿਤ ਹੋਣ ਵਾਲੀ ਡਰਾਫਟ ਵੋਟਰ ਸੂਚੀਆਂ ਵਿੱਚ ਸ਼ਾਮਲ ਕੀਤੇ ਜਾ ਸਕਣ।

# ਸੁਚੇਤਕ ਰੰਗਮੰਚ ਨੇ 'ਵਕਤ ਤੈਨੂੰ ਸਲਾਮ ਹੈ' ਨਾਟਕ ਨਾਲ ਟੈਗੋਰ ਥੀਏਟਰ ਵਿਖੇ ਰੰਗ ਬੰਨ੍ਹਿਆ



**ਚੰਡੀਗੜ੍ਹ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਥੀਏਟਰ ਗਰੁੱਪ 'ਸੁਚੇਤਕ ਰੰਗਮੰਚ' ਵੱਲੋਂ ਟੈਗੋਰ ਥੀਏਟਰ, ਚੰਡੀਗੜ੍ਹ ਵਿਖੇ ਪੰਜਾਬੀ ਨਾਟਕ 'ਵਕਤ ਤੈਨੂੰ ਸਲਾਮ ਹੈ' ਦਾ ਮੰਚਨ ਕੀਤਾ ਗਿਆ। ਨਾਟਕ ਨੂੰ ਇਸ ਦੇ ਮਜ਼ਬੂਤ ਸਮਾਜਿਕ ਸੰਦੇਸ਼ ਅਤੇ ਦਿਲ ਟੁੰਬਵੀਂ ਅਦਾਕਾਰੀ ਲਈ ਸਰੋਤਿਆਂ ਦਾ ਭਰਵਾਂ ਹੁੰਗਾਰਾ ਮਿਲਿਆ। ਇਹ ਨਾਟਕ ਸੀ.ਟੀ. ਖਾਨੋਲਕਰ ਦੇ ਪ੍ਰਸਿੱਧ ਨਾਟਕ ਦਾ ਪੰਜਾਬੀ ਰੂਪਾਂਤਰ ਹੈ।

ਇਸ ਪੇਸ਼ਕਾਰੀ ਦੌਰਾਨ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਅਤੇ ਬੋਟੈਨਿਕ ਹੈਲਥਕੇਅਰ ਦੇ ਡਾ. ਗੌਰਵ ਸੋਨੀ, ਭਾਈਚਾਰੇ ਦੇ ਕਈ ਹੋਰ ਪਤਵੰਤਿਆਂ ਦੇ ਨਾਲ ਮਹਿਮਾਨਾਂ ਵਜੋਂ ਹਾਜ਼ਰ ਸਨ।

ਸ਼੍ਰੀ ਬਾਲ ਮੁਕੰਦ ਸ਼ਰਮਾ ਨੇ ਨਾਟਕ, ਇਸਦੇ ਨਿਰਦੇਸ਼ਕ ਅਤੇ ਕਲਾਕਾਰਾਂ ਨੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਮਾਜਿਕ ਵਿਸ਼ੇ 'ਤੇ ਅਧਾਰਤ ਅਜਿਹੇ ਨਾਟਕ ਨਾਲ ਕੇਵਲ ਅੰਧਵਿਸ਼ਵਾਸਾਂ ਉਪਰ ਉੱਠਣ ਦਾ ਸੁਨੇਹਾ ਦਿੰਦੇ ਹਨ ਸਗੋਂ ਜੀਵਨ ਨੂੰ ਵਿਵਹਾਰਕ ਤੌਰ 'ਤੇ ਜਿਉਣ ਲਈ ਵੀ ਪ੍ਰੇਰਦੇ ਹਨ। ਅਨੀਤਾ ਸ਼ਬਦੀਸ਼ ਵੱਲੋਂ ਨਿਰਦੇਸ਼ਤ ਅਤੇ ਪੰਜਾਬੀ ਵਿੱਚ ਅਨੁਵਾਦਿਤ ਕੀਤੇ ਇਸ ਨਾਟਕ ਨੇ ਦਰਸ਼ਕਾਂ ਨੂੰ ਆਪਣੇ ਦਿਲਚਸਪ ਬਿਰਤਾਂਤ, ਦਿਲ-ਖਿੱਚਵੀਂ ਅਦਾਕਾਰੀ ਅਤੇ ਅਰਥਪੂਰਨ ਥੀਮ ਨਾਲ ਕੀਲ ਕੇ ਰੱਖ ਦਿੱਤਾ। ਰੰਗਮੰਚ ਪ੍ਰੇਮੀਆਂ, ਕਲਾਕਾਰਾਂ ਅਤੇ ਮਹਿਮਾਨਾਂ ਵੱਲੋਂ ਨਾਟਕ ਦੀ ਭਰਪੂਰ ਸ਼ਲਾਘਾ ਕੀਤੀ ਗਈ। ਇਸ ਮੌਕੇ ਬੋਲਦਿਆਂ ਡਾ. ਜ਼ੋਰਾ ਸਿੰਘ ਨੇ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਅਤੇ ਸਕਾਰਾਤਮਕ ਤਬਦੀਲੀ ਨੂੰ ਉਤਸ਼ਾਹਿਤ ਕਰਨ ਲਈ ਰੰਗਮੰਚ ਦੀ ਸੁਚੱਜੀ ਵਰਤੋਂ ਕਰਨ ਲਈ ਸਮੂਹ ਨੂੰ ਵਧਾਈ ਦਿੱਤੀ।

ਪ੍ਰਬੰਧਕਾਂ ਨੇ ਇਸ ਸ਼ਾਮ ਨੂੰ ਸਫ਼ਲ ਬਣਾਉਣ ਲਈ ਮੁੱਖ ਮਹਿਮਾਨਾਂ, ਪਤਵੰਤਿਆਂ, ਮੀਡੀਆ, ਸਮਰਥਕਾਂ ਅਤੇ ਸਰੋਤਿਆਂ ਦਾ ਉਨ੍ਹਾਂ ਦੇ ਸ਼ਾਨਦਾਰ ਹੁੰਗਾਰੇ ਲਈ ਧੰਨਵਾਦ ਕੀਤਾ । ਸੁਚੇਤਕ ਰੰਗਮੰਚ ਨੇ ਮਹੱਤਵਪੂਰਨ ਸਮਾਜਿਕ ਸੰਦੇਸ਼ ਦੇਣ ਵਾਲੇ ਅਰਥਪੂਰਨ ਨਾਟਕਾਂ ਦਾ ਮੰਚਨ ਜਾਰੀ ਰੱਖਣ ਦੇ ਆਪਣੇ ਸੰਕਲਪ ਨੂੰ ਦੁਹਰਾਇਆ।

# ਜ਼ਿਲ੍ਹਾ ਸੈਂਸਜ਼ ਹੈਂਡਬੁੱਕ ਤਿਆਰ ਕਰਨ ਸਬੰਧੀ ਕਰਵਾਈ ਟ੍ਰੇਨਿੰਗ



**ਸੰਗਰੂਰ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸੰਗਰੂਰ ਕਮ ਪ੍ਰਿੰਸੀਪਲ ਸੈਂਸਜ਼ ਅਫਸਰ, ਸ਼੍ਰੀਮਤੀ ਪੂਨਮਦੀਪ ਕੌਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਸੈਂਸਜ਼ ਹੈਂਡਬੁੱਕ ਤਿਆਰ ਕਰਨ ਸਬੰਧੀ ਇੱਕ ਟ੍ਰੇਨਿੰਗ ਕਰਵਾਈ ਗਈ, ਜਿਸ ਵਿੱਚ ਜ਼ਿਲ੍ਹੇ ਦੇ ਸਮੂਹ ਚਾਰਜ ਸੈਂਸਜ਼ ਅਫਸਰਾਂ ਨੇ ਭਾਗ ਲਿਆ।

ਇਸ ਵਿੱਚ ਸ਼੍ਰੀ ਵਿਨੋਦ ਕੁਮਾਰ ਯਾਦਵ ਅਸਿਸਟੈਂਟ ਡਾਇਰੈਕਟਰ ਸੈਂਸਜ਼ ਪੰਜਾਬ, ਸ੍ਰੀ ਅੰਕੁਸ਼ ਸ਼ਰਮਾ ਅਤੇ ਸ਼੍ਰੀ ਵਿਵੇਕ ਸਿੰਘ ਡਾਇਰੈਕਟਰ ਸੈਂਸਜ਼ ਦਫਤਰ ਚੰਡੀਗੜ੍ਹ ਪੰਜਾਬ ਵੱਲੋਂ ਹੈਂਡਬੁੱਕ ਸਬੰਧੀ ਟ੍ਰੇਨਿੰਗ ਦਿੱਤੀ ਗਈ, ਜਿਸ ਵਿੱਚ ਜ਼ਿਲ੍ਹਾ ਪੱਧਰ ਅਤੇ ਤਹਿਸੀਲ ਪੱਧਰ ਉੱਪਰ ਸੈਂਸਜ਼ ਫੰਕਸ਼ਨੈਰਿਟੀਜ਼ ਵੱਲੋਂ ਆਨਲਾਈਨ ਐਂਟਰੀਆਂ ਕਰਨ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ।

ਟ੍ਰੇਨਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਸੰਗਰੂਰ ਕਮ ਜ਼ਿਲ੍ਹਾ ਸੈਂਸਜ਼ ਅਫਸਰ ਸ਼੍ਰੀ ਅੰਕੁਰ ਮਹਿੰਦਰੂ ਅਤੇ ਸਹਾਇਕ ਕਮਿਸ਼ਨਰ, ਸੰਗਰੂਰ ਸ਼੍ਰੀ ਰਾਜਬੀਰ ਸਿੰਘ ਭੰਗੂ ਵੱਲੋਂ ਸਮੂਹ ਚਾਰਜ ਸੈਂਸਜ਼ ਅਫਸਰਾਂ ਨੂੰ ਅਪਣਾ ਕੰਮ ਪੂਰੀ ਸ਼ਿੱਦਤ ਨਾਲ ਕਰਨ ਲਈ ਪ੍ਰੇਰਿਤ ਕੀਤਾ ਗਿਆ।

ਟ੍ਰੇਨਿੰਗ ਵਿੱਚ ਜ਼ਿਲਾ ਸੰਗਰੂਰ ਦੇ ਸੈਂਸਜ਼ ਦਫਤਰ ਵੱਲੋਂ ਸ਼੍ਰੀ ਜਗਦੀਸ਼ ਸ਼ਰਮਾ, ਸ਼੍ਰੀ ਗਣੇਸ਼ ਗੁਪਤਾ, ਸ੍ਰ ਸਰਬਜੀਤ ਸਿੰਘ ਅਤੇ ਸ਼੍ਰੀ ਕਮਲਦੀਪ ਨੇ ਭਾਗ ਲਿਆ।

# ਸ਼੍ਰੋਮਣੀ ਅਕਾਲੀ ਦਲ ਨੂੰ ਹਲਕਾ ਸਨੌਰ 'ਚ ਵੱਡਾ ਝਟਕਾ: ਅਲੀਪੁਰ ਅਰਾਈਆਂ ਤੋਂ ਸਾਬਕਾ ਕੌਂਸਲਰ ਅਨੇਕਾਂ ਪਰਿਵਾਰਾਂ ਸਮੇਤ 'ਆਪ' ਵਿੱਚ ਸ਼ਾਮਲ



**ਸਨੌਰ,26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਕਰਵਾਏ ਜਾ ਰਹੇ ਰਿਕਾਰਡਤੋੜ ਵਿਕਾਸ ਕਾਰਜਾਂ ਅਤੇ ਹਲਕਾ ਸਨੌਰ ਦੇ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਦੀ ਦਿਨ-ਰਾਤ ਲੋਕਾਂ ਦੇ ਵਿਚਕਾਰ ਰਹਿ ਕੇ ਸੇਵਾ ਕਰਨ ਦੀ ਕਾਰਜਸ਼ੈਲੀ ਸਦਕਾ ਹਲਕੇ ਅੰਦਰ ਆਮ ਆਦਮੀ ਪਾਰਟੀ ਦਾ ਕਾਫ਼ਲਾ ਦਿਨ-ਬ-ਦਿਨ ਹੋਰ ਵੱਡਾ ਹੁੰਦਾ ਜਾ ਰਿਹਾ ਹੈ। ਇਸੇ ਲੜੀ ਤਹਿਤ ਅੱਜ ਹਲਕਾ ਸਨੌਰ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਵੇਲੇ ਬਹੁਤ ਵੱਡਾ ਸਿਆਸੀ ਝਟਕਾ ਲੱਗਿਆ, ਜਦੋਂ ਵਾਰਡ ਨੰਬਰ 15 ਅਲੀਪੁਰ ਅਰਾਈਆਂ ਤੋਂ ਸੀਨੀਅਰ ਆਗੂ ਨੰਬਰਦਾਰ ਸੁਖਦੇਵ ਸਿੰਘ ਸਾਬਕਾ ਕੌਂਸਲਰ ਆਪਣੇ ਅਨੇਕਾਂ ਸਮਰਥਕਾਂ ਅਤੇ ਪਰਿਵਾਰਾਂ ਸਮੇਤ ਅਕਾਲੀ ਦਲ ਛੱਡ ਕੇ ਹਲਕਾ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।

ਇਸ ਮੌਕੇ 'ਆਪ' ਵਿੱਚ ਸ਼ਾਮਲ ਹੋਣ ਵਾਲੇ ਨੰਬਰਦਾਰ ਸੁਖਦੇਵ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸਿਰੋਪਾਓ ਪਾ ਕੇ ਪਾਰਟੀ ਵਿੱਚ ਜੀ ਆਇਆਂ ਨੂੰ ਆਖਦਿਆਂ ਹਲਕਾ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਅੱਜ ਪੰਜਾਬ ਦਾ ਹਰ ਵਰਗ ਮਾਨ ਸਰਕਾਰ ਦੀ 'ਸਾਫ਼ ਨੀਅਤ ਅਤੇ ਤੇਜ਼ ਵਿਕਾਸ' ਵਾਲੀ ਸੋਚ ਤੋਂ ਬੇਹੱਦ ਖ਼ੁਸ਼ ਹੈ। ਉਨ੍ਹਾਂ ਕਿਹਾ ਕਿ ਨੰਬਰਦਾਰ ਸੁਖਦੇਵ ਸਿੰਘ ਵਰਗੇ ਤਜਰਬੇਕਾਰ ਅਤੇ ਜਮੀਨੀ ਪੱਧਰ 'ਤੇ ਜੁੜੇ ਆਗੂਆਂ ਦੇ ਪਾਰਟੀ ਵਿੱਚ ਆਉਣ ਨਾਲ ਇਲਾਕੇ ਅੰਦਰ ਆਮ ਆਦਮੀ ਪਾਰਟੀ ਨੂੰ ਬਹੁਤ ਵੱਡਾ ਬਲ ਮਿਲਿਆ ਹੈ।

ਹਡਾਣਾ ਨੇ ਭਰੋਸਾ ਦਿੱਤਾ ਕਿ ਪਾਰਟੀ ਵਿੱਚ ਸ਼ਾਮਲ ਹੋਏ ਹਰ ਇੱਕ ਸਾਥੀ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ ਅਤੇ ਇਲਾਕੇ ਦੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਕਰਵਾਇਆ ਜਾਵੇਗਾ।

ਪਾਰਟੀ ਵਿੱਚ ਸ਼ਾਮਲ ਹੋਣ ਉਪਰੰਤ ਸਾਬਕਾ ਕੌਂਸਲਰ ਨੰਬਰਦਾਰ ਸੁਖਦੇਵ ਸਿੰਘ ਨੇ ਕਿਹਾ ਕਿ ਉਹ ਰਵਾਇਤੀ ਪਾਰਟੀਆਂ ਦੀਆਂ ਮਾਰੂ ਨੀਤੀਆਂ ਤੋਂ ਤੰਗ ਆ ਚੁੱਕੇ ਸਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਮ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਅਤੇ ਹਲਕਾ ਇੰਚਾਰਜ ਰਣਜੋਧ ਹਡਾਣਾ ਵੱਲੋਂ ਬਿਨਾਂ ਕਿਸੇ ਥਕਾਵਟ ਦੇ ਹਲਕੇ ਦੀ ਨੁਹਾਰ ਬਦਲਣ ਲਈ ਕੀਤੇ ਜਾ ਰਹੇ ਅਣਥੱਕ ਯਤਨਾਂ ਤੋਂ ਬੇਹੱਦ ਪ੍ਰਭਾਵਿਤ ਹੋ ਕੇ ਹੀ ਅੱਜ ਉਨ੍ਹਾਂ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ।

# ਮਾਣੇਵਾਲ ਦੇ ਨੌਜਵਾਨ ਦੀ ਭੇਦ ਭਰੇ ਹਾਲਤਾਂ ਵਿੱਚ ਮੌਤ

**ਮਾਛੀਵਾੜਾ ਸਾਹਿਬ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਨਜ਼ਦੀਕੀ ਪਿੰਡ ਮਾਣੇਵਾਲ ਵਿਚ 28 ਸਾਲਾ ਨੌਜਵਾਨ ਗੁਰਬਖਸ਼ ਸਿੰਘ ਦੀ ਭੇਦਭਰੀ ਹਾਲਤ ਵਿਚ ਮੌਤ ਹੋਣ ਦੀ ਖ਼ਬਰ ਹੈ। ਮ੍ਰਿਤਕ ਨੌਜਵਾਨ ਦੇ ਪਿਤਾ ਸੁਰਜੀਤ ਸਿੰਘ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਨ੍ਹਾਂ ਦਾ 28 ਸਾਲਾ ਨੌਜਵਾਨ ਪੁੱਤਰ ਜੋ ਕਿ ਅਣਵਿਆਹਿਆ ਸੀ, ਉਸਨੂੰ ਮੰਗਲਵਾਰ ਦੀ ਰਾਤ ਕਰੀਬ 10 ਵਜੇ ਇਸੇ ਪਿੰਡ ਦਾ ਹੀ ਉਸਦਾ ਦੋਸਤ ਘਰੋਂ ਬੁਲਾ ਕਿ ਲੈ ਗਿਆ ਤੇ ਦੋ ਘੰਟੇ ਬਾਦ ਉਸੇ ਦੋਸਤ ਨੇ ਘਰੇ ਦੱਸਿਆ ਕਿ ਗੁਰਬਖਸ ਸਿੰਘ ਦੀ ਮੌਤ ਹੋ ਗਈ ਹੈ ਤੇ ਉਸਦੀ ਲਾਸ਼ ਖੇਤਾ ਵਿਚ ਪਈ ਹੈ। ਇਹ ਸੁਣਦੇ ਹੀ ਜਦੋ ਉਹ ਪਰਿਵਾਰਿਕ ਮੈਂਬਰਾਂ ਨਾਲ ਖੇਤਾਂ ਵਿਚ ਪੁੱਜਾ ਤਾ ਉੱਥੇ ਉਨ੍ਹਾਂ ਦੇ ਨੌਜਵਾਨ ਪੁੱਤਰ ਦੀ ਲਾਸ਼ ਪਈ ਸੀ। ਹਾਲਾਂਕਿ ਅਸਲ ਵਜ੍ਹਾ ਕੀ ਹੈ ਇਹ ਤਾਂ ਪੁਲਿਸ ਦੀ ਜਾਂਚ ਤੋਂ ਬਾਅਦ ਵਿਚ ਪਤਾ ਚੱਲੇਗਾ ਕਿ ਇਹ ਮੌਤ ਕੁਦਰਤੀ ਜਾਂ ਫਿਰ ਕੋਈ ਨਸ਼ੇ ਦੀ ਜ਼ਿਆਦਾ ਡੋਜ ਨਾਲ ਹੋਈ ਹੈ।

ਫਿਲਹਾਲ ਲਾਸ਼ ਪੋਸਟਮਾਰਟਮ ਲਈ ਸਮਰਾਲਾ ਦੇ ਸਿਵਲ ਹਸਪਤਾਲ ਵਿਚ ਰੱਖ ਦਿੱਤੀ ਗਈ ਹੈ। ਪਿੰਡ ਦੇ 28 ਸਾਲਾ ਨੌਜਵਾਨ ਦੀ ਅਚਨਚੇਤ ਹੋਈ ਮੌਤ ਨਾਲ ਪਿੰਡ ਵਿੱਚ ਸੋਗ ਦੀ ਲਹਿਰ ਹੈ।

# ਚੰਡੀਗੜ੍ਹ ਸਕਿੱਲ ਡਿਵੈਲਪਮੈਂਟ ਮਿਸ਼ਨ ਨੇ ਪੀਐੱਮਕੇਵੀਵਾਈ 4.0 ਦੇ ਤਹਿਤ ਕੇਅਰਗਿਵਰ ਟ੍ਰੇਨਿੰਗ ਪ੍ਰੋਗਰਾਮ ਲਾਂਚ ਕੀਤਾ

**ਚੰਡੀਗੜ੍ਹ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਪ੍ਰਸ਼ਾਸਨ ਦੇ ਤਕਨੀਕੀ ਸਿੱਖਿਆ ਵਿਭਾਗ ਦੇ ਤਹਿਤ ਕਾਰਜਰਤ ਚੰਡੀਗੜ੍ਹ ਸਕਿੱਲ ਡਿਵੈਲਪਮੈਂਟ ਮਿਸ਼ਨ (ਸੀਐੱਸਡੀਐੱਮ) ਨੇ ਸਿਹਤ ਸੇਵਾਵਾਂ ਦੇ ਸਹਿਯੋਗੀ ਈਕੋਸਿਸਟਮ ਨੂੰ ਮਜ਼ਬੂਤ ? ?ਬਣਾਉਣ ਅਤੇ ਨੌਜਵਾਨਾਂ ਲਈ ਰੋਜ਼ਗਾਰ ਦੇ ਅਵਸਰ ਸਿਰਜਣ ਦੇ ਉਦੇਸ਼ ਨਾਲ ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ (ਪੀਐੱਮਕੇਵੀਵਾਈ) 4.0 ਦੇ ਤਹਿਤ ਕੇਅਰਗਿਵਰ ਟ੍ਰੇਨਿੰਗ ਪ੍ਰੋਗਰਾਮ ਸ਼ੁਰੂ ਕੀਤਾ ਹੈ।

ਇਸ ਪਹਿਲ ਦੇ ਤਹਿਤ ਚੰਡੀਗੜ੍ਹ ਸਕਿੱਲ ਡਿਵੈਲਪਮੈਂਟ ਮਿਸ਼ਨ (ਸੀਐੱਸਡੀਐੱਮ) ਨੇ ਚੰਡੀਗੜ੍ਹ ਦੇ ਪਾਤਰ ਹੈਲਥਕੇਅਰ ਅਤੇ ਐਜੂਕੇਸ਼ਨਲ ਸੰਸਥਾਵਾਂ ਤੋਂ ਟ੍ਰੇਨਿੰਗ ਪ੍ਰੋਗਰਾਮ ਸੰਚਾਲਿਤ ਕਰਨ ਲਈ ਅਰਜ਼ੀਆਂ ਮੰਗੀਆਂ ਹਨ। ਅਰਜ਼ੀਆਂ ਜਮ੍ਹਾਂ ਕਰਨ ਦੀ ਅੰਤਿਮ ਮਿਤੀ 26 ਜੁਲਾਈ ਨਿਰਧਾਰਿਤ ਕੀਤੀ ਗਈ ਹੈ।

ਚੰਡੀਗੜ੍ਹ ਵਿੱਚ ਵੈਧ ਪ੍ਰਵਾਨਗੀ/ਲਾਇਸੈਂਸ ਪ੍ਰਾਪਤ ਰਜਿਸਟਰਡ ਹਸਪਤਾਲ, ਮੈਡੀਕਲ ਕਾਲਜ, ਨਰਸਿੰਗ ਕਾਲਜ, ਅਲਾਇਡ ਹੈਲਥ ਸੰਸਥਾਵਾਂ ਅਤੇ ਕੰਪਨੀਆਂ ਜਾਂ ਸਰਕਾਰੀ ਸੰਸਥਾਵਾਂ ਅਰਜ਼ੀ ਦੇਣ ਦੀਆਂ ਪਾਤਰ ਹਨ। ਚੁਣੇ ਗਏ ਸੰਸਥਾਨ ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ (ਪੀਐੱਮਕੇਵੀਵਾਈ) 4.0 ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਲਾਸਰੂਮ ਅਧਾਰਿਤ ਟ੍ਰੇਨਿੰਗ ਦੇ ਨਾਲ-ਨਾਲ ਪ੍ਰੈਕਟੀਕਲ ਔਨ-ਦ-ਜੌਬ ਟ੍ਰੇਨਿੰਗ (ਓਜੇਟੀ) ਪ੍ਰਦਾਨ ਕਰਨਗੇ, ਜਿਸ ਨਾਲ ਗੁਣਵੱਤਾਪੂਰਨ ਅਤੇ ਉਦਯੋਗ ਦੀਆਂ ਜ਼ਰੂਰਤਾਂ ਦੇ ਅਨੁਰੂਪ ਕੌਸ਼ਲ ਵਿਕਾਸ ਸੁਨਿਸ਼ਚਿਤ ਕੀਤਾ ਜਾ ਸਕੇ।

ਇਸ ਪ੍ਰੋਗਰਾਮ ਦਾ ਉਦੇਸ਼ ਅਜਿਹੇ ਪੇਸ਼ੇਵਰ ਤੌਰ 'ਤੇ ਟ੍ਰੇਨਿੰਗ ਪ੍ਰਾਪਤ ਕੇਅਰਗਿਵਰਸ ਦਾ ਸਮੂਹ ਤਿਆਰ ਕਰਨਾ ਹੈ ਜੋ ਸੀਨੀਅਰ ਸਿਟੀਜ਼ਨਸ, ਦਿੱਵਯਾਂਗਜਨ ਅਤੇ ਦੀਰਘਕਾਲੀ ਸਿਹਤ ਦੇਖਭਾਲ਼ ਦੀ ਜ਼ਰੂਰਤ ਵਾਲੇ ਵਿਅਕਤੀਆਂ ਨੂੰ ਗੁਣਵੱਤਾਪੂਰਨ ਦੇਖਭਾਲ਼ ਅਤੇ ਸਹਿਯੋਗ ਪ੍ਰਦਾਨ ਕਰ ਸਕਣ। ਘਰੇਲੂ ਅਤੇ ਸੰਸਥਾਗਤ ਸਿਹਤ ਸੰਭਾਲ਼ ਸੇਵਾਵਾਂ ਦੀ ਵਧਦੀ ਮੰਗ ਨੂੰ ਦੇਖਦੇ ਹੋਏ ਇਹ ਪਹਿਲ ਟ੍ਰੇਨਿੰਗ ਪ੍ਰਾਪਤ ਕੇਅਰਗਿਵਰਸ ਦੀ ਵਧਦੀ ਜ਼ਰੂਰਤ ਨੂੰ ਪੂਰਾ ਕਰਨ ਦੇ ਨਾਲ-ਨਾਲ ਸੀਨੀਅਰ ਸਿਟੀਜ਼ਨਸ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਬਿਹਤਰ ਸਹਿਯੋਗ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਵੇਗੀ।

ਇਹ ਟ੍ਰੇਨਿੰਗ ਪ੍ਰਤੀਭਾਗੀਆਂ ਨੂੰ ਪੇਸ਼ੇਵਰ ਕੇਅਰਗਿਵਿੰਗ ਸਕਿੱਲਸ ਪ੍ਰਦਾਨ ਕਰੇਗੀ, ਜਿਸ ਨਾਲ ਹਸਪਤਾਲਾਂ, ਨਰਸਿੰਗ ਹੋਮਸ, ਪੁਨਰਵਾਸ ਕੇਂਦਰਾਂ, ਹੋਮ ਹੈਲਥਕੇਅਰ ਸੇਵਾਵਾਂ ਅਤੇ ਭਾਰਤ ਤੇ ਵਿਦੇਸ਼ਾਂ ਵਿੱਚ ਤੇਜ਼ੀ ਨਾਲ ਵਿਕਸਿਤ ਹੋ ਰਹੇ ਹੈਲਥਕੇਅਰ ਸੈਕਟਰ ਵਿੱਚ ਉਨ੍ਹਾਂ ਦੇ ਰੋਜ਼ਗਾਰ ਦੇ ਅਵਸਰ ਵਧਣਗੇ।

# ਨਾਭਾ ਦੇ ਪਿੰਡਾਂ 'ਚ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ 'ਤੇ ਆਧਾਰਿਤ ਦਸਤਾਵੇਜ਼ੀ ਦਾ ਪ੍ਰਦਰਸ਼ਨ ਜਾਰੀ

**ਨਾਭਾ , 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਲਾਈ ਜਾ ਰਹੀ ਵਿਸ਼ੇਸ਼ ਡਾਕੂਮੈਂਟਰੀ ਮੁਹਿੰਮ ਤਹਿਤ ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਐਲ.ਈ.ਡੀ. ਸਕਰੀਨਾਂ ਰਾਹੀਂ 30 ਮਿੰਟ ਦੀ ਦਸਤਾਵੇਜ਼ੀ ਦਿਖਾਈ ਗਈ। ਨਾਭਾ ਬਲਾਕ ਦੇ ਪਿੰਡ ਸਾਧੋਹੇੜੀ ਅਤੇ ਲੱਧਾਹੇੜੀ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਇਸ ਦਾ ਲਾਹਾ ਲਿਆ।

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਤਿਆਰ ਕੀਤੀ ਗਈ ਇਹ ਦਸਤਾਵੇਜ਼ੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ, ਫਲਸਫ਼ੇ ਅਤੇ ਸਮਾਨਤਾ, ਸਮਾਜਿਕ ਨਿਆਂ, ਪ੍ਰਭੂ ਭਗਤੀ ਅਤੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਮਹੱਤਵਪੂਰਨ ਉਪਰਾਲਾ ਹੈ। ਇਸ ਮੁਹਿੰਮ ਤਹਿਤ ਜ਼ਿਲ੍ਹੇ ਦੇ ਹਰੇਕ ਪਿੰਡ ਵਿੱਚ ਇਹ ਦਸਤਾਵੇਜ਼ੀ ਦਿਖਾਈ ਜਾ ਰਹੀ ਹੈ ਤਾਂ ਜੋ ਖ਼ਾਸ ਕਰਕੇ ਨੌਜਵਾਨ ਪੀੜ੍ਹੀ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਤੋਂ ਜਾਣੂ ਹੋ ਸਕੇ।

ਦਸਤਾਵੇਜ਼ੀ ਦੇਖਣ ਉਪਰੰਤ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੂੰ ਸੱਚੀ ਸ਼ਰਧਾਂਜਲੀ ਹੈ। ਪਿੰਡ ਵਾਸੀਆਂ ਨੇ ਕਿਹਾ ਕਿ ਗੁਰੂ ਸਾਹਿਬ ਦਾ ਸਮਾਨਤਾ, ਭਾਈਚਾਰੇ ਅਤੇ ਭੇਦਭਾਵ ਰਹਿਤ ਸਮਾਜ ਦਾ ਸੰਦੇਸ਼ ਅੱਜ ਵੀ ਉਤਨਾ ਹੀ ਪ੍ਰਸੰਗਿਕ ਹੈ ਅਤੇ ਅਜਿਹੀਆਂ ਪਹਿਲਕਦਮੀਆਂ ਨਵੀਂ ਪੀੜ੍ਹੀ ਨੂੰ ਉਨ੍ਹਾਂ ਦੇ ਆਦਰਸ਼ਾਂ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਣਗੀਆਂ। ਇਸ ਮੌਕੇ ਪਿੰਡਾਂ ਦੇ ਪੰਚਾਇਤੀ ਨੁਮਾਇੰਦੇ, ਸਮਾਜ ਸੇਵੀ, ਧਾਰਮਿਕ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਧਾਨ ਸਭਾ ਵਿੱਚ 40 ਤੋਂ ਵੱਧ ਫ਼ਲਦਾਰ ਬੂਟੇ ਲਗਾਏ

**ਚੰਡੀਗੜ੍ਹ, 26 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਤਾਵਰਣ ਸਥਿਰਤਾ ਅਤੇ ਹਰਿਆਵਲ ਵੱਲ ਅਹਿਮ ਕਦਮ ਚੁੱਕਦਿਆਂ, ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਅੱਜ ਪੰਜਾਬ ਵਿਧਾਨ ਸਭਾ ਕੰਪਲੈਕਸ ਵਿਖੇ ਫ਼ਲਦਾਰ ਬੂਟੇ ਲਗਾਏ।

ਇਸ ਮੌਕੇ ਬੋਲਦਿਆਂ ਸਪੀਕਰ ਸੰਧਵਾਂ ਨੇ ਦੱਸਿਆ ਕਿ ਪੰਜਾਬ ਵਿਧਾਨ ਸਭਾ ਵਿੱਚ ਹੁਣ ਤੱਕ 40 ਤੋਂ ਵੱਧ ਬੂਟੇ ਲਗਾਏ ਜਾ ਚੁੱਕੇ ਹਨ। ਉਨ੍ਹਾਂ ਅੱਗੇ ਕਿਹਾ ਕਿ ਇਹ ਪੰਜਾਬ ਨੂੰ ਹਰਿਆ ਭਰਿਆ ਬਣਾਉਣਾ ਇੱਕ ਅਹਿਮ ਉਪਰਾਲਾ ਹੈ ਅਤੇ ਪੌਦੇ ਲਗਾਉਣ ਦੀ ਇਹ ਮੁਹਿੰਮ ਭਵਿੱਖ ਵਿੱਚ ਵੀ ਜਾਰੀ ਰਹੇਗੀ।

ਸਪੀਕਰ ਸੰਧਵਾਂ ਨੇ ਕਿਹਾ,ਜੇਕਰ ਅਸੀਂ ਕੁਦਰਤ ਨਾਲ ਪਿਆਰ ਕਰਾਂਗੇ, ਤਾਂ ਕੁਦਰਤ ਵੀ ਸਾਨੂੰ ਉਹੀ ਪਿਆਰ ਵਾਪਸ ਕਰੇਗੀ। ਉਨ੍ਹਾਂ ਨੇ ਮੌਜੂਦਾ ਸਮੇਂ ਨਿਯਮਿਤ ਪੌਦੇ ਲਗਾਉਣ ਦੀ ਅਹਿਮ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ 'ਗ੍ਰੀਨ ਪੰਜਾਬ' ਬਣਾਉਣ ਲਈ ਹੁਣ ਸਭ ਨੂੰ ਮਿਲ ਕੇ ਕੰਮ ਕਰਨ ਦਾ ਸਮਾਂ ਆ ਗਿਆ ਹੈ।



ਸਪੀਕਰ ਨੇ ਅੱਗੇ ਕਿਹਾ ਕਿ ਸਥਾਈ ਵਾਤਾਵਰਣ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਮੁੱਖ ਲੋੜ ਹੈ। ਅੱਜ ਵੱਧ ਤੋਂ ਵੱਧ ਰੁੱਖ ਲਗਾ ਕੇ, ਅਸੀਂ ਆਉਣ ਵਾਲੀਆਂ ਪੀੜ੍ਹੀਆਂ ਅਤੇ ਸਦੀਆਂ ਨੂੰ ਇੱਕ ਸਿਹਤਮੰਦ ਵਾਤਾਵਰਣ ਪ੍ਰਣਾਲੀ ਹੇਠ ਸੁਰੱਖਿਅਤ ਰੱਖ ਸਕਦੇ ਹਾਂ।

ਉਨ੍ਹਾਂ ਵੱਲੋਂ ਪੰਜਾਬ ਦੇ ਲੋਕਾਂ ਨੂੰ ਗੁਰਬਾਣੀ ਦੀਆਂ ਮੁੱਖ ਸਿੱਖਿਆਵਾਂ ਅਤੇ ਸਿੱਖ ਗੁਰੂਆਂ ਦੁਆਰਾ ਦਰਸਾਏ ਇਤਿਹਾਸਕ ਮਾਰਗ ਤੋਂ ਗੂੜ੍ਹੀ ਅਧਿਆਤਮਿਕ ਸੇਧ ਲੈ ਕੇ ਵਿਆਪਕ ਵਾਤਾਵਰਣ ਲਹਿਰ ਸ਼ੁਰੂ ਕਰਨ ਦੀ ਪੁਰਜ਼ੋਰ ਅਪੀਲ ਕੀਤੀ ਗਈ। ਉਨ੍ਹਾਂ ਅੱਗੇ ਕਿਹਾ ਕਿ ਸੱਚੀ ਬ੍ਰਹਮਤਾ ਕੁਦਰਤ ਵਿੱਚ ਵੱਸਦੀ ਹੈ। ਹਰ ਮਨੁੱਖ, ਜਾਨਵਰ, ਪੌਦਾ ਅਤੇ ਰੁੱਖ ਸਰਵ ਸ਼ਕਤੀਮਾਨ ਦਾ ਜੀਵੰਤ ਪ੍ਰਗਟਾਵਾ ਹੈ।

ਸੂਬੇ ਵਿੱਚ ਘਟਦੇ ਜਾ ਰਹੇ ਵਾਤਾਵਰਣ ਸੰਤੁਲਨ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਸਪੀਕਰ ਨੇ ਦੱਸਿਆ ਕਿ ਪੰਜਾਬ ਦਾ ਜੰਗਲਾਤ ਖੇਤਰ ਘਟ ਕੇ 3 ਫ਼ੀਸਦ ਤੋਂ ਵੀ ਘੱਟ ਰਹਿ ਗਿਆ ਹੈ, ਜਿਸ ਲਈ ਤੁਰੰਤ ਸਮੂਹਿਕ ਯਤਨਾਂ ਦੀ ਲੋੜ ਹੈ। ਉਨ੍ਹਾਂ ਅੱਗੇ ਕਿਹਾ ਕਿ ਹਰਿਆਲੀ ਅਤੇ ਬਨਸਪਤੀ ਦੀ ਘਾਟ ਸਮਾਜਿਕ ਬੁਰਾਈਆਂ ਦੇ ਵਾਧੇ ਨਾਲ ਜੁੜੀ ਹੋਈ ਹੈ, ਜੋ ਸ਼ਾਂਤੀ ਅਤੇ ਖੁਸ਼ਹਾਲੀ ਨੂੰ ਢਾਹ ਲਾਉਂਦੀ ਹੈ। ਕੁਦਰਤ ਦੀ ਕਦਰ ਅਤੇ ਸੰਭਾਲ ਸਮੁੱਚੇ ਭਾਈਚਾਰੇ ਲਈ ਬ੍ਰਹਮ ਦਇਆ, ਖੁਸ਼ਹਾਲੀ ਅਤੇ ਅਸੀਸਾਂ ਨੂੰ ਯਕੀਨੀ ਬਣਾਉਂਦੀ ਹੈ।

ਸ. ਸੰਧਵਾਂ ਨੇ ਦੱਸਿਆ ਕਿ ਸਾਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਤੋਂ ਸੇਧ ਲੈਣ ਦੀ ਲੋੜ ਹੈ, ਜਿਨ੍ਹਾਂ ਨੇ ਆਪ ਬਾਗ਼ ਲਗਾਏ ਅਤੇ ਵਾਤਾਵਰਣ ਸੰਭਾਲ ਦਾ ਸੰਦੇਸ਼ ਦਿੱਤਾ। ਜੇਕਰ ਅਸੀਂ ਪੰਜਾਬ ਨੂੰ ਮੁੜ ਰੰਗਲਾ ਅਤੇ ਜੀਵੰਤ ਬਣਾਉਣਾ ਚਾਹੁੰਦੇ ਹਾਂ, ਤਾਂ ਸਾਨੂੰ ਸਭ ਤੋਂ ਪਹਿਲਾਂ ਸੂਬੇ ਨੂੰ ਹਰਿਆ-ਭਰਿਆ ਪੰਜਾਬ ਬਣਾਉਣਾ ਪਵੇਗਾ।

ਉਨ੍ਹਾਂ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ, ਜਿੱਥੇ ਵੀ ਅਤੇ ਜਦੋਂ ਵੀ ਮੌਕਾ ਮਿਲੇ, ਆਓ ਸਾਰੇ ਇੱਕਜੁੱਟ ਹੋ ਕੇ ਰੁੱਖ ਲਗਾਈਏ। ਉਨ੍ਹਾਂ ਅੱਗੇ ਅਪੀਲ ਕੀਤੀ ਕਿ ਸਾਰੇ ਨਾਗਰਿਕ ਕੁਦਰਤ ਨਾਲ ਜੁੜੀਆਂ ਆਪਣੀਆਂ ਰਵਾਇਤੀ ਕਦਰਾਂ-ਕੀਮਤਾਂ ਦਾ ਸਤਿਕਾਰ ਕਰਨ। ਉਨ੍ਹਾਂ ਕਿਹਾ ਕਿ ਪੰਜਾਬੀ ਟਿਕਾਊ ਵਾਤਾਵਰਣ ਨੂੰ ਯਕੀਨੀ ਬਣਾ ਸਕਦੇ ਹਨ ਜਿੱਥੇ ਕੁਦਰਤ ਵਧੇ-ਫੁੱਲੇਗੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਰੁੱਖ ਅਧੀਨ ਰਕਬੇ ਨੂੰ ਵਧਾ ਕੇ ਖੁਸ਼ਹਾਲ ਹੋਣਗੀਆਂ।

# ਝਾੜ ਸਾਹਿਬ ਕਾਲਜ ਦਾ ਐੱਮ.ਏ (ਪੰਜਾਬੀ) ਸਮੈਸਟਰ ਦੂਜਾ ਦਾ ਨਤੀਜਾ ਸ਼ਾਨਦਾਰ ਰਿਹਾ

**ਮਾਛੀਵਾੜਾ ਸਾਹਿਬ, 26 ਜੁਲਾਈ**
**-ਸਤੀਸ਼ ਕੁਮਾਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੀ ਇਲਕੇ ਦੀ ਨਾਮਵਾਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ (ਲੁਧਿ.) ਦਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਐਲਾਨਿਆ ਐੱਮ.ਏ (ਪੰਜਾਬੀ) ਸਮੈਸਟਰ ਦੂਜਾ ਦਾ ਨਤੀਜਾ ਸ਼ਾਨਦਾਰ ਰਿਹਾ। ਐੱਮ.ਏ (ਪੰਜਾਬੀ) ਸਮੈਸਟਰ ਦੂਜਾ ਦੀ ਵਿਦਿਆਰਥਣ ਸੰਗੀਤਾ ਰਾਣੀ ਸਪੁੱਤਰੀ ਰਮੇਸ਼ ਚੰਦ ਨੇ 70.5% ਅੰਕ ਹਾਸਿਲ ਕਰਕੇ ਕਾਲਜ ਵਿੱਚੋ ਪਹਿਲਾ ਸਥਾਨ, ਜੋਤੀ ਰਾਣੀ ਸਪੁੱਤਰੀ ਦਲਵੀਰ ਸਿੰਘ ਨੇ 68.25% ਅੰਕ ਹਾਸਿਲ ਕਰਕੇ ਕਲਾਜ ਵਿੱਚੋ ਦੂਜਾ ਸਥਾਨ ਅਤੇ ਹਸ਼ਨਪ੍ਰੀਤ ਕੌਰ ਸਪੁੱਤਰੀ ਬਲਜਿੰਦਰ ਸਿੰਘ ਨੇ 67.25% ਅੰਕ ਹਾਸਿਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਕਾਲਜ ਪ੍ਰਿੰਸੀਪਲ ਡਾ.ਰਜਿੰਦਰ ਕੌਰ ਨੇ ਵਿਦਿਆਰਥਣਾਂ ਅਤੇ ਆਰਟਸ ਵਿਭਾਗ ਦੇ ਸਟਾਫ ਮੈਂਬਰਾ ਨੂੰ ਵਧਾਈ ਦਿੱਤੀ ਅਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਸੰਸਥਾ ਵਿਦਿਆਰਥਣਾਂ ਦੇ ਸਰਵਪੱਖੀ ਵਿਕਾਸ ਦੀ ਪੂਰਤੀ ਲਈ ਸਦਾ ਯਤਨਸ਼ੀਲ ਰਹਿੰਦੀ ਹੈ, ਇਸ ਲਈ ਸਮੇਂ-ਸਮੇਂ ਤੇ ਵਿਦਿਆਰਥਣਾਂ ਲਈ ਸ਼ਖਸ਼ੀਅਤ ਉਸਾਰੂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਕਾਲਜ ਵਿਖੇ ਲੜਕੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਅਰਨ ਬਾਇ ਲਰਨ ਪਾਲਿਸੀ ਤਹਿਤ ਵੱਖ-ਵੱਖ ਕਿੱਤਿਆਂ ਨਾਲ ਜੋੜਿਆ ਜਾਂਦਾ ਹੈ,ਤਾਂ ਜੋ ਉਨ੍ਹਾਂ ਨੂੰ ਆਰਥਿਕ ਤੌਰ ਤੇ ਮਜਬੂਤ ਕੀਤਾ ਜਾ ਸਕੇ।

ਸਾਨੂੰ ਉਮੀਦ ਹੈ ਕਿ ਭਵਿੱਖ ਵਿੱਚ ਵੀ ਸਾਡੀਆਂ ਵਿਦਿਆਰਥਣਾਂ ਇਸੇ ਤਰਾਂ ਦ੍ਰਿੜ ਮਿਹਨਤ ਅਤੇ ਲਗਨ ਸਦਕਾ ਵਧੀਆ ਨਤੀਜਾ ਪ੍ਰਾਪਤ ਕਰਕੇ ਅਧਿਆਪਕਾਂ ਅਤੇ ਮਾਪਿਆਂ ਦਾ ਨਾਂ ਰੌਸ਼ਨ ਕਰਨਗੀਆਂ। ਕਾਲਜ ਵਿਖੇ 10+1,10+2 (ਮੈਡੀਕਲ, ਨਾਨ-ਮੈਡੀਕਲ, ਕਾਮਰਸ, ਆਰਟਸ), ਅਐੱਮ.ਏ.ਪੰਜਾਬੀ,.ਐਸ.ਸੀ (ਆਈ.ਟੀ) ਕੋਰਸ ਸਫਲਤਾ ਪੂਰਵਕ ਚੱਲ ਰਹੇ ਹਨ। ਇਸ ਵਰ੍ਹੇ ਤੋਂ ਕਾਲਜ ਵਿਖੇ ਨੈਨੀ, ਕੇਅਰ ਗਿਵਰ, ਏ.ਆਈ ਅਤੇ ਡਾਟਾ ਸਾਇੰਸ, ਸਰਟੀਫਿਕੇਟ ਇੰਨ ਬੇਸਿਕ ਕੰਪਿਊਟਰ ਐਜੂਕੇਸ਼ਨ, ਅਕਾਊਂਟਿੰਗ ਅਤੇ ਟੈਕਸੇਸ਼ਨ ਵਰਗੇ ਡਿਪਲੋਮਾਂ ਕੋਰਸ ਵੀ ਸ਼ੁਰੂ ਕੀਤੇ ਗਏ ਹਨ। ਕਾਲਜ ਦੀ ਲੋਕਲ ਮੈਨੇਜਮੈਂਟ ਕਮੇਟੀ ਵੱਲੋਂ ਵਿਦਿਆਰਥਣਾਂ ਦੀ ਇਸ ਪ੍ਰਾਪਤੀ ਦੀ ਸ਼ਲਾਘਾ ਕੀਤੀ ਗਈ।

# ਹਿਮਾਚਲ ’ਚ 250 ਕਰੋੜ ਦਾ ਵਜ਼ੀਫ਼ਾ ਘੁਟਾਲਾ : ਸੁਪਰੀਮ ਕੋਰਟ ਨੇ ਬਦਲਿਆ ਹਾਈ ਕੋਰਟ ਦਾ ਆਦੇਸ਼

ਕੌਮੀ ਪਤ੍ਰਿਕਾ

ਸ਼ਿਮਲਾ 26 ਜੁਲਾਈ। ਹਿਮਾਚਲ ਪ੍ਰਦੇਸ਼ ਵਿੱਚ ਕਥਿਤ 250 ਕਰੋੜ ਦੇ ਪੋਸਟ-ਮੈਟ੍ਰਿਕ ਸਕਾਲਰਸ਼ਿਪ ਘੁਟਾਲੇ ਦੇ ਸਬੰਧ ਵਿੱਚ ਹਿਮਾਲੀਅਨ ਗਰੁੱਪ ਆਫ਼ ਪ੍ਰੋਫੈਸ਼ਨਲ ਇੰਸਟੀਚਿਊਸ਼ਨਜ਼ ਦੇ ਚੇਅਰਮੈਨ ਰਜਨੀਸ਼ ਬਾਂਸਲ ਦੀ ਗ੍ਰਿਫ਼ਤਾਰੀ ਨੇੜੇ ਜਾਪਦੀ ਹੈ। ਸੁਪਰੀਮ ਕੋਰਟ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਅਪੀਲ ਨੂੰ ਸਵੀਕਾਰ ਕਰ ਲਿਆ ਅਤੇ ਹਿਮਾਚਲ ਪ੍ਰਦੇਸ਼ ਹਾਈ ਕੋਰਟ ਦੁਆਰਾ ਉਸਨੂੰ ਦਿੱਤੀ ਗਈ ਅਗਾਊਂ ਜ਼ਮਾਨਤ ਨੂੰ ਰੱਦ ਕਰ ਦਿੱਤਾ। ਅਦਾਲਤ ਨੇ ਦੇਖਿਆ ਕਿ ਮਾਮਲੇ ਦੀ ਪ੍ਰਕਿਰਤੀ ਅਤੇ ਫੰਡਾਂ ਦੇ ਪ੍ਰਵਾਹ (ਮਨੀ ਟਰੇਲ) ਦੀ ਜਾਂਚ ਕਰਨ ਦੀ ਜ਼ਰੂਰਤ ਨੂੰ ਦੇਖਦੇ ਹੋਏ, ਦੋਸ਼ੀ ਦੀ ਹਿਰਾਸਤ ਵਿੱਚ ਪੁੱਛਗਿੱਛ ਜ਼ਰੂਰੀ ਹੈ। ਜਸਟਿਸ ਐਮਐਮ ਸੁੰਦਰੇਸ਼ ਅਤੇ ਜਸਟਿਸ ਪ੍ਰਸੰਨਾ ਬੀ. ਵਰਾਲੇ ਦੀ ਬੈਂਚ ਨੇ ਕਿਹਾ ਕਿ ਜਾਂਚ ਏਜੰਸੀਆਂ ਨੂੰ ਅਜਿਹੇ ਗੰਭੀਰ ਆਰਥਿਕ ਅਪਰਾਧਾਂ ਵਿੱਚ ਪ੍ਰਭਾਵਸ਼ਾਲੀ ਜਾਂਚ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਇਹ ਹੁਕਮ ਜਾਂਚ ਦੀ ਜ਼ਰੂਰਤ ’ਤੇ ਅਧਾਰਤ ਹੈ ਅਤੇ ਇਸਨੂੰ ਦੋਸ਼ਾਂ ਦੇ ਗੁਣਾਂ ’ਤੇ ਕਿਸੇ ਵੀ ਅੰਤਿਮ ਰਾਏ ਦੇ ਪ੍ਰਗਟਾਵੇ ਵਜੋਂ ਨਹੀਂ ਸਮਝਿਆ ਜਾਣਾ ਚਾਹੀਦਾ। ਈਡੀ ਨੇ ਅਦਾਲਤ ਨੂੰ ਦੱਸਿਆ ਕਿ ਇਹ ਮਾਮਲਾ ਅਨੁਸੂਚਿਤ ਜਾਤੀਆਂ (ਐਸਸੀ), ਅਨੁਸੂਚਿਤ ਜਨਜਾਤੀਆਂ (ਐਸਟੀ) ਅਤੇ ਹੋਰ ਪੱਛੜੇ ਵਰਗਾਂ (ਓਬੀਸੀ) ਦੇ ਵਿਦਿਆਰਥੀਆਂ ਲਈ ਰੱਖੇ



ਗਏ ਪੋਸਟ-ਮੈਟ੍ਰਿਕ ਸਕਾਲਰਸ਼ਿਪ ਫੰਡਾਂ ਦੀ ਕਥਿਤ ਦੁਰਵਰਤੋਂ ਨਾਲ ਸਬੰਧਤ ਹੈ। ਏਜੰਸੀ ਨੇ ਦਲੀਲ ਦਿੱਤੀ ਕਿ ਮੁਲਜ਼ਮਾਂ ਦੀ ਹਿਰਾਸਤ ਵਿੱਚ ਪੁੱਛਗਿੱਛ ਕੀਤੇ ਬਿਨਾਂ ਪੈਸੇ ਦੇ ਟ?ਰੇਲ ਅਤੇ ਕਥਿਤ ਮਨੀ ਲਾਂਡਰਿੰਗ ਦੀ ਪੂਰੀ ਲੜੀ ਦਾ ਪਤਾ ਲਗਾਉਣਾ ਅਸੰਭਵ ਹੈ। ਈਡੀ ਨੇ ਦਲੀਲ ਦਿੱਤੀ ਕਿ ਅਗਾਊਂ ਜ਼ਮਾਨਤ ਦੇਣ ਨਾਲ ਜਾਂਚ ਵਿੱਚ ਰੁਕਾਵਟ ਆ ਰਹੀ ਹੈ। ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਕੇਂਦਰ ਅਤੇ ਰਾਜ ਸਰਕਾਰਾਂ ਦੀ ਇੱਕ ਸਾਂਝੀ ਪਹਿਲ ਹੈ, ਜੋ ਐਸਸੀ, ਐਸਟੀ ਅਤੇ ਓਬੀਸੀ ਸ਼੍ਰੇਣੀਆਂ ਦੇ ਯੋਗ ਵਿਦਿਆਰਥੀਆਂ ਦੀ ਸਿੱਖਿਆ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ। 2018 ਵਿੱਚ ਸਿੱਖਿਆ ਵਿਭਾਗ ਦੁਆਰਾ ਕੀਤੀ ਗਈ ਇੱਕ ਜਾਂਚ ਦੌਰਾਨ ਸਕਾਲਰਸ਼ਿਪ ਵੰਡ ਵਿੱਚ ਵੱਡੇ ਪੱਧਰ ’ਤੇ ਬੇਨਿਯਮੀਆਂ ਦੇ ਸੰਕੇਤ ਸਾਹਮਣੇ ਆਏ। ਇਹ ਦੋਸ਼ ਹੈ ਕਿ 2012-13 ਅਤੇ 2017-18 ਦੇ ਵਿਚਕਾਰ ਰਾਜ ਦੇ ਕਈ ਨਿੱਜੀ ਵਿਦਿਅਕ ਅਦਾਰਿਆਂ ਨੇ ਧੋਖਾਧੜੀ ਵਾਲੇ ਦਾਖਲਿਆਂ, ਜਾਅਲੀ ਦਸਤਾਵੇਜ਼ਾਂ ਅਤੇ ਹੋਰ ਅਨਿਯਮਿਤ ਤਰੀਕਿਆਂ ਨਾਲ ਸਕਾਲਰਸ਼ਿਪ ਫੰਡ ਪ੍ਰਾਪਤ ਕੀਤੇ, ਜਿਸ ਨਾਲ ਸਰਕਾਰੀ ਖਜ਼ਾਨੇ ਨੂੰ ਲਗਪਗ ?250 ਕਰੋੜ ਦਾ ਨੁਕਸਾਨ ਹੋਇਆ। ਜਾਂਚ ਵਿੱਚ 22 ਤੋਂ ਵੱਧ ਨਿੱਜੀ ਅਦਾਰਿਆਂ ਦੀ ਸ਼ਮੂਲੀਅਤ ਦਾ ਵੀ ਖੁਲਾਸਾ ਹੋਇਆ। ਹਾਈ ਕੋਰਟ ਨੇ ਸੀਬੀਆਈ ਜਾਂਚ ਦੇ ਹੁਕਮ ਦਿੱਤੇ ਸਨ। 2019 ਵਿੱਚ ਰਾਜ ਹਾਈ ਕੋਰਟ ਨੇ ਜਾਂਚ ਸੀਬੀਆਈ ਨੂੰ ਸੌਂਪਣ ਦੇ ਨਿਰਦੇਸ਼ ਦਿੱਤੇ। ਜਾਂਚ ਤੋਂ ਬਾਅਦ ਸੀਬੀਆਈ ਨੇ ਕਈ ਨਿੱਜੀ ਵਿਦਿਅਕ ਅਦਾਰਿਆਂ ਦੇ ਸੰਚਾਲਕਾਂ ਅਤੇ ਅਧਿਕਾਰੀਆਂ ਦੇ ਨਾਲ-ਨਾਲ ਹੋਰ ਦੋਸ਼ੀ ਵਿਅਕਤੀਆਂ ਵਿਰੁੱਧ ਭ੍ਰਿਸ਼ਟਾਚਾਰ, ਧੋਖਾਧੜੀ ਅਤੇ ਅਪਰਾਧਿਕ ਸਾਜ਼ਿਸ਼ ਸਮੇਤ ਵੱਖ-ਵੱਖ ਦੋਸ਼ਾਂ ਤਹਿਤ ਕੇਸ ਦਰਜ ਕੀਤੇ। ਸੀਬੀਆਈ ਜਾਂਚ ਦੌਰਾਨ ਸਾਹਮਣੇ ਆਏ ਤੱਥਾਂ ਦੇ ਆਧਾਰ ’ਤੇ ਈਡੀ ਨੇ ਮਨੀ ਲਾਂਡਰਿੰਗ ਰੋਕਥਾਮ ਐਕਟ ਦੇ ਤਹਿਤ ਇੱਕ ਵੱਖਰਾ ਕੇਸ ਦਰਜ ਕੀਤਾ ਅਤੇ ਮਨੀ ਲਾਂਡਰਿੰਗ ਦੀ ਜਾਂਚ ਸ਼ੁਰੂ ਕੀਤੀ। ਇਸ ਮਾਮਲੇ ਦੇ ਸਬੰਧ ਵਿੱਚ ਈਡੀ ਨੇ ਰਜਨੀਸ਼ ਬਾਂਸਲ ਨੂੰ ਦਿੱਤੀ ਗਈ ਅਗਾਊਂ ਜ਼ਮਾਨਤ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ।

# ਪੰਜਾਬ ਕਾਂਗਰਸ ’ਚ ’ਆਲ ਇਜ਼ ਵੈੱਲ’ ! ਰਾਜਾ ਵੜਿੰਗ ਤੇ ਚਰਨਜੀਤ ਚੰਨੀ ਇਕੱਠੇ ਬੈਠੇ

ਚੰਡੀਗੜ੍ਹ/ਨਵੀਂ ਦਿੱਲੀ 26 ਜੁਲਾਈ। ਪੰਜਾਬ ਕਾਂਗਰਸ ’ਚ ਪਿਛਲੇ ਕੁੱਝ ਸਮੇਂ ਤੋਂ ਚੱਲ ਰਹੀਆਂ ਅੰਦਰੂਨੀ ਖਿੱਚੋਤਾਣ ਦੀਆਂ ਚਰਚਾਵਾਂ ਵਿਚਕਾਰ ਬੁੱਧਵਾਰ ਨੂੰ ਨਵੀਂ ਦਿੱਲੀ ਦੇ ਇੰਦਰਾ ਭਵਨ ’ਚ ਹੋਈ ਅਹਿਮ ਬੈਠਕ ਨੇ ਏਕਤਾ ਦਾ ਮਜ਼ਬੂਤ ਸੰਦੇਸ਼ ਦਿੱਤਾ। ਬੈਠਕ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਇਕੱਠੇ ਬੈਠੇ ਨਜ਼ਰ ਆਏ, ਜਿਸ ਨੂੰ ਪਾਰਟੀ ਅੰਦਰ ਸਾਰੇ ਮਤਭੇਦ ਪਿੱਛੇ ਛੱਡਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ। ਖ਼ਾਸ ਗੱਲ ਇਹ ਰਹੀ ਕਿ ਜਿਨ੍ਹਾਂ ਚੰਨੀ ਸਮਰਥਕ ਆਗੂਆਂ ਵੱਲੋਂ ਪਹਿਲਾਂ ਇਹ ਸੰਕੇਤ ਦਿੱਤੇ ਜਾ ਰਹੇ ਸਨ ਕਿ ਉਹ ਰਾਜਾ ਵੜਿੰਗ ਦੀ ਮੌਜੂਦਗੀ ਵਾਲੀ ਮੀਟਿੰਗ ਦਾ ਹਿੱਸਾ ਨਹੀਂ ਬਣਨਗੇ, ਉਹ ਵੀ ਇਸ ਬੈਠਕ ’ਚ ਪੂਰੀ ਤਰ੍ਹਾਂ ਸ਼ਾਮਲ ਹੋਏ। ਇਸ ਨਾਲ ਇਹ ਸਪੱਸ਼ਟ ਸੰਦੇਸ਼ ਗਿਆ ਕਿ ਹਾਈਕਮਾਨ ਦੀ ਅਗਵਾਈ ਹੇਠ ਪੰਜਾਬ ਕਾਂਗਰਸ ਹੁਣ ਸੰਗਠਨ ਨੂੰ ਇੱਕਜੁੱਟ ਕਰਕੇ ਅੱਗੇ ਵੱਧਣ ਦੀ ਰਣਨੀਤੀ ’ਤੇ ਕੰਮ ਕਰ ਰਹੀ ਹੈ। ਮੀਟਿੰਗ ’ਚ ਸੰਗਠਨ ਦੀ ਮਜ਼ਬੂਤੀ, ਆਉਣ ਵਾਲੀਆਂ ਰਾਜਨੀਤਿਕ ਚੁਣੌਤੀਆਂ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਤਿਆਰੀਆਂ ਨੂੰ ਲੈ ਕੇ ਵਿਚਾਰ-ਵਟਾਂਦਰਾ ਕੀਤਾ



ਗਿਆ। ਪਾਰਟੀ ਹਾਈਕਮਾਨ ਨੇ ਵੀ ਸਪੱਸ਼ਟ ਸੰਦੇਸ਼ ਦਿੱਤਾ ਕਿ ਨਿੱਜੀ ਮਤਭੇਦਾਂ ਤੋਂ ਉੱਪਰ ਉੱਠ ਕੇ ਸਾਰੇ ਆਗੂਆਂ ਨੂੰ ਇਕਜੁੱਟ ਹੋ ਕੇ ਕੰਮ ਕਰਨਾ ਹੋਵੇਗਾ। ਰਾਜਾ ਵੜਿੰਗ ਅਤੇ ਚਰਨਜੀਤ ਸਿੰਘ ਚੰਨੀ ਦਾ ਇੱਕੋ ਕਤਾਰ ਵਿੱਚ ਬੈਠਣਾ ਸਿਰਫ਼ ਇੱਕ ਤਸਵੀਰ ਨਹੀਂ, ਸਗੋਂ ਪੰਜਾਬ ਕਾਂਗਰਸ ਲਈ ਇੱਕ ਸਿਆਸੀ ਸੰਕੇਤ ਵੀ ਮੰਨਿਆ ਜਾ ਰਿਹਾ ਹੈ। ਰਾਜਨੀਤਿਕ ਹਲਕਿਆਂ ’ਚ ਇਸ ਨੂੰ ’ਆਲ ਇਜ਼ ਵੈਲ’ ਦੇ ਸੁਨੇਹੇ ਵਜੋਂ ਦੇਖਿਆ ਜਾ ਰਿਹਾ ਹੈ, ਜਿਸ ਨਾਲ ਪਾਰਟੀ ਵਰਕਰਾਂ ਵਿੱਚ ਵੀ ਨਵਾਂ ਉਤਸ਼ਾਹ ਪੈਦਾ ਹੋਣ ਦੀ ਉਮੀਦ ਹੈ। ਪੰਜਾਬ ਕਾਂਗਰਸ ਲਈ ਇਹ ਬੈਠਕ ਇਸ ਗੱਲ ਦਾ ਸੰਕੇਤ ਹੈ ਕਿ ਪਾਰਟੀ ਹੁਣ ਅੰਦਰੂਨੀ ਖਿੱਚੋਤਾਣ ਤੋਂ ਬਾਹਰ ਨਿਕਲ ਕੇ ਵਿਰੋਧੀ ਧਿਰ ਦੀ ਭੂਮਿਕਾ ਹੋਰ ਮਜ਼ਬੂਤੀ ਨਾਲ ਨਿਭਾਉਣ ਅਤੇ ਆਉਣ ਵਾਲੀਆਂ ਚੋਣਾਂ ਲਈ ਸਾਂਝੀ ਰਣਨੀਤੀ ਨਾਲ ਮੈਦਾਨ ਵਿੱਚ ਉਤਰਣ ਦੀ ਤਿਆਰੀ ਕਰ ਰਹੀ ਹੈ।

# ਪੀਐਸਪੀਸੀਐਲ ਮੁਲਾਜ਼ਮਾਂ ਦੀਆਂ ਮੰਗਾਂ ਦਾ ਭਾਜਪਾ ਪੂਰਾ ਸਮਰਥਨ ਕਰਦੀ ਹੈ : ਢਿੱਲੋਂ

ਚੰਡੀਗੜ੍ਹ 26 ਜੁਲਾਈ। ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟੇਡ (ਪੀਐਸਪੀਸੀਐਲ) ਦੇ ਮੁਲਾਜ਼ਮਾਂ ਵੱਲੋਂ ਚਲਾਈ ਜਾ ਰਹੀ ਹੜਤਾਲ ਅਤੇ ਉਨ੍ਹਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਪ੍ਰਤੀ ਗੰਭੀਰ ਚਿੰਤਾ ਜਤਾਉਂਦਿਆਂ ਕਿਹਾ ਕਿ ਭਾਜਪਾ ਮੁਲਾਜ਼ਮਾਂ ਦੀਆਂ ਮੰਗਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ। ਢਿੱਲੋਂ ਨੇ ਕਿਹਾ ਕਿ ਪੀ. ਐੱਸ. ਪੀ. ਸੀ. ਐੱਲ. ਦੇ ਮੁਲਾਜ਼ਮ ਕਾਫ਼ੀ ਸਮੇਂ ਤੋਂ ਤਨਖ਼ਾਹ ਸਬੰਧੀ ਵਿਸੰਗਤੀਆਂ ਦੂਰ ਕਰਨ, ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਜਾਰੀ ਕਰਨ, ਤਰੱਕੀਆਂ, ਖਾਲੀ ਅਸਾਮੀਆਂ ’ਤੇ ਨਿਯਮਤ ਭਰਤੀ, ਆਊਟਸੋਰਸ ਮੁਲਾਜ਼ਮਾਂ ਨੂੰ ਰੈਗੂਲਰ ਕਰਨ, ਭੱਤਿਆਂ ਦੀ ਬਹਾਲੀ ਅਤੇ ਹੋਰ ਸੇਵਾ ਸਬੰਧੀ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ ਪਰ ਪੰਜਾਬ ਸਰਕਾਰ ਉਨ੍ਹਾਂ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ। ਉਨ੍ਹਾਂ ਕਿਹਾ ਕਿ ਬਿਜਲੀ ਮੁਲਾਜ਼ਮ ਪੰਜਾਬ ਦੀ ਜੀਵਨ ਰੇਖਾ ਹਨ। ਕੜਾਕੇ ਦੀ



ਗਰਮੀ, ਮੀਂਹ ਅਤੇ ਹੋਰ ਐਮਰਜੈਂਸੀ ਹਾਲਾਤਾਂ ਵਿੱਚ ਵੀ ਇਹ ਮੁਲਾਜ਼ਮ ਆਪਣੀ ਜਾਨ ਜੋਖ਼ਮ ਵਿੱਚ ਪਾ ਕੇ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਉਂਦੇ ਹਨ। ਅਜਿਹੇ ਸਮਰਪਿਤ ਮੁਲਾਜ਼ਮਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਸਰਕਾਰ ਦੀ ਨੈਤਿਕ ਅਤੇ ਪ੍ਰਸ਼ਾਸਕੀ ਜ਼ਿੰਮੇਵਾਰੀ ਹੈ। ਸਰਦਾਰ ਕੇਵਲ ਸਿੰਘ ਢਿੱਲੋਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਉਹ ਮੁਲਾਜ਼ਮ ਜਥੇਬੰਦੀਆਂ ਨਾਲ ਤੁਰੰਤ ਗੱਲਬਾਤ ਕਰਕੇ ਉਨ੍ਹਾਂ ਦੀਆਂ ਲੰਬਿਤ ਮੰਗਾਂ ਦਾ ਸਮਾਂਬੱਧ ਹੱਲ ਕੱਢਣ। ਸਰਕਾਰ ਨੂੰ ਟਕਰਾਅ ਦੀ ਬਜਾਏ ਗੱਲਬਾਤ ਅਤੇ ਸਹਿਮਤੀ ਦਾ ਰਾਹ ਅਪਣਾਉਣਾ ਚਾਹੀਦਾ ਹੈ। ਉਨ੍ਹਾਂ ਨਾਲ ਹੀ ਹੜਤਾਲ ਕਰ ਰਹੇ ਮੁਲਾਜ਼ਮਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਮ ਲੋਕਾਂ, ਕਿਸਾਨਾਂ, ਉਦਯੋਗਾਂ ਅਤੇ ਹਸਪਤਾਲਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਰੂਰੀ ਬਿਜਲੀ ਸੇਵਾਵਾਂ ਨੂੰ ਸੰਭਵ ਹੱਦ ਤੱਕ ਪ੍ਰਭਾਵਿਤ ਨਾ ਹੋਣ ਦੇਣ। ਢਿੱਲੋਂ ਨੇ ਕਿਹਾ ਕਿ ਭਾਜਪਾ ਹਮੇਸ਼ਾ ਮੁਲਾਜ਼ਮਾਂ, ਮਜ਼ਦੂਰਾਂ ਅਤੇ ਆਮ ਲੋਕਾਂ ਦੇ ਹੱਕਾਂ ਦੀ ਪੱਖਦਾਰ ਰਹੀ ਹੈ। ਭਾਜਪਾ ਦਾ ਮੰਨਣਾ ਹੈ ਕਿ ਮੁਲਾਜ਼ਮਾਂ ਨੂੰ ਇਨਸਾਫ਼ ਮਿਲਣਾ ਅਤੇ ਲੋਕਾਂ ਨੂੰ ਨਿਰਵਿਘਨ ਸੇਵਾਵਾਂ ਮਿਲਣੀਆਂ—ਦੋਵੇਂ ਇੱਕੋ ਜਿਹੇ ਮਹੱਤਵਪੂਰਨ ਹਨ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਸਵੀਕਾਰ ਕਰਕੇ ਉਨ੍ਹਾਂ ਦਾ ਜਲਦੀ ਹੱਲ ਕਰੇ ਤਾਂ ਜੋ ਉਦਯੋਗਿਕ ਸ਼ਾਂਤੀ ਅਤੇ ਲੋਕ ਹਿੱਤ ਦੋਵੇਂ ਬਰਕਰਾਰ ਰਹਿਣ।

# ਪੰਜਾਬ ’ਚ ਸ.ਫ਼ਾਈ ਵਿਵਸਥਾ ਬਹਾਲ ਰੱਖਣ ਲਈ ਹਾਈਕੋਰਟ ਦੀ ਸ.ਖ਼ਤੀ: ਸਕੱਤਰ ਸਥਾਨਕ ਸਰਕਾਰਾਂ ਵੱਲੋਂ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਜਾਰੀ

ਕੌਮੀ ਪਤ੍ਰਿਕਾ

ਨੰਗਲ 26 ਜੁਲਾਈ। ਸੂਬੇ ਦੀ ਸਥਾਨਕ ਸਰਕਾਰਾਂ ਮਹਿਕਮੇ ਵੱਲੋਂ ਮਾਨਯੋਗ ਹਾਈਕੋਰਟ ਦੇ ਵਿੱਚ ਦਾਇਰ ਰਿਟ ਸੀਡਬਲਯੂਪੀ ਨੰਬਰ 21325 ਆਫ 2026 - ਪ੍ਰਦੀਪ ਕੁਮਾਰ ਬਨਾਮ ਪੰਜਾਬ ਰਾਜ ਬਿਨਾਂ ਕਿਸੇ ਰੁਕਾਵਟ ਦੇ ਸਫ਼ਾਈ ਸੇਵਾਵਾਂ ਨੂੰ ਯਕੀਨੀ ਬਣਾਉਣਾ ਸਬੰਧੀ ਸਥਾਨਕ ਸਰਕਾਰਾਂ ਦੇ ਸਕੱਤਰ ਵੱਲੋਂ ਸਮੂਹ ਪੰਜਾਬ ਦੇ ?ਸਮੂਹ ਡਿਪਟੀ ਕਮਿਸ਼ਨਰ, ਸਮੂਹ ਕਮਿਸ਼ਨਰ, ਮਿਉਂਸਪਲ ਕਾਰਪੋਰੇਸ਼ਨਾਂ, ਸਮੂਹ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ), ਪੰਜਾਬ ਅਤੇ ਸਮੂਹ ਕਾਰਜਕਾਰੀ ਅ.ਫ਼ਸਰ, ਸ਼ਹਿਰੀ ਸਥਾਨਕ ਸੰਸਥਾਵਾਂ, ਪੰਜਾਬ ਨੂੰ ਇਕ ਪੱਤਰ ਨੰਬਰ ਨੰਬਰ: SLG-26/57235 ਮਿਤੀ: 20.7.2026 ਲਿਖ ਕੇ ਕਿਹਾ ਹੈ ਕਿ ਉਪਰੋਕਤ ਕੇਸ ਦੀ ਸੁਣਵਾਈ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਮਿਤੀ 15.07.2026 ਨੂੰ ਸੂਚੀਬੱਧ ਕੀਤੀ ਗਈ ਸੀ। ਇਸ ਮਾਮਲੇ ਵਿੱਚ ਮੁੱਖ ਤੌਰ ਬਿਨਾਂ ਕਿਸੇ ਰੁਕਾਵਟ ਦੇ ਸਫ਼ਾਈ ਸੇਵਾਵਾਂ ਨੂੰ ਬਹਾਲ ਰੱਖਣ ਅਤੇ ਉਨ੍ਹਾਂ ਦੀ ਸੰਭਾਲ ਕਰਨ ਨਾਲ ਸਬੰਧਤ ਹੈ, ਜਿਸ ਵਿੱਚ ਰਿਹਾਇਸ਼ੀ ਅਤੇ ਵਪਾਰਕ ਖੇਤਰਾਂ ਤੋਂ ਮਿਉਂਸਪਲ ਠੋਸ ਕੂੜੇ ਨੂੰ ਨਿਯਮਤ





ਤੌਰ ’ਤੇ ਇਕੱਠਾ ਕਰਨਾ, ਚੁੱਕਣਾ, ਢੋਆ-ਢੁਆਈ ਕਰਨਾ ਅਤੇ ਕਾਨੂੰਨੀ ਤੌਰ ’ਤੇ ਨਿਪਟਾਰਾ ਕਰਨਾ ਸ਼ਾਮਲ ਹੈ। ਮਾਨਯੋਗ ਹਾਈ ਕੋਰਟ ਨੇ ਇਸ ਮਾਮਲੇ ਦਾ ਗੰਭੀਰ ਨੋਟ ਲਿਆ ਹੈ ਅਤੇ ਨਿਰਦੇਸ਼ ਦਿੱਤੇ ਹਨ ਕਿ ਸਫ਼ਾਈ ਸੇਵਾਵਾਂ ਪ੍ਰਦਾਨ ਕਰਨ ਵਿੱਚ ਕੋਈ ਰੁਕਾਵਟ ਨਹੀਂ ਆਉਣੀ ਚਾਹੀਦੀ। ਸਕੱਤਰ ਨੇ ਲਿਖਿਆ ਹੈ ਕਿ ਸਰਕਾਰ ਨੇ ਇਸ ਮੁੱਦੇ ਨੂੰ ਪਹਿਲਾਂ ਹੀ ਆਪਣੇ ਹੱਥ ਵਿੱਚ ਲੈ ਲਿਆ ਸੀ ਅਤੇ ਇਸਨੂੰ ਮੁੱਖ ਸਕੱਤਰ, ਪੰਜਾਬ ਦੇ ਪੱਧਰ ਤੱਕ ਪਹੁੰਚਾਇਆ ਸੀ, ਜਿਨ੍ਹਾਂ ਨੇ 13 ਜੁਲਾਈ 2026 ਨੂੰ ਮੁੱਦੇ ਨੂੰ ਹੱਲ ਕਰਨ ਲਈ ਇੱਕ ਮੀਟਿੰਗ ਬੁਲਾਈ ਸੀ ਜਿਸ ਵਿੱਚ ਪੰਜਾਬ ਰਾਜ ਦੇ ਸਾਰੇ ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਕਪਤਾਨਾਂ ਨੂੰ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ ਗਏ ਸਨ ਕਿ ਸਫ਼ਾਈ ਦੇ ਕੰਮਾਂ ਵਿੱਚ ਕੋਈ ਰੁਕਾਵਟ ਨਾ ਆਵੇ ਅਤੇ ਜਿਲਾ ਪੁਲਿਸ ਮੁਖੀਆਂ ਨੂੰ ਇਹ ਕੰਮ ਲਈ ਤਾਇਨਾਤ ਕਿਸੇ ਵੀ ਬਦਲਵੇਂ ਸਟਾਫ਼ ਨੂੰ ਸੁਰੱਖਿਆ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਉਹਨਾਂ ਲਿਖਿਆ ਹੈ ਕਿ ਇਸ ਨੂੰ ਮੁੱਖ ਰੱਖਦਿਆਂ, ਸਮੂਹ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਨਿਰਦੇਸ਼ ਦਿੱਤੇ ਜਾਂਦੇ ਹਨ ਕਿ ਉਹ ਇਹ ਯਕੀਨੀ ਬਣਾਉਣ ਲਈ ਢੁਕਵੇਂ ਐਮਰਜੈਂਸੀ ਉਪਯੋਗ ਕਰਨ ਕਿ ਕਿਸੇ ਵੀ ਹਾਲਤ ਵਿੱਚ, ਮਿਉਂਸਪਲ ਠੋਸ ਕੂੜੇ ਨੂੰ ਇਕੱਠਾ ਕਰਨ, ਚੁੱਕਣ, ਢੋਆ-ਢੁਆਈ ਕਰਨ ਅਤੇ ਨਿਪਟਾਰੇ ਵਿੱਚ ਕੋਈ ਰੁਕਾਵਟ ਨਾ ਆਵੇ। ਇਸ ਤੋਂ ਇਲਾਵਾ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਤੁਰੰਤ ਪੰਜਾਬ ਮਿਉਂਸਪਲ ਐਕਟ, 1911 ਦੀ ਧਾਰਾ 233 ਅਤੇ 234 ਨੂੰ ਲਾਗੂ ਕਰਨ ਅਤੇ ਇਹ ਯਕੀਨੀ ਬਣਾਉਣ ਕਿ ਪੰਜਾਬ ਰਾਜ ਦੀਆਂ ਸਾਰੀਆਂ ਮਿਉਂਸਪਲ ਕੌਂਸਲਾਂ ਅਤੇ ਨਗਰ ਪੰਚਾਇਤਾਂ ਕੋਲ ਇਹ ਯਕੀਨੀ ਬਣਾਉਣ ਲਈ ਬਦਲਵੇਂ ਐਮਰਜੈਂਸੀ ਉਪਾਅ ਹੋਣ ਕਿ ਮਿਉਂਸਪਲ ਕੂੜੇ ਦਾ ਕੰਮ ਪ੍ਰਭਾਵਿਤ ਨਾ ਹੋਵੇ। ਇਸ ਸਬੰਧੀ ਸਰਕਾਰ ਵੱਲੋਂ 21 ਜੁਲਾਈ ਨੂੰ ਸਰਕਾਰ ਨੂੰ ਰਿਪੋਰਟ ਭੇਜਣ ਦੇ ਹੁਕਮ ਵੀ ਜਾਰੀ ਕੀਤੇ ਗਏ ਹਨ।

# ਦਸ ਹਜ਼ਾਰ ਕਰੋੜ ਦਾ ਨਵਾਂ ਕਰਜ਼ਾ ਲੈ ਕੇ ਪੰਜਾਬ ਨੂੰ ਆਰਥਿਕ ਬਰਬਾਦੀ ਵੱਲ ਧੱਕ ਰਹੀ ਹੈ ਮਾਨ ਸਰਕਾਰ: ਸੁਖਜਿੰਦਰ ਰੰਧਾਵਾ

ਕੌਮੀ ਪਤ੍ਰਿਕਾ

ਚੰਡੀਗੜ੍ਹ 26 ਜੁਲਾਈ। ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ’ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਜਿਸ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਿਡ ਨੂੰ ਸਰਕਾਰ ਲਗਾਤਾਰ ਮੁਨਾਫ਼ੇ ਵਿੱਚ ਚੱਲਣ ਵਾਲੀ ਕੰਪਨੀ ਦੱਸਦੀ ਰਹੀ, ਉਸੇ ਕੰਪਨੀ ਨੂੰ ਹੁਣ ?10,000 ਕਰੋੜ ਦਾ ਨਵਾਂ ਕਰਜ਼ਾ ਲੈਣ ਦੀ ਨੌਬਤ ਆ ਗਈ ਹੈ। ਬਿਜਲੀ ਸਬਸਿਡੀ ਦੇ ਭੁਗਤਾਨ ਵਿੱਚ ਲਗਾਤਾਰ ਹੋ ਰਹੀ ਦੇਰੀ, ਵਧਦੇ ਬਕਾਏ, ਮਹਿੰਗੇ ਰੇਟਾਂ ’ਤੇ ਬਿਜਲੀ ਦੀ ਖਰੀਦ ਅਤੇ ਹੁਣ ਨਵਾਂ ਕਰਜ਼ਾ ਇਸ ਗੱਲ ਦਾ ਸਬੂਤ ਹੈ ਕਿ ਪੰਜਾਬ ਦਾ ਬਿਜਲੀ ਤੰਤਰ ਗੰਭੀਰ ਵਿੱਤੀ ਸੰਕਟ ਵਿੱਚੋਂ ਲੰਘ ਰਿਹਾ ਹੈ। ਇਸ ਨਾਲ ਸਾਫ਼ ਹੋ ਜਾਂਦਾ ਹੈ ਕਿ ਸਰਕਾਰ ਦੇ ਦਾਅਵਿਆਂ ਅਤੇ ਜ਼ਮੀਨੀ ਹਕੀਕਤ ਵਿੱਚ ਵੱਡਾ ਫ਼ਰਕ ਹੈ। ਰੰਧਾਵਾ ਨੇ ਕਿਹਾ ਕਿ ਸਭ ਤੋਂ ਗੰਭੀਰ ਗੱਲ ਇਹ ਹੈ ਕਿ ਪਹਿਲੀ ਵਾਰ ਪੰਜਾਬ ਸਰਕਾਰ ਨੇ ਕਥਿਤ ਤੌਰ ’ਤੇ ਆਪਣੀ ਹੀ ਬਿਜਲੀ ਕੰਪਨੀ ਦੇ ਕਰਜ਼ੇ ਦੀ ਗਾਰੰਟੀ ਦੇਣ ਤੋਂ ਵੀ ਇਨਕਾਰ ਕਰ ਦਿੱਤਾ। ਜੇਕਰ ਸਰਕਾਰ ਨੂੰ ਆਪਣੀ ਹੀ ਕੰਪਨੀ ਦੀ ਵਿੱਤੀ ਹਾਲਤ ’ਤੇ ਭਰੋਸਾ ਨਹੀਂ ਹੈ ਤਾਂ ਫਿਰ ਲੋਕਾਂ ਨੂੰ ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ ਸਭ ਕੁਝ ਠੀਕ ਚੱਲ ਰਿਹਾ ਹੈ? ਸਰਕਾਰ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਆਖ਼?ਰ ਅਜਿਹਾ ਕਿਹੜਾ ਵਿੱਤੀ ਸੰਕਟ ਪੈਦਾ ਹੋ ਗਿਆ ਕਿ ਉਸ ਨੂੰ ਆਪਣੀ ਹੀ ਕੰਪਨੀ ਤੋਂ ਦੂਰੀ ਬਣਾਉਣੀ ਪਈ ਅਤੇ ?10,000 ਕਰੋੜ ਦਾ ਕਰਜ਼ਾ ਲੈਣਾ ਪਿਆ। ਸੂਬੇ ਵਿੱਚ ਪੈਦਾ ਹੋਈ ਇਸ ਵਿੱਤੀ ਐਮਰਜੈਂਸੀ ਲਈ ਜ਼ਿੰਮੇਵਾਰ ਕੌਣ ਹੈ ਅਤੇ ਇਸ ਕਰਜ਼ੇ ਦਾ ਵਿਆਜ ਆਖ਼?ਰ ਕੌਣ ਭਰੇਗਾ? ਰੰਧਾਵਾ ਨੇ ਦੋਸ਼ ਲਗਾਇਆ ਕਿ ਮੁੱਖ ਮੰਤਰੀ ਅਤੇ ਉਨ੍ਹਾਂ ਦੀ ਸਰਕਾਰ ਲੋਕਾਂ ਦੇ



ਸਵਾਲਾਂ ਦੇ ਜਵਾਬ ਦੇਣ। ਸਰਕਾਰ ਦੱਸੇ ਕਿ ਪੰਜਾਬ ’ਤੇ ਹੁਣ ਤੱਕ ਕਿੰਨਾ ਨਵਾਂ ਕਰਜ਼ਾ ਚੜ੍ਹ ਚੁੱਕਾ ਹੈ, ਸਰਕਾਰੀ ਕੰਪਨੀਆਂ ਦੀ ਅਸਲ ਵਿੱਤੀ ਸਥਿਤੀ ਕੀ ਹੈ ਅਤੇ ਲੋਕਾਂ ਦੇ ਪੈਸੇ ਦੀ ਵਰਤੋਂ ਕਿਹੜੇ-ਕਿਹੜੇ ਮੱਦਾਂ ਵਿੱਚ ਕੀਤੀ ਜਾ ਰਹੀ ਹੈ। ਸਰਕਾਰ ਨੂੰ ਹਰ ਇੱਕ ਰੁਪਏ ਦਾ ਹਿਸਾਬ ਦੇਣਾ ਹੋਵੇਗਾ ਅਤੇ ਇਹ ਵੀ ਦੱਸਣਾ ਹੋਵੇਗਾ ਕਿ ਆਰਥਿਕ ਮਜ਼ਬੂਤੀ ਦੇ ਵਾਅਦੇ ਕਰਨ ਵਾਲੀ ਸਰਕਾਰ ਆਖ਼?ਰ ਪੰਜਾਬ ਨੂੰ ਕਿਸ ਦਿਸ਼ਾ ਵੱਲ ਲੈ ਕੇ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਅਤੇ ਪੰਜਾਬ ਦੇ ਹਾਲਾਤ ਇਹ ਹਨ ਕਿ ਹਰ ਵਰਗ ਸੜਕਾਂ ’ਤੇ ਹੈ। ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ, ਨੌਜਵਾਨ ਰੁਜ਼ਗਾਰ ਅਤੇ ਭਰਤੀ ਘੁਟਾਲਿਆਂ ਖ਼?ਲਾਫ਼ ਪ੍ਰਦਰਸ਼ਨ ਕਰ ਰਹੇ ਹਨ, ਮੁਲਾਜ਼ਮ ਆਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੇ ਹਨ, ਆਮ ਲੋਕ ਬਿਜਲੀ, ਪਾਣੀ ਅਤੇ ਮਹਿੰਗਾਈ ਤੋਂ ਪ੍ਰੇਸ਼ਾਨ ਹੋ ਕੇ ਆਵਾਜ਼ ਉਠਾ ਰਹੇ ਹਨ ਅਤੇ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੂੰ ਵੀ ©55“ ਅਤੇ ਵਿਦਿਆਰਥੀਆਂ ਦੇ ਭਵਿੱਖ ਲਈ ਸੜਕਾਂ ’ਤੇ ਉਤਰਨਾ ਪੈ ਰਿਹਾ ਹੈ। ਇਹ ਕਿਸੇ ਕਾਮਯਾਬ ਸਰਕਾਰ ਦੀ ਨਹੀਂ, ਸਗੋਂ ਪੂਰੀ ਤਰ੍ਹਾਂ ਨਾਕਾਮ ਸ਼ਾਸਨ ਪ੍ਰਣਾਲੀ ਦੀ ਤਸਵੀਰ ਹੈ। ਪਹਾੜੀ ਖੇਤਰਾਂ ਵਿੱਚ ਪੈ ਰਹੀ ਲਗਾਤਾਰ ਭਾਰੀ ਵਰਖਾ ਕਾਰਨ ਰਣਜੀਤ ਸਾਗਰ ਡੈਮ ਅਤੇ ਰਾਵੀ ਦਰਿਆ ਦੇ ਪਾਣੀ ਦੇ ਪੱਧਰ ਵਿੱਚ ਵਾਧਾ ਦਰਜ ਕੀਤਾ ਜਾ ਰਿਹਾ ਹੈ।

# ਸਰਕਾਰੀ ਸਕੂਲਾਂ ’ਚ ਲੱਗੇ ਪ੍ਰੀ-ਪੇਡ ਸਮਾਰਟ ਮੀਟਰਾਂ ਦਾ ਰੀਚਾਰਜ ਮੁੱਕਿਆ, ਗਰਮੀ ਨਾਲ ਤਪੇ ਬੱਚੇ

ਸਮਾਣਾ 26 ਜੁਲਾਈ। ਸਮਾਣਾ ਹਲਕੇ ਦੇ ਮਲਕਾਣਾ ਪਤੀ, ਆਨੰਦ ਨਗਰ, ਪਿੰਡ ਅਸ਼ਰਪੁਰ ਦੇ ਸਕੂਲਾਂ ਤੇ ਸਥਾਨਕ ਸਿੱਖਿਆ ਅਧਿਕਾਰੀ ਦੇ ਦਫਤਰ ’ਚ ਲੱਗੇ ਪ੍ਰੀ-ਪੇਡ ਸਮਾਰਟ ਬਿਜਲੀ ਮੀਟਰ ਦਾ ਰੀਚਾਰਜ ਖ਼ਤਮ ਹੋਣ ਕਾਰਨ ਸੋਮਵਾਰ ਤੋਂ ਬਿਜਲੀ ਸਪਲਾਈ ਪੂਰੀ ਤਰ੍ਹਾਂ ਬੰਦ ਹੈ। ਬਿਜਲੀ ਨਾ ਹੋਣ ਕਾਰਨ ਸਕੂਲ ’ਚ ਪੜ੍ਹਨ ਵਾਲੇ 3 ਤੋਂ 12 ਸਾਲ ਤੱਕ ਦੇ ਸੈਂਕੜੇ ਬੱਚੇ ਭਿਆਨਕ ਗਰਮੀ ਅਤੇ ਹੁੰਮਸ ’ਚ ਪੜ੍ਹਾਈ ਕਰਨ ਲਈ ਮਜਬੂਰ ਹਨ। ਸਕੂਲ ’ਚ ਪੱਖੇ ਬੰਦ ਹੋਣ ਕਾਰਨ ਬੱਚੇ ਆਪਣੀਆਂ ਕਿਤਾਬਾਂ ਅਤੇ ਕਾਪੀਆਂ ਨਾਲ ਹਵਾ ਝੱਲ ਕੇ ਗਰਮੀ ਤੋਂ ਰਾਹਤ ਪਾਉਣ ਦੀ ਕੋਸ਼ਿਸ਼ ਕਰਦੇ ਰਹੇ। ਬਿਜਲੀ ਨਾ ਹੋਣ ਕਰ ਕੇ ਵਾਟਰ ਕੂਲਰ ਵੀ ਬੰਦ ਪਏ, ਜਿਸ ਕਾਰਨ ਵਿਦਿਆਰਥੀਆਂ ਨੂੰ ਪੀਣ ਲਈ ਠੰਢਾ ਪਾਣੀ ਨਹੀਂ ਮਿਲਿਆ। ਉੱਥੇ ਹੀ ਸਮਾਰਟ ਕਲਾਸਾਂ ਅਤੇ ਟੀ. ਵੀ. ਆਧਾਰਿਤ ਵਿੱਦਿਅਕ ਗਤੀਵਿਧੀਆਂ ਵੀ ਪੂਰੀ ਤਰ੍ਹਾਂ ਠੱਪ ਹੋ ਗਈਆਂ ਹਨ। ਮਿਡ-ਡੇ-ਮੀਲ ਬਣਾਉਣ ਵਾਲੀਆਂ ਔਰਤਾਂ ਨੂੰ ਵੀ ਬਿਜਲੀ ਨਾ ਹੋਣ ਕਾਰਨ ਖਾਣਾ ਤਿਆਰ ਕਰਨ ’ਚ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਗੌਰਮਿੰਟ ਟੀਚਰਜ਼ ਯੂਨੀਅਨ ਦੇ ਜ਼ਿਲਾ ਪ੍ਰਧਾਨ ਜਸਵਿੰਦਰ ਸਿੰਘ ਨੇ ਸਰਕਾਰ ਦੀ ਸਿੱਖਿਆ ਕ੍ਰਾਂਤੀ ਦੀ ਆਲੋਚਨਾ ਕਰਦਿਆਂ ਕਿਹਾ ਕਿ ਸਰਕਾਰ, ਸਰਕਾਰੀ ਸਕੂਲਾਂ ’ਚ ਬੱਚਿਆਂ ਨੂੰ ਪੜ੍ਹਾਉਣ ਲਈ ਉਤਸਾਹਿਤ ਕਰਨ ਅਤੇ ਉਨ੍ਹਾਂ ਨੂੰ ਬਾਹਰਲੇ ਦੇਸ਼ਾਂ ਵਾਂਗ ਸਿੱਖਿਆ ਪ੍ਰਦਾਨ ਕਰਨ ਦੀ ਗੱਲ ਕਰਦੀ ਹੈ ਪਰ ਸਕੂਲਾਂ ’ਚ ਬਿਜਲੀ ਮੁਹੱਈਆ ਕਰਾਉਣ ’ਚ ਅਸਫਲ ਹੋ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਸਕੂਲਾਂ ’ਚੋਂ ਪ੍ਰੀਪੇਡ ਸਮਾਰਟ ਮੀਟਰ ਹਟਾ ਕੇ ਨਿਰਵਿਘਨ ਬਿਜਲੀ ਸਪਲਾਈ ਦਾ ਪ੍ਰਬੰਧ ਕੀਤਾ ਜਾਵੇ। ਇਸ ਸਬੰਧੀ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਗੁਰਪ੍ਰੀਤ ਸਿੰਘ ਨਾਲ ਜਦੋਂ ਗੱਲ ਕੀਤੀ ਤਾਂ ਉਨ੍ਹਾਂ ਉਕਤ ਸਕੂਲਾਂ ਦੇ ਬਿਜਲੀ ਕੁਨੈਕਸ਼ਨ ਕੱਟੇ ਹੋਣ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਬਿਜਲੀ ਦਫਤਰ ’ਚੋਂ ਮੰਗਲਵਾਰ ਨੂੰ ਐਵਰੇਜ਼ ਦਾ ਐਡਵਾਂਸ ਬਿੱਲ ਬਣਾ ਕੇ ਖਜ਼ਾਨੇ ’ਚ ਦਿੱਤੇ ਹਨ ਤਾਂ ਕਿ ਕੱਟੇ ਹੋਏ ਸਕੂਲਾਂ ਦੇ ਬਿਜਲੀ ਕੁਨੈਕਸ਼ਨ ਰਿਚਾਰਜ ਹੋ ਸਕਣ। ਇਸ ਸਬੰਧੀ ਬਿਜਲੀ ਵਿਭਾਗ ਦੇ ਐਕਸੀਅਨ ਕੰਵਰਦੀਪ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਮੀਟਰ ਦਾ ਰੀਚਾਰਜ ਕਰਵਾਉਂਦੇ ਹੀ ਸਕੂਲਾਂ ਦੀ ਬਿਜਲੀ ਸਪਲਾਈ ਤੁਰੰਤ ਬਹਾਲ ਕਰ ਦਿੱਤੀ ਜਾਵੇਗੀ ਪਰ ਜਿਹੜੇ ਦਫਤਰਾਂ ’ਚ ਜਦੋਂ ਪ੍ਰੀਪੇਡ ਸਮਾਰਟ ਮੀਟਰ ਲਾਏ ਸਨ ਤਾਂ ਉਸ ਸਮੇਂ ਅਫਸਰਾਂ ਨੂੰ ਹਦਾਇਤ ਕੀਤੀ ਸੀ ਕਿ ਮੀਟਰ ਦਾ ਰਿਚਾਰਜ ਬਿਜਲੀ ਸਪਲਾਈ ਨਿਰਵਿਘਨ ਜਾਰੀ ਰੱਖਣ ਲਈ ਸਮੇਂ ਸਿਰ ਕਰਾਉਣਾ ਜ਼ਰੂਰੀ ਹੈ।

# ਸਪਤ ਸਿੰਧੂ ਫੋਰਮ ਦੁਆਰਾ ਸ਼ਤਾਯੂ ਸੰਘ ਤੇ ਔਰਤਾਂ ਦੀ ਭਾਗੀਦਾਰੀ ’ਤੇ ਵਿਸ਼ਾਲ ਰਾਸ਼ਟਰੀ ਸਿੰਪੋਜ਼ੀਅਮ ਦਾ ਆਯੋਜਨ

ਚੰਡੀਗੜ੍ਹ 26 ਜੁਲਾਈ। ਸਪਤ ਸਿੰਧੂ ਸੱਭਿਆਚਾਰਕ ਵਿਰਾਸਤ ਫੋਰਮ ਦੇ ਬੈਨਰ ਹੇਠ ਅਤੇ ਡਾ. ਵਰਿੰਦਰ ਗਰਗ ਅਤੇ ਉਨ੍ਹਾਂ ਦੀ ਟੀਮ ਦੀ ਅਗਵਾਈ ਹੇਠ ਐਨਆਈਟੀਟੀਆਰ, ਚੰਡੀਗੜ੍ਹ ਵਿਖੇ ਸ਼ਤਾਯੂ ਸੰਘ ਅਤੇ ਔਰਤਾਂ ਦੀ ਭਾਗੀਦਾਰੀ ਵਿਸ਼ੇ ’ਤੇ ਇੱਕ ਰਾਸ਼ਟਰੀ ਸਿੰਪੋਜ਼ੀਅਮ ਦਾ ਆਯੋਜਨ ਕੀਤਾ ਗਿਆ। ਪ੍ਰਸਿੱਧ ਲੇਖਕ ਡਾ. ਸ਼ੋਭਾ ਵਿਜੇਂਦਰ ਦੀ ਐਨਜੀਓ ’ਸੰਪੂਰਨਾ’ ਦੇ ਸਹਿਯੋਗ ਨਾਲ ਆਯੋਜਿਤ, ਇਹ ਸਮਾਗਮ ਉਨ੍ਹਾਂ ਦੀ ਕਿਤਾਬ ਅਤੇ ਮਹਿਲਾ ਸਸ਼ਕਤੀਕਰਨ ਦੇ ਵਿਸ਼ੇ ’ਤੇ ਕੇਂਦਰਿਤ ਸੀ। 350 ਤੋਂ ਵੱਧ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ, ਜਿਸ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਵੀ ਸ਼ਾਮਲ ਸਨ, ਮੁੱਖ ਬੁਲਾਰੇ ਡਾ. ਸ਼ੋਭਾ ਵਿਜੇਂਦਰ ਨੇ ਕਿਹਾ ਕਿ ਇਤਿਹਾਸਕ ਸਬੂਤਾਂ ਦੇ ਆਧਾਰ ’ਤੇ, ਔਰਤਾਂ ਨੇ ਸੰਘ ਦੇ 100 ਸਾਲਾਂ ਦੇ ਸਫ਼ਰ ਅਤੇ ਰਾਸ਼ਟਰ ਨਿਰਮਾਣ ਵਿੱਚ ਮਾਤ੍ਰਸ਼ਕਤੀ (ਮਾਤ੍ਰ ਸ਼ਕਤੀ) ਵਜੋਂ ਮੋਹਰੀ ਭੂਮਿਕਾ ਨਿਭਾਈ ਹੈ। ਗੁਲਾਬ ਚੰਦ ਕਟਾਰੀਆ (ਰਾਜਪਾਲ, ਪੰਜਾਬ): ਕਿਤਾਬ ਨੂੰ ਇੱਕ ਇਤਿਹਾਸਕ ਦਸਤਾਵੇਜ਼ ਦੱਸਦਿਆਂ, ਉਨ੍ਹਾਂ ਕਿਹਾ ਕਿ ’ਵਿਕਸਤ ਭਾਰਤ’ (ਵਿਕਸਿਤ ਭਾਰਤ) ਔਰਤ ਸ਼ਕਤੀ ਤੋਂ ਬਿਨਾਂ ਸੰਭਵ ਨਹੀਂ ਹੈ। ਪ੍ਰਦੀਪ ਜੋਸ਼ੀ (ਸੰਯੁਕਤ ਪ੍ਰਚਾਰ ਮੁਖੀ, ਆਰਐਸਐਸ): ਗਾਰਗੀ ਤੋਂ ਮਾਈ ਭਾਗੋ ਤੱਕ ਦੀਆਂ ਉਦਾਹਰਣਾਂ ਦਾ ਹਵਾਲਾ ਦਿੰਦੇ ਹੋਏ, ਭਾਰਤੀ ਸਭਿਅਤਾ ਵਿੱਚ ਔਰਤਾਂ ਦੀ ਨਿਰੰਤਰ ਅਗਵਾਈ ’ਤੇ ਚਾਨਣਾ ਪਾਇਆ। ਵਿਜੇਂਦਰ ਗੁਪਤਾ (ਸਪੀਕਰ, ਦਿੱਲੀ ਅਸੈਂਬਲੀ): ਔਰਤਾਂ ਦੇ ਸਸ਼ਕਤੀਕਰਨ ’ਤੇ ਸਕਾਰਾਤਮਕ ਸੰਵਾਦ ਨੂੰ ਉਤਸ਼ਾਹਿਤ ਕਰਨ ਲਈ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ। ਵਿਸ਼ੇਸ਼ ਮਹਿਮਾਨ: ਡਾ. ਜੋਤੀ ਚੌਥਾਈਵਾਲੇ, ਡਾ. ਮੁਕਤਾ ਸ਼ਰਮਾ, ਅਤੇ ਅਦਾਕਾਰਾ ਸਤਿੰਦਰ ਕੌਰ ਸੱਤੀ ਨੇ ਵੀ ਔਰਤਾਂ ਦੀ ਅਗਵਾਈ ’ਤੇ ਆਪਣੇ ਵਿਚਾਰ ਸਾਂਝੇ ਕੀਤੇ। ਡਾ. ਵਰਿੰਦਰ ਗਰਗ ਅਤੇ ਸਪਤ ਸਿੰਧੂ ਟੀਮ ਦੇ ਕੁਸ਼ਲ ਪ੍ਰਬੰਧਨ ਹੇਠ ਆਯੋਜਿਤ, ਇਹ ਸਫਲ ਪ੍ਰੋਗਰਾਮ ਰਾਸ਼ਟਰੀ ਗੀਤ ਨਾਲ ਸਮਾਪਤ ਹੋਇਆ।

# ਝੋਨੇ ’ਚ ਮਧਰੇਪਣ ਦੇ ਰੋਗ ਪ੍ਰਤੀ ਸੁਚੇਤ ਰਹਿਣ ਕਿਸਾਨ, ਮਾਹਿਰਾਂ ਦੀ ਸਲਾਹ ਬਿਨਾਂ ਨਾ ਕਰਨ...

ਕੌਮੀ ਪਤ੍ਰਿਕਾ

ਫ਼ਿਰੋਜ਼ਪੁਰ 26 ਜੁਲਾਈ। ਪੀ. ਏ. ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਫ਼ਿਰੋਜ਼ਪੁਰ ਦੀ ਟੀਮ ਵੱਲੋਂ ਡਿਪਟੀ ਡਾਇਰੈਕਟਰ ਡਾ. ਗੁਰਮੇਲ ਸਿੰਘ ਸੰਧੂ ਦੀ ਯੋਗ ਅਗਵਾਈ ਹੇਠ ਜ਼ਿਲ੍ਹੇ ਦੇ ਵੱਖ-ਵੱਖ ਪਿੰਡ ਰੁਕਨੇ ਵਾਲਾ, ਹਾਮਦ ਵਾਲਾ, ਆਰਿਫ਼ ਕੇ, ਵਾਕਾ ਮੌੜ, ਕਰੀ ਕਲਾਂ, ਅਲਫੂ ਕੇ, ਲੱਖੋ ਕੇ ਬਹਿਰਾਮ ਅਤੇ ਚੱਕ ਹਾਰਾਜ਼ ਬੈਰਕਾਂ ’ਚ ਝੋਨੇ ਦੀ ਫ਼ਸਲ ਦਾ ਸਰਵੇਖਣ ਕਰਕੇ ਮਧਰੇਪਣ ਰੋਗ ਦੀ ਸਥਿਤੀ ਦਾ ਜਾਇਜ਼ਾ ਲਿਆ ਗਿਆ। ਡਾ. ਗੁਰਮੇਲ ਸਿੰਘ ਸੰਧੂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਤਾਂ ਦਾ ਲਗਾਤਾਰ ਦੌਰਾ ਕਰਨ ਅਤੇ ਕਿਸੇ ਵੀ ਕੀੜੇ ਜਾਂ ਬੀਮਾਰੀ ਦੇ ਸ਼ੁਰੂਆਤੀ ਲੱਛਣਾਂ ਨੂੰ ਨਜ਼ਰ-ਅੰਦਾਜ਼ ਨਾ ਕਰਨ। ਉਨ੍ਹਾਂ ਕਿਹਾ ਕਿ ਬਿਨਾਂ ਮਾਹਿਰਾਂ ਦੀ ਸਲਾਹ ਦੇ ਕੀਟਨਾਸ਼ਕਾਂ ਦੀ ਵਰਤੋਂ ਨਾ ਕੀਤੀ ਜਾਵੇ ਅਤੇ ਕਿਸੇ ਵੀ ਸ਼ੱਕੀ ਸਥਿਤੀ ’ਚ ਤੁਰੰਤ ਕ੍ਰਿਸ਼ੀ ਵਿਗਿਆਨ ਕੇਂਦਰ ਜਾਂ ਖੇਤੀਬਾੜੀ ਮਾਹਿਰਾਂ ਨਾਲ ਸੰਪਰਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਮੇਂ ਸਿਰ ਕੀਤੀ ਗਈ ਨਿਗਰਾਨੀ ਅਤੇ ਵਿਗਿਆਨਕ ਪ੍ਰਬੰਧ ਨਾਲ ਫ਼ਸਲ ਨੂੰ ਸੰਭਾਵੀ ਆਰਥਿਕ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ। ਡਾ. ਹਰਵਿੰਦਰ ਸਿੰਘ ਬੁੱਟਰ, ਸਹਾਇਕ ਪ੍ਰੋਫ਼ੈਸਰ (ਪੌਦ ਸੁਰੱਖਿਆ) ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਝੋਨੇ ਦੇ ਬੂਟਿਆਂ ਦਾ ਮੱਧਰੇ ਰਹਿ ਜਾਣਾ ਇੱਕ ਵਿਸ਼ਾਣੂ ਰੋਗ ਹੈ ਅਤੇ ਇਸ ਰੋਗ ਨਾਲ ਪ੍ਰਭਾਵਿਤ ਬੂਟੇ ਮਧਰੇ, ਪੱਤੇ ਨੋਕਦਾਰ ਅਤੇ ਬੂਟਿਆਂ ਦੀਆਂ ਜੜ੍ਹਾਂ ਘੱਟ ਡੂੰਘੀਆਂ ਰਹਿ ਜਾਂਦੀਆਂ ਹਨ। ਪ੍ਰਭਾਵਿਤ ਬੂਟਿਆਂ ਦੀ ਉਚਾਈ ਆਮ ਬੂਟਿਆਂ ਨਾਲੋਂ ਅੱਧੀ ਜਾਂ ਇੱਕ ਤਿਹਾਈ ਰਹਿ ਜਾਂਦੀ ਹੈ। ਰੋਗ ਦੇ ਜ਼ਿਆਦਾ ਹਮਲੇ ਕਾਰਨ ਕਈ ਵਾਰ ਮੁੰਜਰਾਂ ’ਚ ਦਾਣੇ ਨਹੀਂ ਬਣਦੇ ਅਤੇ ਬੂਟੇ ਮੁਰਝਾ ਕੇ ਸੁੱਕ ਵੀ ਜਾਂਦੇ ਹਨ। ਇਸ ਨਾਲ ਝਾੜ ’ਚ



ਕਾਫ਼ੀ ਨੁਕਸਾਨ ਹੋ ਸਕਦਾ ਹੈ। ਇਹ ਵਿਸ਼ਾਣੂ ਰੋਗ ਝੋਨੇ ਦੀਆਂ ਸਾਰੀਆਂ ਕਿਸਮਾਂ ’ਤੇ ਹਮਲਾ ਕਰ ਸਕਦਾ ਹੈ। ਝੋਨੇ ਉੱਪਰ ਇਸ ਵਿਸ਼ਾਣੂ ਰੋਗ ਨੂੰ ਚਿੱਟੀ ਪਿੱਠ ਵਾਲਾ ਟਿੱਡਾ ਫੈਲਾਉਂਦਾ ਹੈ। ਇਸ ਲਈ ਰੋਗ ਦੀ ਸ਼ੁਰੂਆਤੀ ਲਾਗ ਨੂੰ ਅਤੇ ਬਾਅਦ ’ਚ ਫੈਲਾਅ ਨੂੰ ਰੋਕਣ ਲਈ ਚਿੱਟੀ ਪਿੱਠ ਵਾਲੇ ਟਿੱਡੇ ਦੀ ਪਛਾਣ ਜ਼ਰੂਰੀ ਹੈ। ਇਸ ਕੀੜੇ ਦੇ ਨਵੇਂ ਨਿਕਲੇ ਬੱਚੇ ਸਲੇਟੀ ਚਿੱਟੇ ਰੰਗ ਦੇ ਹੁੰਦੇ ਹਨ, ਜਿਹੜੇ ਬਾਅਦ ਵਿੱਚ ਗੂੜੇ ਸਲੇਟੀ ਰੰਗ ਦੇ ਹੋ ਜਾਂਦੇ ਹਨ। ਇਸ ਦੇ ਬਾਲਗ ਦੀ ਪਿੱਠ ਤੇ ਬਰੀਕ ਚਿੱਟੀ ਪੱਟੀ ਹੁੰਦੀ ਹੈ, ਜੋ ਕਿ ਇਨ੍ਹਾਂ ਦੇ ਉੱਪਰਲੇ ਪਾਸੇ ਦਿਖਾਈ ਦਿੰਦੀ ਹੈ ਅਤੇ ਇੱਕ ਕਾਲਾ ਧੱਬਾ ਅਗਲੇ ਖੰਭਾਂ ਦੇ ਪਿਛਲੇ ਪਾਸੇ ਦੇ ਵਿੱਚਕਾਰ ਦਿਖਾਈ ਦਿੰਦਾ ਹੈ। ਡਾ. ਗੁਰਮੇਲ ਸਿੰਘ ਸੰਧੂ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਹਫ਼ਤੇ ’ਚ ਘੱਟੋ-ਘੱਟ ਇੱਕ ਵਾਰ ਖੇਤ ਦਾ ਸਰਵੇਖਣ ਜ਼ਰੂਰ ਕੀਤਾ ਜਾਵੇ। ਖੇਤ ’ਚ ਇਸ ਟਿੱਡੇ ਦੀ ਮੌਜੂਦਗੀ ਦੀ ਜਾਂਚ ਲਈ ਕੁੱਝ ਕੁ ਬੂਟਿਆਂ ਨੂੰ ਟੇਢੇ ਕਰਕੇ ਹੇਠਾਂ ਤੋਂ 2-3 ਵਾਰੀ ਝਾੜੋ। ਜੇਕਰ ਇਸ ਦੇ ਨਿੰਫ ਜਾਂ ਬਾਲਗ ਟਿੱਡੇ ਪਾਣੀ ’ਤੇ ਤਰਦੇ ਨਜ਼ਰ ਆਉਣ ਤਾਂ ਫ਼ਸਲ ਉੱਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫ਼ਾਰਸ਼ਾਂ ਅਨੁਸਾਰ ਹੀ ਕੀਟਨਾਸ਼ਕ ਦੀ ਵਰਤੋਂ ਕਰੋ। ਟਿੱਡੇ ਦੀ ਆਮਦ ਦੇਖਣ ਲਈ ਰਾਤ ਨੂੰ ਖੇਤ ਨੇੜੇ ਬੱਲਬ ਜਗਾ ਕੇ ਰੱਖੋ ਕਿਉਂਕਿ ਇਹ ਕੀੜਾ ਰੌਸ਼ਨੀ ਵੱਲ ਆਕਰਸ਼ਿਤ ਹੁੰਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਖੇਤ ’ਚ ਮਧਰੇਪਣ ਰੋਗ ਨਾਲ ਪ੍ਰਭਾਵਿਤ ਬੂਟੇ ਨਜ਼ਰ ਆਉਣ ਤਾਂ ਉਨ੍ਹਾਂ ਨੂੰ ਸ਼ੁਰੂਆਤੀ ਪੜਾਅ ’ਚ ਹੀ ਪੁੱਟ ਕੇ ਡੂੰਘਾ ਦੱਬ ਦਿੱਤਾ ਜਾਵੇ ਤਾਂ ਜੋ ਰੋਗ ਦਾ ਫੈਲਾਅ ਰੋਕਿਆ ਜਾ ਸਕੇ। ਇਸ ਤੋਂ ਇਲਾਵਾ ਖੇਤ ਦੀਆਂ ਵੱਟਾਂ, ਬੰਨ੍ਹਾਂ ਅਤੇ ਖਾਲਾਂ ਨੂੰ ਨਦੀਨਾਂ ਤੋਂ ਸਾਫ਼ ਰੱਖਿਆ ਜਾਵੇ, ਪਿਛਲੇ ਸਾਲ ਪ੍ਰਭਾਵਿਤ ਰਹੇ ਖੇਤਾਂ ’ਤੇ ਵਿਸ਼ੇਸ਼ ਨਿਗਰਾਨੀ ਰੱਖੀ ਜਾਵੇ ਅਤੇ ਨਾਈਟ?ਰੋਜਨ ਵਾਲੀਆਂ ਖਾਦਾਂ ਦੀ ਵਰਤੋਂ ਸਿਫ਼ਾਰਸ਼ ਕੀਤੀ ਮਾਤਰਾ ਅਨੁਸਾਰ ਹੀ ਕੀਤੀ ਜਾਵੇ। ਦੌਰੇ ਦੌਰਾਨ ਡਾ. ਬੀ ਐੱਸ ਸੇਖੋਂ, ਸਹਾਇਕ ਪ੍ਰੋਫੈਸਰ (ਸਬਜ਼ੀ ਵਿਗਿਆਨ) ਨੇ ਸਬਜ਼ੀਆਂ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ ਪੀ. ਏ.ਯੂ . ਦੀਆਂ ਸਿਫਾਰਸ਼ ਕਿਸਮਾਂ ਅਪਨਾਉਣ ਸਬੰਧੀ ਪ੍ਰੇਰਿਤ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਕਿਸਾਨਾਂ ਨੂੰ ਆ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਪੀ. ਏ. ਯੂ. ਲੁਧਿਆਣਾ ਦੀਆਂ ਸਿਫਾਰਸ਼ਾਂ ਅਨੁਸਾਰ ਸੁਝਾਅ ਦਿੱਤੇ।